Digitized by Arya Samaj Foundation Chennai and eGangotri

ਅਮਰੀਕ ਸਿੰਘ ਪੂਨੀ

ਸਾਹਿਤ ਸਿਧਾਂਤ ਅਤੇ ਸਮੀਖਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਅਧਿਆਪਨ ਅਤੇ ਸਮੀਖਿਆ ਦੇ ਖੇਤਰ ਵਿਚ **ਡਾ. ਅਮਰੀਕ ਸਿੰਘ ਪੁੰਨੀ** ਇਕ ਪ੍ਰਮਾਣਿਕ ਨਾਮ ਹੈ। ਇਸ ਵਿਦਵਾਨ ਦਾ ਅਧਿਐਨ ਖੇਤਰ ਕਾਵਿ, ਕਾਵਿ-ਸ਼ਾਸਤ੍ਰ ਅਤੇ ਇਸ ਸ਼ਾਸਤ੍ਰ ਦੇ ਆਧਾਰ ਤੇ ਆਧੁਨਿਕ ਪੰਜਾਬੀ ਕਾਵਿ-ਅਧਿਐਨ ਦੇ ਪ੍ਰਤੀਮਾਨ ਨੂੰ ਨਿਸ਼ਚਿਤ ਕਰਨ ਵਾਲਾ ਹੈ। ਹੁਣ ਤੀਕ ਡਾ. ਪੁੰਨੀ ਆਪਣੀ ਇਸੇ ਯੋਗਤਾ/ ਪ੍ਰਤੀਯੋਗਤਾ ਵਿਚੋਂ ਪੰਜਾਬੀ ਸਮੀਖਿਆ ਜਗਤ ਨੂੰ ਕ੍ਰਮਵਾਰ ***'ਸਿਰਜਣਾ ਤੇ ਸਮੀਖਿਆ'*** ਅਤੇ ***'ਪੂਰਨ ਸਿੰਘ ਕਾਵਿ-ਅਧਿਐਨ'*** ਦੇ ਚੁਕਾ ਹੈ। ਇਨ੍ਹਾਂ ਪੁਸਤਕਾਂ ਦੇ ਪਾਠ ਨੂੰ ਗੰਭੀਰ ਦ੍ਰਿਸ਼ਟੀ ਤੋਂ ਗ੍ਰਹਿਣ ਕਰਨ ਵਾਲਾ ਪਾਠਕ ਇਹ ਗਲ ਭਲੀ ਪ੍ਰਕਾਰ ਜਾਣ ਜਾਂਦਾ ਹੈ ਕਿ ਡਾ. ਅਮਰੀਕ ਸਿੰਘ ਪੁੰਨੀ ਨੇ ਕਲਾਸਕੀ ਕਾਵਿ-ਸ਼ਾਸਤ੍ਰ ਦੀ ਪੂਰਬੀ ਅਤੇ ਪੱਛਮੀ ਪਰੰਪਰਾ ਤੋਂ ਆਪਣੀ ਗਲ ਆਰੰਭ ਕੇ ਸਮਕਾਲੀ ਸਮੀਖਿਆ-ਦ੍ਰਿਸ਼ ਵਿਚ ਵਿਸ਼ਵ ਪੱਧਰ ਤੇ ਸਥਾਪਿਤ ਹੋ ਰਹੇ ਪ੍ਰਤੀਮਾਨਾ ਨਾਲ ਆਪਣੀ ਸਾਂਝ ਪਾਉਣ ਦਾ ਯਤਨ ਕੀਤਾ ਹੈ। ਇਸ ਤੋਂ ਵਿਦਵਾਨ ਦੀ ਨਿਰੰਤਰ ਸਾਧਨਾ ਤੇ ਗਿਆਨ ਜਿਗਿਆਸਾ ਦਾ ਪਤਾ ਲਗਦਾ ਹੈ। ਇਕ ਸੁਯੋਗ ਵਿਦਵਾਨ ਦੀ ਖੋਜ ਅਤੇ ਅਨੁਸੰਧਾਨ ਦੀ ਪ੍ਰਕਿਰਿਆ ਇਸੇ ਪ੍ਰਵਿਰਤੀ ਉਪਰ ਆਧਾਰਿਤ ਹੁੰਦੀ ਹੈ। ਹਥਲੀ ਪੁਸਤਕ ਜੋ ਆਧੁਨਿਕ ਪੰਜਾਬੀ ਕਵਿਤਾ ਦੇ ਕਈ ਪਹਿਲੂਆਂ ਨਾਲ ਸੰਬੰਧਿਤ ਨਿਬੰਧਾਂ ਦਾ ਸੰਗ੍ਰਹਿ ਹੈ, ਨੂੰ ਉਪਰੋਕਤ ਵਿਚ ਕਥਿਤ ਕਾਵਿ-ਸ਼ਾਸਤ੍ਰੀ ਜ਼ਮੀਨ ਦੇ ਆਧਾਰ ਤੇ ਪੜ੍ਹਿਆ ਜਾ ਸਕਦਾ ਹੈ। ਇਸ ਪੱਖ ਤੋਂ ਇਹ ਪੁਸਤਕ ਨਿਸ਼ਚੇ ਹੀ ਇਕ ਵਰਨਣਯੋਗ ਦੇਣ ਹੈ। ਪੁਸਤਕ ਦੇ ਪਾਠ ਤੋਂ ਇਹ ਗਲ ਵੀ ਪਤਾ ਲਗਦੀ ਹੈ ਕਿ ਇਸ ਪੁਸਤਕ ਦੇ ਗਹਿਨ ਅਵਚੇਤਨ ਵਿਚ ਇਕ ਐਸਾ ਪੈਰਾਡਾਈਮ ਪ੍ਰਸਤੁਤ ਹੋਇਆ ਹੈ ਜਿਸ ਵਿਚ ਗਿਆਨ-ਸ਼ਾਸਤ੍ਰੀ ਮਾਰਗ ਦੀਆਂ ਉਤਪਾਦਨੀ ਸੰਭਾਵਨਾਵਾਂ ਮੌਜੂਦ ਹਨ।

ਪ੍ਰੋ. ਤਰਲੋਕ ਸਿੰਘ ਕੰਵਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय
गुरुकुल कांगड़ी विश्वविद्यालय

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤ ਸਿਧਾਂਤ ਅਤੇ ਸਮੀਖਿਆ

गुरुकुल कांगड़ी विश्वविद्यालय

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਵਚਿੰਤਨ ਪ੍ਰਕਾਸ਼ਨ, ਨਵੀਂ ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤ ਸਿਧਾਂਤ ਅਤੇ ਸਮੀਖਿਆ

8550 DONATION

ਅਮਰੀਕ ਸਿੰਘ ਪੁੰਨੀ

FORWARDED FREE OF COST &
WITH THE COMPLIMENTS OF
THE DEPARTMENT OF
EDUCATION GOVT. OF INDIA
NEW DELHI.

ਨਵਚਿੰਤਨ ਪ੍ਰਕਾਸ਼ਨ
3013/12-ਏ, ਰਣਜੀਤ ਨਗਰ, ਨਵੀਂ ਦਿੱਲੀ – 110008

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

SAHIT SIDDANT ATE SAMEEKHYA
by
DR. AMRIK SINGH PUNNI

© ਲੇਖਕ
ਪ੍ਰਥਮ ਸੰਸਕਰਣ : 1993
ਲੇਜ਼ਰ ਟਾਈਪਸੈੱਟ : ਫਾਈਨ ਇੰਪਰੇਸ਼ਨਜ਼, ਨਵੀਂ ਦਿੱਲੀ - 110026
ਮੁਦ੍ਰਕ : ਏਸ਼ੀਅਨ ਪਬਲਿਸ਼ਿੰਗ ਕੰਪਨੀ, ਗ੍ਰੇਟਰ ਕੈਲਾਸ਼, ਨਵੀਂ ਦਿੱਲੀ
ਪ੍ਰਕਾਸ਼ਕ : ਨਵਚਿੰਤਨ ਪ੍ਰਕਾਸ਼ਨ,
3013/12-ਏ, ਰਣਜੀਤ ਨਗਰ, ਨਵੀਂ ਦਿੱਲੀ - 110008
ਫੋਨ : 5709208
ਕਵਰ ਡਿਜ਼ਾਇਨ : ਜੀ.ਐਸ. ਜਸਵੰਤ ਸਿੰਘ
ਮੁੱਲ : 125 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਦਰਸ਼ਨ ਕੌਰ ਪੁੰਨੀ ਦੇ ਨਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਮਰੀਕ ਸਿੰਘ ਪੁੰਨੀ ਦੀਆਂ ਹੋਰ ਪੁਸਤਕਾਂ :

1. ਸਿਰਜਣਾ ਅਤੇ ਸਮੀਖਿਆ, 1976
2. ਪੂਰਨ ਸਿੰਘ ਕਾਵਿ-ਅਧਿਅਨ, 1979
3. ਦੂਜਾ ਸੂਰਜ (ਸੰਪਾਦਿਤ ਕਾਵਿ-ਸੰਗ੍ਰਹਿ), 1982
4. ਸ਼ਿਵ ਕੁਮਾਰ : ਰਚਨਾ ਸੰਸਾਰ (ਸੰਪਾਦਿਤ), 1989
5. ਪੂਰਨ ਸਿੰਘ ਦੇ 'ਖੁਲ੍ਹੇ ਲੇਖ' (ਸੰਪਾਦਿਤ) ਪ੍ਰਕਾਸ਼ਤ ਅਧੀਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ 9

1. ਭਾਰਤੀ ਕਾਵਿ-ਸ਼ਾਸਤ੍ਰ : ਮਹਤੱਤਾ ਅਤੇ ਪ੍ਰਾਸੰਗਿਕਤਾ 16
2. ਪੂਰਨ ਸਿੰਘ ਦੀ ਕਾਵਿ-ਦ੍ਰਿਸ਼ਟੀ 23
3. ਅਨੁਕਰਣ ਸਿਧਾਂਤ : ਇਕ ਪਰਿਪੇਖ 30
4. ਕੈਥਾਰਸਿਸ : ਤ੍ਰਾਸਦੀ ਦਾ ਪ੍ਰਯੋਜਨ 36
5. ਉਦਾਤ ਦਾ ਸਰੂਪ 44
6. ਆਧੁਨਿਕ ਪੰਜਾਬੀ ਕਵਿਤਾ ਦੇ ਅਧਿਐਨ, ਅਧਿਆਪਨ ਅਤੇ ਖੋਜ ਦੀਆਂ ਸਮੱਸਿਆਵਾਂ 52
7. ਭਾਈ ਵੀਰ ਸਿੰਘ ਅਤੇ ਪੂਰਨ ਸਿੰਘ-ਕਾਵਿ : ਤੁਲਨਾਤਮਕ ਅਧਿਐਨ 62
8. ਪੂਰਨ ਸਿੰਘ ਦਾ ਕਾਵਿ-ਜਗਤ 72
9. ਪੂਰਨ ਸਿੰਘ ਦੀ ਪੰਜਾਬ ਅਤੇ ਪੰਜਾਬੀਅਤ ਨਾਲ ਸੰਬੰਧਿਤ ਕਵਿਤਾ 91
10. ਸ਼ਿਵ ਕੁਮਾਰ ਦੀ ਲੂਣਾ : ਔਰਤ ਦਾ ਬਿੰਬ 99
11. ਹਰਿਭਜਨ ਸਿੰਘ ਕਾਵਿ-ਅਧਿਐਨ 105
12. ਜੁਗਿੰਦਰ ਅਮਰ ਦੀ ਕਾਵਿ-ਯਾਤ੍ਰਾ 119

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ

ਹਥਲੀ ਪੁਸਤਕ 'ਸਾਹਿਤ-ਸਿਧਾਂਤ ਅਤੇ ਸਮੀਖਿਆ', ਤੁਲਨਾਤਮਕ ਕਾਵਿ-ਸ਼ਾਸਤ੍ਰ ਤੋਂ ਆਰੰਭ ਹੋਕੇ ਆਧੁਨਿਕ ਪੰਜਾਬੀ ਸਾਹਿਤ ਨਾਲ ਸੰਬੰਧਿਤ ਕੁਝ ਪ੍ਰਤਿਨਿਧ ਲੇਖਕਾਂ ਦੀਆਂ ਰਚਨਾਵਾਂ ਦਾ ਅਧਿਐਨ ਕਰਨ ਵਲ ਰੁਚਿਤ ਹੈ। ਪੁਸਤਕ ਦੀ ਰੂਪ ਰੇਖਾ ਇਸ ਪ੍ਰਕਾਰ ਦੀ ਹੈ ਕਿ ਇਸਨੂੰ ਸ਼ਾਸਤ੍ਰੀ ਤੇ ਵਿਹਾਰਿਕ ਪਰਿਪੇਖ ਵਿਚ ਵੰਡ ਦੇ ਪ੍ਰਸਤੁਤ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸੇ ਲਈ ਇਸ ਪੁਸਤਕ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪ੍ਰਥਮ ਖੰਡ ਵਿਚ ਸਾਰੇ ਨਿਬੰਧ ਕਾਵਿ ਅਤੇ ਸਾਹਿਤ ਦੇ ਸ਼ਾਸਤ੍ਰੀ ਸਿਧਾਂਤਾ ਨਾਲ ਸੰਬੰਧਿਤ ਹਨ ਅਤੇ ਇਨ੍ਹਾਂ ਵਿਚ ਭਾਰਤੀ ਅਤੇ ਪੱਛਮੀ ਕਾਵਿ-ਸ਼ਾਸਤ੍ਰ ਦੇ ਉੱਘੇ ਵਿਦਵਾਨਾਂ ਦੀਆਂ ਬੁਨਿਆਦੀ ਮਹੱਤਵ ਵਾਲੀਆਂ ਧਾਰਨਾਵਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਉਦਾਹਰਣ ਵਜੋਂ ਇਸ ਖੰਡ ਵਿਚ ਪੱਛਮੀ ਕਾਵਿ-ਸ਼ਾਸਤ੍ਰ ਦੀ ਪਰੰਪਰਾ ਨੂੰ ਰੂੜ੍ਹ ਕਰਨ ਵਾਲੇ ਵਿਦਵਾਨ ਅਰਸਤੂ ਅਤੇ ਲੌਨਜਾਈਨਸ ਦੇ ਵਿਚਾਰਾਂ ਨੂੰ ਪੇਸ਼ ਕੀਤਾ ਗਿਆ ਹੈ ਅਤੇ ਇਸਦੇ ਨਾਲ ਹੀ ਕੁਝ ਅਜਿਹੇ ਨਿਬੰਧ ਵੀ ਸ਼ਾਮਿਲ ਹਨ ਜੋ ਭਾਰਤੀ ਕਾਵਿ-ਸ਼ਾਸਤ੍ਰ ਨਾਲ ਸੰਬੰਧਿਤ ਹਨ। ਇਸ ਤਰ੍ਹਾਂ ਇਹ ਪੁਸਤਕ ਪੱਛਮੀ ਅਤੇ ਭਾਰਤੀ ਕਾਵਿ-ਸ਼ਾਸਤ੍ਰ ਦੀ ਪਰੰਪਰਾ ਦੇ ਤੁਲਨਾਤਮਕ ਪਰਿਪੇਖ ਉਪਰ ਆਧਾਰਿਤ ਹੈ। ਵਿਸ਼ੇਸ਼ ਕਰਕੇ, ਜਿਵੇਂ ਕਿ ਉਪਰ ਕਿਹਾ ਗਿਆ ਹੈ, ਪੁਸਤਕ ਦਾ ਪਹਿਲਾ ਭਾਗ ਇਸ ਤੁਲਨਾਤਮਕ ਕਾਵਿ-ਸ਼ਾਸਤ੍ਰ ਦਾ ਦ੍ਰਿਸ਼ ਪ੍ਰਸਤੁਤ ਕਰਦਾ ਹੈ। ਜਦੋਂ ਪੁਸਤਕ ਦੇ ਇਸ ਭਾਗ ਦਾ ਟਿਪਣੀਸ਼ੀਲ ਅਧਿਐਨ ਕੀਤਾ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਇਸ ਵਿਚ ਪ੍ਰਥਮ ਸਥਾਨ ਲਿਖਤ ਦੀ ਅਤਿਅੰਤ ਉਚੇਰੀ ਕੋਟੀ ਨੂੰ ਦਿੱਤਾ ਗਿਆ ਹੈ। ਅਤੇ ਇਸ ਉਚੇਰੀ ਕੋਟੀ ਦੀ ਲਿਖਤ ਦੀ ਪ੍ਰਮਾਣਿਕਤਾ ਨੂੰ ਸਮਰਥਨ ਤੇ ਪ੍ਰੋੜ੍ਹਤਾ ਯੂਨਾਨੀ-ਰੋਮਨ ਕਾਵਿ-ਸ਼ਾਸਤ੍ਰ ਦੇ ਪ੍ਰਤੀਨਿਧ ਵਿਦਵਾਨ ਲੌਨਜਾਈਨਸ ਦੀ ਧਾਰਨਾ ਤੋਂ ਪ੍ਰਾਪਤ ਹੁੰਦਾ ਹੈ। ਲੌਨਜਾਈਨਸ ਸੰਬੰਧੀ ਇਸ ਪੁਸਤਕ ਵਿਚ ਇਕ ਭਾਵ ਪੂਰਤ ਨਿਬੰਧ ਸ਼ਾਮਿਲ ਹੈ ਜੋ ਲਿਖਤ ਦੇ ਆਦਰਸ਼ ਪੈਮਾਨੇ ਨੂੰ ਨਿਸ਼ਚਿਤ ਕਰਦਾ ਹੈ। ਇਹ ਆਦਰਸ਼ ਪੈਮਾਨਾ ਲੇਖਕ ਦੀ ਉਦਾਤ ਦ੍ਰਿਸ਼ਟੀ ਤੇ ਉਸ ਤੋਂ ਉਪਰੰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਉਦਾਤ ਦ੍ਰਿਸ਼ਟੀ ਨੂੰ ਅਭਿਵਿਅੰਜਨਾ ਪ੍ਰਦਾਨ ਕਰਨ ਵਾਲੀ ਉਚਿਤ ਪ੍ਰਕਾਰ ਦੀ ਭਾਸ਼ਾ ਤੇ ਸ਼ੈਲੀ ਉਪਰ ਆਧਾਰਿਤ ਹੈ। ਇਸ ਗੱਲ ਨੂੰ ਆਧਾਰ ਬਣਾਦਿਆਂ ਪੁਸਤਕ ਦੇ ਇਸ ਖੰਡ ਵਿਚ ਅਰਸਤੂ ਦੇ ਕਾਵਿ-ਸ਼ਾਸਤ੍ਰ ਦੀਆਂ ਬੁਨਿਆਦੀ ਧਾਰਨਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪੁਸਤਕ ਵਿਚ ਇਸ ਨਾਲ ਸੰਬੰਧਿਤ ਦੋ ਨਿਬੰਧ ਹਨ। ਪਹਿਲਾ ਨਿਬੰਧ ਅਨੁਕਰਣ ਸਿਧਾਂਤ ਨਾਲ ਸੰਬੰਧਿਤ ਹੈ। ਅਨੁਕਰਣ ਸਿਧਾਂਤ ਪੱਛਮੀ ਕਾਵਿ-ਸ਼ਾਸਤ੍ਰ ਨੂੰ ਕਲਾਕਸੀ ਯੂਨਾਨ ਦੀ ਮਹਤਵੱਸ਼ੀਲ ਦੇਣ ਹੈ, ਜੋ ਚਿੰਤਨ ਕਾਲ ਤੋ ਲੈਕੇ ਅਜ ਦੇ ਸਮੇਂ ਤੀਕ ਚਲੀ ਆਈ ਹੈ। ਸਮਕਾਲੀ ਕਾਵਿ-ਸ਼ਾਸਤ੍ਰੀ ਹਲਕਿਆਂ ਵਿਚ ਇਸ ਧਾਰਨਾ ਨੂੰ ਵਿਵਾਦ ਦਾ ਵਿਸ਼ਾ ਬਣਾਉਣ ਤੋਂ ਵੀ ਪ੍ਰਭਾਵ ਇਸ ਦੀ ਮਹਤੱਤਾ ਦਾ ਹੀ ਪੈਂਦਾ ਹੈ। ਅਸਲ ਵਿਚ ਅਨੁਕਰਣ ਯੂਨਾਨ ਦੀ ਲੋਕ-ਪਰੰਪਰਾ ਦੀ ਕੋਟੀ ਹੈ। ਇਸ ਕੋਟੀ ਦੇ ਅੰਤਰਗਤ ਸਮੂਰਤਨ ਦੀ ਪੱਧਰ ਤੇ ਪ੍ਰਗਟ ਹੋਣ ਵਾਲੇ ਗਿਆਨ ਨੂੰ ਗ੍ਰਹਿਣ ਕੀਤਾ ਜਾਦਾ ਹੈ। ਸੁਕਰਾਤ ਦੀ ਮਿਰਤੂ ਉਪਰੰਤ ਜਦੋਂ ਪਲੈਟੋ ਆਪਣੇ ਸਾਹਮਣੇ ਆਦਰਸ਼ ਗਣਤੰਤ੍ਰ ਦੇ ਨਿਰਮਾਨ ਦਾ ਟੀਚਾ ਲੈ ਕੇ ਸਾਹਮਣੇ ਆਉਂਦਾ ਹੈ, ਓਦੋਂ ਉਸਨੂੰ ਅਨੁਕਰਣ ਨਾਲ ਸੰਬੰਧਿਤ ਸਮੂਰਤ ਕੋਟੀ ਵਿਚੋਂ ਤਰਕ ਦੀ ਬਜਾਏ ਵਿਤਰਕ ਨਜ਼ਰ ਆਉਂਦਾ ਹੈ, ਇਸ ਲਈ ਉਹ ਸਚ ਦਾ ਮੁਤਲਾਸ਼ੀ ਹੁੰਦਿਆ ਇਸ ਦਾ ਪੂਰੀ ਤਰ੍ਹਾਂ ਤਿਆਗ ਕਰਨ ਲਈ ਆਪਣਾ ਮਨ ਬਣਾਉਂਦਾ ਹੈ। ਆਪਣੇ ਵਿਚਾਰ ਨੂੰ ਪੱਕੀ ਪੀਡੀ ਅਤੇ ਨਿਆਇਯੁਕਤ ਜ਼ਮੀਨ ਪ੍ਰਦਾਨ ਕਰਨ ਲਈ ਇਸ ਸਾਰੀ ਸਮੱਸਿਆ ਨੂੰ ਆਪਣੇ ਜ਼ਮਾਨੇ ਦੀ ਆਦਰਸ਼ ਵਿਸ਼ਵ-ਦ੍ਰਿਸ਼ਟੀ ਦੇ ਅੰਤਰਗਤ ਲੈ ਜਾਂਦਾ ਹੈ। ਇਹ ਵਿਸ਼ਵ-ਦ੍ਰਿਸ਼ਟੀ ਆਪਣੇ ਸੁਭਾਉ ਵਿਚ ਆਦਰਸ਼ਵਾਦੀ ਅਤੇ ਬ੍ਰਹਮਵਾਦੀ ਹੈ। ਇਸਦੇ ਪੈਂਤੜੇ ਤੋਂ ਵੇਖਿਆਂ ਦੇਸ਼ ਕਾਲ ਦੀਆਂ ਸੀਮਾਵਾਂ ਵਿਚ ਵਿਚਰਦਾ ਸਮੂਰਤ ਸੰਸਾਰ ਆਦਰਸ਼ ਅਤੇ ਬ੍ਰਹਮ ਦੀ ਨਕਲ ਹੈ। ਭਾਵ ਇਹ ਕਿ ਦਿਸਦਾ ਵਸਦਾ ਸੰਸਾਰ ਇਸ ਦ੍ਰਿਸ਼ਟੀ ਦੇ ਮੁਤਾਬਕ ਛਲਾਵਾ ਹੈ ਅਤੇ ਇਸਦਾ ਅਸਲ ਬ੍ਰਹਮ ਤੇ ਆਦਰਸ ਲੋਕ ਵਿਚ ਹੈ। ਪਲੈਟੋ ਦਾ ਮਤ ਹੈ ਕਿ ਇਸ ਤਰ੍ਹਾਂ ਸਾਰਾ ਸੰਸਾਰ ਆਪਣੇ ਸੁਭਾਓ ਤੋਂ ਹੀ ਅਸਲੀਅਤ ਤੋਂ ਇਕ ਕਦਮ ਦੂਰ ਅਨੁਕਰਣ-ਸ਼ੀਲ ਹੈ। ਕਵੀ ਜਾਂ ਕਲਾਕਾਰ ਆਪ ਐਸੇ ਸੰਸਾਰ ਵਿਚੋਂ ਉਪਜਦਾ ਹੈ ਤੇ ਇਸੇ ਸੰਸਾਰ ਦੀਆਂ ਸਮੂਰਤ ਵਸਤਾਂ ਤੋਂ ਪ੍ਰਭਾਵਿਤ, ਪ੍ਰੇਰਿਤ ਜਾਂ ਉਤੇਜਿਤ ਹੋਕੇ ਅਗੋਂ ਆਪਣੀ ਕਾਵਿ-ਮਈ ਰਚਨਾ ਰਚਦਾ ਹੈ। ਇਉਂ ਉਹ ਆਪਣੀ ਪ੍ਰਕਿਰਿਆ ਵਿਚ ਅਸਲੀਅਤ ਤੋਂ ਇਕ ਕਦਮ ਹੋਰ ਦੂਰ ਹੋ ਜਾਂਦਾ ਹੈ। ਆਪਣੀ ਤਰਕ ਪੱਦਤੀ ਅਨੁਸਾਰ, ਇਸ ਪ੍ਰਕਾਰ ਸਾਹਿਤਕ ਰਚਨਾ ਅਤੇ ਕਾਵਿ-ਕਿਰਤ ਨੂੰ ਅਸਲੀਅਤ ਤੋਂ ਤੀਸਰੀ ਥਾਂਵੇ ਰਖਦਾ ਹੈ ਅਤੇ ਨਤੀਜੇ ਵਜੋਂ ਐਲਾਨਨਾਮਾ ਜਾਰੀ ਕਰਦਾ ਹੈ ਕਿ ਐਸੀ ਝੂਠੀ ਕਿਰਤ ਮਨੁੱਖ ਨੂੰ ਕਿਸੇ ਤਰ੍ਹਾਂ ਵੀ ਸਚ ਦੇ ਰਾਹ ਤੇ ਨਹੀਂ ਪਾ ਸਕਦੀ। ਇਸ ਕਰਕੇ ਉਹ ਆਪਣੀ 'ਰਿਪਬਲਿਕ' ਵਿਚ ਇਸ ਨੂੰ ਕੋਈ ਵੀ ਸਥਾਨ ਦੇਣ ਲਈ ਤਿਆਰ ਨਹੀਂ। ਇਸਦੇ ਨਾਲ ਹੀ ਉਹ ਇਸ ਤੋਂ ਇਕ ਹੋਰ ਇਹ ਸਿੱਟਾ ਕਢੱਦਾ ਹੈ ਕਿ ਕਵੀ ਆਪਣੀ ਰਚਨਾ ਉਤੇਜਨਾ ਜਾਂ ਪ੍ਰੇਰਨਾ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨੋਅਵਸਥਾ ਵਿਚ ਕਰਦਾ ਹੈ। ਐਸੀ ਰਚਨਾ ਦਾ ਪਾਠਕ ਉਪਰ ਪ੍ਰਭਾਵ ਵੀ ਅਜਿਹਾ ਪੈਂਦਾ ਹੈ ਅਰਥਾਤ ਪਾਠਕ ਵਿਚ ਭਾਵ ਆਵੇਗ ਜਾਂ ਉਤੇਜਨਾ ਹੀ ਪੈਦਾ ਹੁੰਦੀ ਹੈ। ਉਤੇਜਨਾ ਤੇ ਆਵੇਗ ਪਾਠਕ ਦੀ ਮਾਨਸਿਕਤਾ ਨੂੰ ਸੰਜਮ ਵਿਚ ਬੰਨ੍ਹਣ ਦੀ ਬਜਾਏ ਉਸਨੂੰ ਭੰਗ ਕਰਨ ਵਿਚ ਯੋਗਦਾਨ ਪਾਉਂਦੇ ਹਨ। ਇਸ ਤਰ੍ਹਾਂ ਪਾਠਕ ਉਤੇਜਿਤ ਅਨੁਕਰਣ ਵਿਚੋਂ ਕੁਝ ਪ੍ਰਾਪਤ ਕਰਨ ਦੀ ਬਜਾਇ ਸਗੋਂ ਭੰਬਲ ਭੂਸੇ ਵਿਚ ਪੈ ਜਾਂਦਾ ਹੈ। ਇਸੇ ਕਰਕੇ ਪਲੈਟੋ ਆਪਣੀ ਤਰਕ ਪੱਦਤੀ ਦੇ ਆਧਾਰ ਉਪਰ ਅਨੁਕ੍ਰਿਤੀ ਉਪਰ ਬੜਾ ਪ੍ਰਬਲ ਪ੍ਰਹਾਰ ਕਰਦਾ ਹੈ ਅਤੇ ਇਸ ਪ੍ਰਹਾਰ ਦੇ ਆਧਾਰ ਤੇ ਇਸ ਨੂੰ ਗਿਆਨ ਸ਼ਾਸਤ੍ਰ ਦੇ ਖੇਤਰ ਤੋਂ ਬਾਹਰ ਕੱਢ ਦਿੰਦਾ ਹੈ। ਅਰਸਤੂ ਪਲੈਟੋ ਦੇ ਪ੍ਰਤੀਕਰਮ ਵਿਚ ਅਨੁਕਰਣ ਸਿਧਾਂਤ ਨੂੰ ਆਪਣੇ ਨਿਸ਼ਚੇਵਾਦੀ ਤਰਕ ਦੇ ਆਧਾਰ ਤੇ ਮੁੜ ਸਥਾਪਿਤ ਕਰਦਾ ਹੈ ਅਤੇ ਇਸਨੂੰ ਗਿਆਨ-ਸ਼ਾਸਤ੍ਰ ਦੀ ਇਕ ਵੱਖਰੀ ਵਿਧੀ ਵਜੋਂ ਗ੍ਰਹਿਣ ਕਰਦਾ ਹੈ। ਅਸੀਂ ਪੁਸਤਕ ਵਿਚ ਦਿਤੇ ਨਿਬੰਧ ਵਿਚ ਇਸ ਗੱਲ ਨੂੰ ਖਾਸੇ ਭਰਵੇਂ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ, ਪਰ ਅਤਿਅੰਤ ਨਵੀਨ ਕਾਵਿ-ਸ਼ਾਸਤ੍ਰੀ ਪਰਿਪੇਖ ਵਿਚ ਇਸ ਸਾਰੀ ਬਹਿਸ ਨੂੰ ਰਖਕੇ ਵੇਖਣ ਨਾਲ ਕਈ ਹੋਰ ਭਾਵਪੂਰਤ ਸਿੱਟੇ ਨਿਕਲ ਸਕਦੇ ਹਨ, ਜਿਨ੍ਹਾਂ ਦਾ ਜ਼ਿਕਰ ਕਰਨਾ ਇਸੇ ਕੁਥਾਂ ਨਹੀਂ ਹੋਵੇਗਾ। ਪਲੈਟੋ ਜਦੋਂ ਇਹ ਕਹਿੰਦਾ ਹੈ ਕਿ ਰਚਨਾਕਾਰ ਕਿਸੇ ਵਸਤ ਜਾਂ ਅਨੁਭੂਤੀ ਤੋਂ ਪ੍ਰੇਰਿਤ ਹੋਕੇ ਰਚਨਾ ਕਰਦਾ ਹੈ ਤਾਂ ਇਸ ਵਿਚੋਂ ਅਚੇਤ ਹੀ ਸਭ ਤੋਂ ਪਹਿਲਾ ਮਸਲਾ ਰਚਨਾ ਦਾ ਸਾਹਮਣੇ ਆਉਂਦਾ ਹੈ। ਰਚਿਤ ਰਚਨਾ ਦਾ ਬੁਨਿਆਦੀ ਪ੍ਰੇਰਨਾ ਸਰੋਤ ਕੋਈ ਵੀ ਹੋਵੇ, ਆਪਣੇ ਅੰਤਮ ਅਰਥਾਂ ਵਿਚ ਇਕ ਸੁਗਠਿਤ ਰਚਨਾ ਹੁੰਦੀ ਹੈ। ਅਤੇ ਇਸ ਸੁਗਠਿਤ ਰਚਨਾ ਵਿਚ ਧਿਆਨ ਨਾਲ ਵੇਖਿਆਂ ਸਭ ਤੋਂ ਮਹਤਵਪੂਰਨ ਰੋਲ ਭਾਸ਼ਾ ਦਾ ਹੁੰਦਾ ਹੈ। ਭਾਸ਼ਾ ਦੇ ਨਾਲ ਕੁਝ ਭਾਸ਼ਾ ਦੇ ਆਧਾਰ ਉਪਰ ਘੜੀਆ ਗਈਆਂ ਭਾਸ਼ਾ ਅਤਿਰਿਕਤ ਜੁਗਤਾਂ ਦਾ ਵੀ ਯੋਗਦਾਨ ਹੁੰਦਾ ਹੈ। ਨਵੀਨ ਕਾਵਿ-ਸ਼ਾਸਤ੍ਰ ਸਾਡਾ ਧਿਆਨ ਇਸ ਗੱਲ ਵਲ ਕਰਵਾਉਂਦਾ ਹੈ ਕਿ ਭਾਸ਼ਾ ਅਚੇਤ ਜਾਂ ਸੁਚੇਤ ਕਿਸੇ ਵੀ ਰੂਪ ਵਿਚ ਪ੍ਰਯੋਗ ਵਿਚ ਆ ਕੇ ਮਾਨਵੀ ਪਕੜ ਵਿਚ ਆਈ ਸਮਗ੍ਰੀ ਨੂੰ ਸੰਜਮਪਰਕ ਪੱਧਰ ਤੇ ਸੁਗਠਿਤ ਕਰਦੀ ਹੈ। ਇਥੋਂ ਤੀਕ ਕਿ ਉਤੇਜਨਾ, ਆਵੇਸ਼, ਪ੍ਰੇਰਨਾ ਤੇ ਪ੍ਰਵਾਹ ਵੀ ਭਾਸ਼ਾ ਦੀ ਪਕੜ ਵਿਚ ਆ ਕੇ ਸੁਗਠਿਤ ਪ੍ਰਬੰਧ ਬਣ ਜਾਂਦੇ ਹਨ ਅਤੇ ਸੁਗਠਿਤ ਪ੍ਰਬੰਧ ਹਮੇਸ਼ਾਂ ਹੀ ਸਾਰਥਕਤਾ ਦਾ ਉਤਪਾਦਨ ਕਰਦਾ ਹੈ। ਇਸ ਲਈ ਕਲਾਕਾਰ ਦੁਆਰਾ ਰਚੀ ਗਈ ਕਿਰਤ ਕਦੇ ਵੀ ਨਿਰੰਕਸ ਕੋਹਰਾਮ ਨਹੀਂ ਹੁੰਦੀ। ਜਦੋਂ ਕੋਈ ਪਾਠਕ ਐਸੀ ਸੁਗਠਿਤ ਰਚਨਾ ਬਾਰੇ ਆਪਣਾ ਪ੍ਰਤੀਉੱਤਰ ਆਵੇਗ ਜਾਂ ਕੋਹਰਾਮ ਦੀ ਪੱਧਰ ਉਤੇ ਦਿੰਦਾ ਹੈ ਤਾਂ ਉਸ ਨੂੰ ਉਚਿਤ ਜਾਂ ਯੋਗ ਪਾਠਕ ਸਮਝਣਾ ਠੀਕ ਨਹੀਂ। ਇਸ ਪ੍ਰਕਾਰ ਪਲੈਟੋ ਦੀ ਸਾਰੀ ਤਰਕ ਪਦੱਤੀ ਆਪਣੇ ਆਪ ਰੱਦ ਹੋ ਜਾਂਦੀ ਹੈ। ਜਦੋਂ ਅਰਸਤੂ ਨੇ ਪਲੈਟੋ ਦੀ ਸਾਰੀ ਕਾਰਗੁਜ਼ਾਰੀ ਬਾਰੇ ਆਪਣਾ ਪ੍ਰਤੀਉੱਤਰ ਪੇਸ਼ ਕੀਤਾ ਤਾਂ ਉਸਨੇ ਅਚੇਤ ਹੀ ਇਕ ਤਰ੍ਹਾਂ ਨਾਲ ਸਮਕਾਲੀ ਕਾਵਿ-ਸ਼ਾਸਤ੍ਰ ਵਿਚ ਕੰਮ ਕਰਦੀ ਤਰਕ ਪਦੱਤੀ ਨੂੰ ਪ੍ਰਯੋਗ ਵਿਚ ਲਿਆਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਸਤੂ ਦੇ ਅਨੁਸਾਰ ਅਨੁਕਰਣ ਇਕ ਅਤਿਅੰਤ ਸੁਗਠਿਤ ਪ੍ਰਬੰਧ ਹੈ। ਵਿਸੇਸ ਕਰਕੇ ਜਦੋਂ ਅਰਸਤੂ ਤ੍ਰਾਸਦੀ ਨੂੰ ਅਨੁਕਰਣ ਕਹਿੰਦਾ ਹੈ ਤਾਂ ਉਹ ਇਸਨੂੰ ਇਕ ਐਸੇ ਸੰਪੂਰਨ ਗੰਭੀਰ ਅਤੇ ਉਚਿਤ ਆਕਾਰ ਵਾਲੇ ਕਾਰਜ ਦਾ ਅਨੁਕਰਣ ਕਹਿੰਦਾ ਹੈ ਜਿਸਦੇ ਆਦਿ ਮੱਧ ਅਤੇ ਅੰਤ ਅਤਿਅੰਤ ਸੁਨਿਸਚਿਤ ਹਨ। ਇਕ ਸੁਗਠਿਤ ਪ੍ਰਬੰਧ ਦੀ ਪਰਿਭਾਸ਼ਾ ਇਸ ਤੋਂ ਵਧ ਸ਼ਾਇਦ ਲੱਭਣੀ ਮੁਸ਼ਕਲ ਹੈ। ਇਸ ਤਰ੍ਹਾਂ ਅਰਸਤੂ ਪਲੈਟੋ ਦੇ ਵਿਚਾਰਾਂ ਨੂੰ ਉਲੰਘਕੇ ਗਿਆਨ-ਸ਼ਾਸਤ੍ਰ ਦੇ ਅੰਤਰਗਤ ਕਾਵਿ-ਸ਼ਾਸਤ੍ਰ ਦੇ ਅਨੁਸ਼ਾਸ਼ਨ ਨੂੰ ਪੇਸ਼ ਕਰਨ ਵਾਲਾ ਵਿਦਵਾਨ ਹੋ ਨਿਬੜਦਾ ਹੈ। ਆਪਣੀ ਪੁਸਤਕ ਦੇ ਨਿਬੰਧ ਵਿਚ ਅਸੀਂ ਅਰਸਤੂ ਦੀ ਅਜਿਹੀ ਸਾਰਥਕਤਾ ਦਾ ਹੀ ਜਾਇਜ਼ਾ ਲਿਆ ਹੈ।

ਇਸ ਤੋਂ ਉਪਰੰਤ ਮਸਲਾ ਰਚਨਾ ਦੇ ਪ੍ਰਯੋਜਨ ਦਾ ਖੜਾ ਹੋ ਜਾਂਦਾ ਹੈ। ਪਲੈਟੋ ਰਚਨਾ ਨੂੰ ਅਨੁਕਰਣ ਮੰਨਦਾ ਹੋਇਆ ਇਸ ਨੂੰ ਇਕ ਵਿਗਠਿਤ ਵਸਤੂ ਖਿਆਲ ਕਰਦਾ ਹੈ ਅਤੇ ਇਹ ਕਹਿੰਦਾ ਹੈ ਕਿ ਐਸੀ ਰਚਨਾ ਦਾ ਪ੍ਰਯੋਜਨ ਕਦੇ ਵੀ ਮਾਨਵੀ ਮਾਨਸਿਕਤਾ ਨੂੰ ਉਸਾਰਨ ਵਿਚ ਸਹਾਈ ਨਹੀਂ ਹੋ ਸਕਦਾ। ਅਰਸਤੂ ਇਸਦੇ ਉਲਟ ਅਨੁਕਰਣ ਨੂੰ ਇਕ ਅਤਿਅੰਤ ਸੁਗਠਿਤ ਪ੍ਰਬੰਧ ਖਿਆਲ ਕਰਦਾ ਹੈ ਅਤੇ ਇਸਦੇ ਪ੍ਰਯੋਜਨ ਨੂੰ ਗਿਆਨ ਨਾਲ ਜੋੜਦਾ ਹੈ, ਪਰ ਭਾਵ ਸੰਤੁਲਨ ਦੇ ਆਧਾਰ ਤੇ। ਅਰਸਤੂ ਦਾ ਬੁਨਿਆਦੀ ਮਤ ਹੀ ਇਹ ਹੈ ਕਿ ਅਨੁਕਰਣ ਵਿਵਿਧ ਭਾਵ ਤਰੰਗਾਂ ਨੂੰ ਇਕ ਜੀਵੰਤ ਸੰਤੁਲਨ ਪ੍ਰਦਾਨ ਕਰਦਾ ਹੈ ਅਤੇ ਅਜਿਹੇ ਸੰਤੁਲਨ ਰਾਹੀਂ ਮਾਨਵੀ ਗਿਆਨ ਵਿਚ ਵਾਧਾ ਕਰਦਾ ਹੈ। ਤ੍ਰਾਸਦੀ ਦੀ ਪਰਿਭਾਸ਼ਾ ਦੇਂਦਿਆਂ ਉਹ ਤ੍ਰਾਸਦੀ ਨੂੰ ਅਗਿਆਨ ਤੋਂ ਗਿਆਨ ਦੀ ਯਾਤ੍ਰਾ ਹੀ ਕਹਿੰਦਾ ਹੈ। ਪਰ, ਇਸ ਸਾਰੀ ਯਾਤ੍ਰਾ ਵਿਚ ਭਾਵ ਤਰੰਗਿਤ ਪ੍ਰਕਿਰਿਆ ਕਾਰਜਸ਼ੀਲ ਰਹਿੰਦੀ ਹੈ ਅਤੇ ਜਿਉਂ ਜਿਉਂ ਇਹ ਪ੍ਰਕਿਰਿਆ ਆਪਣੇ ਅੰਤ ਵਲ ਵਧਦੀ ਹੈ ਤਿਉਂ ਤਿਉਂ ਭਰਮ ਦੀਆਂ ਗੰਡਾਂ ਟੁਟਦੀਆ ਹਨ ਅਤੇ ਗਿਆਨ-ਪ੍ਰਕਾਸ਼ ਹੁੰਦਾ ਚਲਾ ਜਾਂਦਾ ਹੈ। ਅਨੁਕਰਣ ਦੇ ਇਸ ਪ੍ਰਯੋਜਨਸ਼ੀਲ ਪਹਿਲੂ ਨੂੰ ਦੋਹਾਂ ਵਿਦਵਾਨਾ, ਭਾਵ ਪਲੈਟੋ ਤੇ ਅਰਸਤੂ ਨੇ ਕੈਥਾਰਸਿਸ ਨਾਲ ਜੋੜਿਆ ਹੈ। ਕੈਥਾਰਸਿਸ ਯੂਨਾਨੀ ਪਰੰਪਰਾ ਦੀ ਵਿਰਾਸਤ ਦਾ ਸ਼ਬਦ ਹੈ। ਜਿਸਦੇ ਮੂਲ ਅਰਥ ਫਾਲਤੂ ਤੇ ਬੇਲੋੜੇ ਨੂੰ ਖਾਰਜ ਕਰਨ ਦੇ ਹਨ ਜਿਥੇ ਕਿਤੇ ਵੀ ਫਾਲਤੂ ਤੇ ਬੇਲੋੜਾ ਜਮ੍ਹਾ ਹੋ ਜਾਂਦਾ ਹੈ ਉਥੇ ਹੀ ਸੰਤੁਲਨ ਨਸ਼ਟ ਹੋ ਜਾਂਦਾ ਹੈ ਅਤੇ ਕੋਹਰਾਮ ਮਚ ਜਾਂਦਾ ਹੈ। ਪਲੈਟੋ ਦਾ ਵਿਚਾਰ ਹੈ ਕਿ ਸਾਹਿਤਕਾਰ ਦੁਆਰਾ ਰਚੀ ਰਚਨਾ ਵਿਚ ਵੀ ਫਾਲਤੂ ਤੇ ਬੇਲੋੜੇ ਦੀ ਹੀ ਬਹੁਤਾਤ ਹੁੰਦੀ ਹੈ ਤੇ ਉਹ ਮਾਨਵੀ ਸੰਤੁਲਨ ਨੂੰ ਵਿਗਾੜਨ ਵਾਲਾ ਹੁੰਦਾ ਹੈ। ਪਰ, ਅਰਸਤੂ ਇਸਦੇ ਐਨ ਉਲਟ ਇਹ ਕਹਿੰਦਾ ਹੈ ਕਿ ਰਚਨਾ ਕਦੇ ਵੀ ਭਾਵ-ਕੋਹਰਾਮ ਨਹੀਂ ਹੁੰਦੀ ਸਗੋਂ ਇਸਦਾ ਕੰਮ ਭਾਵਾਂ ਦੇ ਸੰਤੁਲਨ ਦੁਆਰਾ ਮਨੁੱਖ ਨੂੰ ਉਨਮਾਦ ਦੀ ਅਵਸਥਾ ਵਿਚ ਲਿਜਾਣਾ ਹੁੰਦਾ ਹੈ। ਉਨਮਾਦ ਇਕ ਅਜਿਹਾ ਆਨੰਦ ਹੈ ਜੋ ਭਾਵਾਂ ਦੇ ਸੰਤੁਲਨ ਤੋਂ ਬਾਅਦ ਪੈਦਾ ਹੁੰਦਾ ਹੈ। ਇਸਦੇ ਉਲਟ ਉਤੇਜਨਾ ਭਾਵ-ਸੰਤੁਲਨ ਤੋਂ ਪਹਿਲੀ ਅਵਸਥਾ ਦਾ ਨਾਮ ਹੈ, ਐਸੀ ਅਵਸਥਾ ਜਿਸ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਭਾਵ-ਤਰੰਗਾਂ ਨਿਰੰਕਸ ਪ੍ਰਵਾਹ ਵਿਚ ਹੁੰਦੀਆਂ ਹਨ। ਜਦੋਂ ਇਸ ਨਿਰੰਕਸ ਪ੍ਰਵਾਹ ਦਾ ਸਾਹਿਤਕਾਰ ਆਪਣੀ ਦ੍ਰਿਸ਼ਟੀ ਦੁਆਰਾ ਇਕ ਸੁਗਠਿਤ ਪ੍ਰਬੰਧ ਕਾਇਮ ਕਰ ਦਿੰਦਾ ਹੈ ਉਦੋਂ ਇਹ ਭਾਵ-ਤਰੰਗਾਂ ਭਾਵ-ਅਨੁਮਾਦ ਦੀ ਅਵਸਥਾ ਵਿਚ ਵਟ ਜਾਂਦੀਆਂ ਹਨ। ਅਰਸਤੂ ਦੀ ਇਹ ਗੱਲ ਵੀ ਅਜੋਕੇ ਕਾਵਿ-ਸ਼ਾਸਤ੍ਰੀ ਮੁਹਾਵਰੇ ਵਿਚ ਉਤਾਰੀ ਜਾ ਸਕਦੀ ਹੈ। ਅਜ ਦੇ ਜ਼ਮਾਨੇ ਦਾ ਪ੍ਰਸਿੱਧ ਕਾਵਿ-ਸ਼ਾਸਤ੍ਰੀ ਅਤੇ ਚਿਹਨ ਵਿਗਿਆਨੀ ਰੋਲਾ ਬਾਰਤ ਜਦੋਂ ਆਪਣੀ ਪੁਸਤਕ Pleasure of the Text ਵਿਚ ਇਹ ਕਹਿੰਦਾ ਹੈ ਕਿ ਰਚਨਾਵਾਂ ਦੋ ਪ੍ਰਕਾਰ ਦਾ ਆਨੰਦ ਦੇਂਦੀਆ ਹਨ। ਇਕ ਉਹ ਰਚਨਾ ਹੁੰਦੀ ਹੈ ਜੋ ਆਨੰਦ ਪੈਦਾ ਕਰਨ ਦੇ ਟੀਚੇ ਤੋਂ ਹੀ ਰਚੀ ਜਾਂਦੀ ਹੈ ਤਾਂ ਐਸੀ ਰਚਨਾ ਭਾਵ-ਉਤੇਜਨਾ ਪੈਦਾ ਕਰਦੀ ਹੈ। ਅਜਿਹੀ ਰਚਨਾ ਵਿਚ ਸ਼ਬਦਾਂ ਦਾ ਮੁਨਾਸਿਬ ਪ੍ਰਯੋਗ ਨਹੀਂ ਹੁੰਦਾ। ਦੂਸਰੀ ਪ੍ਰਕਾਰ ਦੀ ਰਚਨਾ ਉਹ ਹੁੰਦੀ ਹੈ ਜੋ ਪਾਠ ਦੇ ਆਧਾਰ ਤੇ ਆਨੰਦ ਉਤਪਾਦਨ ਦਾ ਵਸੀਲਾ ਬਣਦੀ ਹੈ। ਐਸੀ ਰਚਨਾ ਵਿਚੋਂ ਆਨੰਦ ਉਤੇਜਨਾ ਵਿਚੋਂ ਨਹੀਂ ਸਗੋਂ ਗਿਆਨ 'ਚੋਂ ਪੈਦਾ ਹੋ ਰਿਹਾ ਹੁੰਦਾ ਹੈ। ਆਪਣੀ ਇਸੇ ਗਲ ਨੂੰ ਆਧਾਰ ਬਣਾ ਕੇ ਉਸ ਨੇ ਨਾਵਲ ਨੂੰ ਪੜ੍ਹਨ ਦੀ ਵਿਧੀ ਉਪਰ ਇਕ ਪੁਸਤਕ S/Z ਲਿਖੀ, ਜਿਸ ਪੁਸਤਕ ਵਿਚ ਉਸਨੇ ਨਾਵਲ ਪੜ੍ਹਨ ਲਈ Castration Compex ਅਰਥਾਤ ਨਿਪੁੰਸਨ ਗ੍ਰੰਥੀ ਧਾਰਨ ਕਰਨ ਦੀ ਖਾਸ ਤਾਕੀਦ ਕੀਤੀ ਹੈ। ਨਿਪੁੰਸਨ ਗ੍ਰੰਥੀ ਦਾ ਅਰਥ ਭਾਵ-ਤਰੰਗ ਨਿਰੋਧ ਹੈ। ਜੇ ਕੋਈ ਵਿਅਕਤੀ ਨਾਵਲ ਦੇ ਪਾਠ ਬਾਰੇ ਆਪਣਾ ਪ੍ਰਤੀਉਤਰ ਭਾਵ-ਉਤੇਜਨਾ ਦੇ ਆਧਾਰ ਤੇ ਦੇਵੇਗਾ ਤਾਂ ਉਸ ਲਈ ਸ਼ਬਦ-ਰਚਨਾ ਇੰਦਰਿਆਵੀ ਵਿਲਾਸ ਦਾ ਵਸੀਲਾ ਬਣ ਜਾਵੇਗੀ, ਪਰ ਜਿਹੜਾ ਵਿਅਕਤੀ ਰਤਾ ਕੁ ਸਾਵਧਾਨ ਹੋ ਕੇ ਨਿਪੁੰਸਨ ਗ੍ਰੰਥੀ ਨੂੰ ਧਾਰਨ ਕਰ ਲਵੇਗਾ ਉਹ ਭਾਵ-ਉਤੇਜਨਾ ਨੂੰ ਉਲੰਘ ਕੇ ਰਚਨਾ ਦੇ ਪਾਠ ਵਿਚੋਂ ਪੈਦਾ ਹੋਣ ਵਾਲੇ ਗਿਆਨ ਵਲ ਪ੍ਰਤੀਉਤਰਸ਼ੀਲ ਹੋ ਜਾਵੇਗਾ। ਅਰਸਤੂ ਦਾ ਕੈਥਾਰਸਿਸ ਆਪਣੇ ਭਾਵ ਸੰਤੁਲਨ ਦੇ ਸਿਧਾਂਤ ਦੇ ਆਧਾਰ ਤੇ ਅਚੇਤ ਹੀ ਇਸੇ ਦਿਸ਼ਾ ਵਿਚ ਅਨੁਕਰਣ ਦੇ ਪ੍ਰਯੋਜਨ ਨੂੰ ਨਿਸ਼ਚਿਤ ਕਰਦਾ ਜਾਪਦਾ ਹੈ।

ਇਸੇ ਪ੍ਰਕਾਰ ਇਸ ਪੁਸਤਕ ਵਿਚ ਅਸੀਂ ਤੁਲਨਾਤਮਕ ਕਾਵਿ-ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਭਾਰਤੀ ਕਾਵਿ-ਸ਼ਾਸਤ੍ਰ ਦੀ ਪਰੰਪਰਾ ਨੂੰ ਪਰਿਭੂਮਿਕਾ ਵਜੋਂ ਆਪਣੇ ਨਾਲ ਰੱਖਿਆ ਹੈ। ਭਾਰਤੀ ਕਾਵਿ-ਸ਼ਾਸਤ੍ਰ ਵਿਚ ਕਾਵਿ ਦਾ ਅੰਤਮ ਪ੍ਰਯੋਜਨ ਰਸ ਨੂੰ ਮੰਨਿਆ ਗਿਆ ਹੈ। ਅਤੇ ਰਸ ਨੂੰ ਭਾਰਤ ਦੀ ਚਿਰੰਤਨ ਕਾਲ ਤੋਂ ਰੂੜ੍ਹ ਹੋਈ ਵਿਸ਼ਵ-ਦ੍ਰਿਸ਼ਟੀ ਦੇ ਅੰਤਰਗਤ ਬ੍ਰਹਮ ਦਾ ਸਹੋਦਰ ਮੰਨਿਆ ਗਿਆ ਹੈ ਅਰਥਾਤ ਰਸ ਤੇ ਬ੍ਰਹਮ ਸਹਿ-ਉਦਰੇ ਹਨ ਭਾਵ ਇਨ੍ਹਾਂ ਦੋਹਾਂ ਦਾ ਜਨਮ ਇਕੋ ਪੇਟ ਵਿਚੋਂ ਹੋਇਆ ਹੈ। ਇਸਦਾ ਅਰਥ ਅਗੋਂ ਇਹ ਨਿਕਲਦਾ ਹੈ ਕਿ ਬ੍ਰਹਮ ਤੇ ਰਸ ਇਕ ਦੂਜੇ ਵਿਚ ਓਤ ਪੋਤ ਹਨ। ਭਾਰਤੀ ਵਿਸ਼ਵ-ਦ੍ਰਿਸ਼ਟੀ ਦਾ ਗੰਭੀਰ ਅਧਿਐਨ ਕਰਨ ਵਾਲੇ ਬ੍ਰਹਮ ਨੂੰ ਭਾਰਤ ਵਿਚ ਗਿਆਨ ਦੀ ਸਿਖਰ ਮੰਨਦੇ ਹਨ ਅਰਥਾਤ ਬ੍ਰਹਮ ਨਿਰੋਲ ਤੇ ਵਿਸ਼ੁੱਧ ਗਿਆਨ ਹੈ। ਨਾ ਇਹ ਵਸਤੂ-ਨਿਸ਼ਟ ਹੈ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਵ-ਨਿਸ਼ਟ। ਇਹ ਤਾਂ ਗਿਆਨ-ਨਿਸ਼ਟ ਹੀ ਹੈ। ਮਨੁੱਖ ਦਾ ਪ੍ਰਯੋਜਨ ਇਸ ਅਵਸਥਾ ਤੀਕ ਪੁੱਜਣਾ ਹੈ। ਪਰ, ਇਕ ਆਦਮ-ਜਾਤ ਹੋਂਦ ਦੇ ਰੂਪ ਵਿਚ ਮਨੁੱਖ ਵਸਤੂ-ਨਿਸ਼ਟ ਵੀ ਹੈ. ਤੇ ਭਾਵ ਨਿਸ਼ਟ ਵੀ। ਇਸ ਲਈ ਉਹ ਜਨਮ ਜਾਤ ਤੋਂ ਘੋਰ ਅਗਿਆਨੀ ਹੈ। ਉਸਨੇ ਜੇਕਰ ਗਿਆਨ ਦਾ ਮਾਰਗ ਅਪਨਾਉਣਾ ਹੈ ਤਾਂ ਉਸਨੂੰ ਆਪਣੀਆਂ ਪ੍ਰਦੱਤ ਪ੍ਰਸਥਿਤੀਆਂ ਨੂੰ ਉਲੰਘਣਾ ਪੈਣਾ ਹੈ। ਇਸ ਉਲੰਘਣਾ ਪ੍ਰਕਿਰਿਆ ਵਿਚ ਉਸਨੇ ਵਸਤਾਂ ਤੇ ਭਾਵਾਂ ਨਾਲ ਜੁੜਨਾ ਵੀ ਹੈ ਤੇ ਟੁਟਣਾ ਵੀ ਹੈ ਤੇ ਗਿਆਨ ਦੀ ਮਦਦ ਨਾਲ ਹਰ ਪੜਾਉ ਇਨ੍ਹਾਂ ਨੂੰ ਆਪਣੇ ਅਧਿਕਾਰ ਵਿਚ ਲੈਂਦੇ ਜਾਣਾ ਹੈ। ਇਸ ਅਵਸਥਾ ਵਿਚ ਉਸਦੀ ਭਾਵ-ਲਿਪਤੀ ਘਟਦੀ ਜਾਣੀ ਹੈ ਅਤੇ ਰਸ-ਲਿਪਤੀ ਵਧਦੀ ਜਾਣੀ ਹੈ। ਜਿਉਂ ਜਿਉਂ ਉਹ ਭਾਵ ਨਿਰਲੇਪ ਹੋਵੇਗਾ ਤਿਉਂ ਤਿਉਂ ਉਹ ਰਸ ਨਿਸ਼ਟ ਹੁੰਦਾ ਜਾਵੇਗਾ ਅਤੇ ਇਸ ਤਰ੍ਹਾਂ ਉਹ ਅਹਿਮ ਟੀਚੇ ਵਜੋਂ ਰਸ ਵਿਚ ਲੀਨ ਹੋਇਆ ਬ੍ਰਹਮ ਤੀਕ ਪੁਜ ਜਾਏਗਾ। ਭਾਰਤੀ ਕਾਵਿ-ਸ਼ਾਸਤ੍ਰ ਵਿਚ ਰਸ ਦੀ ਇਹ ਪ੍ਰਵਿਰਤੀ ਉਪਰੋਕਤ ਕਥਿਤ ਆਧੁਨਿਕ ਕਾਵਿ-ਸ਼ਾਸਤ੍ਰ ਦੇ ਆਨੰਦ ਸਿਧਾਂਤ ਨਾਲ ਖਾਸੀ ਮੇਲ ਖਾਂਦੀ ਹੈ। ਜਦੋਂ ਇਹ ਕਿਹਾ ਜਾਂਦਾ ਹੈ ਕਿ ਕਾਵਿ ਭਾਵ ਆਨੰਦ ਨਹੀਂ ਸਗੋ ਪਾਠ ਆਨੰਦ ਹੈ ਤਾਂ ਉਸਦਾ ਭਾਵ ਰਸ ਪ੍ਰਾਪਤੀ ਤੋਂ ਹੀ ਹੈ। ਇਸ ਤਰ੍ਹਾਂ ਦੀ ਸਾਰੀ ਪ੍ਰਾਪਤੀ ਭਾਰਤੀ ਕਾਵਿ-ਸ਼ਾਸਤ੍ਰ ਦੇ ਮੁਤਾਬਿਕ ਭਾਸ਼ਾ ਵਿਚ ਹੀ ਨੇਪਰੇ ਚੜਦੀ ਹੈ, ਪਰ ਭਾਸ਼ਾ ਸਮਾਜਿਕ ਦ੍ਰਿਸ਼ਟੀ ਤੋਂ ਵੇਖਿਆਂ ਨਿਤਾਪ੍ਰਤੀ ਜਗਤ ਦੀਆਂ ਵਸਤਾਂ, ਭਾਵਾਂ ਅਤੇ ਅਨੁਭਵਾਂ ਦੇ ਸੰਚਾਰ ਦਾ ਮਾਧਿਅਮ ਹੈ। ਜਦੋਂ ਇਸੇ ਭਾਸ਼ਾ ਨੂੰ ਰਸ ਉਤਪਾਦਨ ਜਾਂ ਗਿਆਨ ਨਿਰਮਾਣ ਲਈ ਪ੍ਰਯੋਗ ਵਿਚ ਲਿਆਂਦਾ ਜਾਂਦਾ ਹੈ ਤਾਂ ਇਸ ਭਾਸ਼ਾ ਦਾ ਨਿਸਚੇ ਹੀ ਰੂਪਾਂਤਰਣ ਹੁੰਦਾ ਹੈ। ਭਾਰਤ ਦੇ ਕਲਾਸਕੀ ਕਾਵਿ-ਸ਼ਾਸਤ੍ਰੀ ਭਾਸ਼ਾ ਦੀ ਅਜਿਹੀ ਰੂਪਾਂਤਰਣ ਪ੍ਰਕਿਰਿਆ ਨੂੰ ਅਭਿਧਾ, ਲਕਸ਼ਣਾ ਤੇ ਵਿਅੰਜਨਾ ਨਾਲ ਯਾਦ ਕਰਦੇ ਹਨ। ਅਭਿਧਾ ਵਸਤੂਗਤ ਸੰਚਾਰ ਨਾਲ ਸੰਬੰਧਿਤ ਹੈ ਤੇ ਵਿਅੰਜਨਾ ਐਸੀ ਰੂਪਾਂਤਰਿਤ ਭਾਸ਼ਾ ਹੈ ਜੋ ਨਿਰੋਲ ਰਸ ਉਤਪਾਦਨ ਦੀ ਲਖਾਇਕ ਹੁੰਦੀ ਹੈ। ਲਕਸ਼ਣਾ ਇਨ੍ਹਾਂ ਦੋਹਾਂ ਦੇ ਵਿਚਕਾਰ ਜਿਹੇ ਕਿਤੇ ਆਉਂਦੀ ਹੈ। ਇਸ ਤਰ੍ਹਾਂ ਰੱਸ ਦੀ ਤਾਤਵਿਕਤਾ ਅਤੇ ਭਾਸ਼ਾ ਦੀ ਅਭਿਵਿਅਕਤੀਸ਼ੀਲਤਾ ਮਿਲ ਕੇ ਕਾਲਸਕੀ ਭਾਰਤ ਵਿਚ ਕਲਾਤਮਿਕ ਅਤੇ ਸਾਹਿਤਕ ਪਾਠ ਦੀ ਭਰਪੂਰ ਪਰਿਭਾਸ਼ਾ ਦੇਂਦੇ ਹਨ। ਭਾਸ਼ਾ ਦਾ ਇਹ ਮਾਡਲ ਵੀ ਪੱਛਮ ਵਿਚ ਵਿਕਸਿਤ ਹੋ ਰਹੇ ਨਵੇਂ ਕਾਵਿ-ਸ਼ਾਸਤ੍ਰ ਨਾਲ ਖਾਸਾ ਮੇਲ ਖਾਂਦਾ ਹੈ।

ਇਸ ਤਰ੍ਹਾਂ ਅਸੀਂ ਹਥਲੀ ਪੁਸਤਕ ਦੇ ਪ੍ਰਥਮ ਖੰਡ ਵਿਚ ਭਾਰਤੀ ਤੇ ਪੱਛਮੀ ਕਾਵਿ-ਸ਼ਾਸਤ੍ਰ ਦਾ ਇਕ ਸੰਤੁਲਵਾਂ ਦ੍ਰਿਸ਼ ਪਰਿਭੂਮਿਕਾ ਵਜੋਂ ਪੇਸ਼ ਕਰਨ ਦਾ ਯਤਨ ਕੀਤਾ ਹੈ, ਪਰ ਸਾਡੇ ਅਜਿਹੇ ਵੇਰਵੇ ਦਾ ਇਕ ਸਾਰਥਕ ਆਯਾਮ ਇਹ ਵੀ ਹੈ ਕਿ ਅਸੀਂ ਇਹ ਕਾਵਿ-ਸ਼ਾਸਤ੍ਰੀ ਪ੍ਰਕਿਰਿਆ ਨੂੰ ਉਚੇਚੇ ਤੋਰ ਤੇ ਪੰਜਾਬੀ ਜਗਤ ਨਾਲ ਜੋੜਨ ਦਾ ਯਤਨ ਕੀਤਾ ਹੈ। ਇਸੇ ਸੰਬੰਧ ਵਿਚ ਅਸੀਂ ਪੂਰਨ ਸਿੰਘ ਦੇ ਪੂਰਬੀ ਚਿੰਤਨ ਨੂੰ ਇਸ ਸੰਦਰਭ ਵਿਚ ਉਘਾੜਕੇ ਸਾਹਮਣੇ ਲਿਆਉਣ ਦੀ ਕੋਸ਼ਿਸ਼ ਵੀ ਕੀਤੀ ਹੈ। ਪੂਰਨ ਸਿੰਘ ਪੱਛਮ ਦੇ ਪਦਾਰਥਵਾਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਤਰਕਵਾਦੀ ਚਿੰਤਨ ਤੋਂ ਬਗਾਵਤ ਕਰਦਾ ਹੈ ਅਤੇ ਇਸ ਦੇ ਮੁਕਾਬਲੇ ਪੂਰਬੀ ਚਿੰਤਨ ਦੇ ਦੇਸੀ ਸੁਭਾਓ ਨੂੰ ਅਗ੍ਰਭੂਮਿਤ ਕਰਨ ਦਾ ਯਤਨ ਕਰਦਾ ਹੈਂ। ਅਜੋਕੇ ਸਮੇਂ ਵਿਚ ਜਦੋਂ ਪੱਛਮ ਵਿਚ ਵੀ ਕਾਲੋਨੀਬਾਜ਼ ਰਾਜਨੀਤੀ ਨੂੰ ਮਨੁੱਖ ਲਈ ਘਾਤਕ ਮੰਨਿਆ ਗਿਆ ਹੈ, ਪਦਾਰਥਵਾਦ ਤੇ ਤਰਕਵਾਦ ਪੂਰੀ ਤਰਾਂ ਖੰਡਿਤ ਹੋ ਗਏ ਹਨ ਅਤੇ ਇਨ੍ਹਾਂ ਦੀ ਥਾਵੇਂ ਭਾਸ਼ਾ ਵਿਗਿਆਨਕ ਮਾਡਲ ਨੂੰ ਆਧਾਰ ਬਣਾ ਕੇ ਸੰਸਕ੍ਰਿਤੀਆਂ ਦੇ ਅਧਿਐਨ ਦੀ ਗੱਲ ਚੱਲ ਪਈ ਹੈ, ਅਜਿਹੀ ਆਬੋਹਵਾ ਆਪਣੀ ਬੁਨਿਆਦੀ ਬਿਰਤੀ ਵਿਚ ਪੂਰਬੀ ਹੈ, ਇਸ ਪ੍ਰਸੰਗ ਵਿਚ ਪੂਰਨ ਸਿੰਘ ਦੀ ਪ੍ਰਾਸੰਗਿਕਤਾ ਹੋਰ ਨਿੱਖਰ ਆਉਂਦੀ ਹੈ। ਇਉਂ ਸਾਡਾ ਤੁਲਨਾਤਮਕ ਕਾਵਿ-ਸ਼ਾਸਤ੍ਰੀ ਪਰਿਪੇਖ ਇਸ ਪੁਸਤਕ ਦਾ ਬੁਨਿਆਦੀ ਆਧਾਰ ਬਣ ਨਿਬੜਦਾ ਹੈ।

ਇਸ ਤੋਂ ਅਗਲੇ ਖੰਡ ਵਿਚ ਅਸਾਂ ਆਪਣੀ ਉਪਰੋਕਤ ਸਿਧਾਂਤਕ ਪਰਿਭੂਮਿਕਾ ਨੂੰ ਪਿਠਭੂਮੀ ਵਿਚ ਰਖਦਿਆਂ ਆਧੁਨਿਕ ਪੰਜਾਬੀ ਸਾਹਿਤ ਦੇ ਕੁਝ ਪ੍ਰਤਿਨਿਧ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਵਿਹਾਰਿਕ ਅਧਿਐਨ ਪੇਸ਼ ਕਰਨ ਦਾ ਯਤਨ ਕੀਤਾ ਹੈ। ਸਾਡੇ ਇਸ ਅਧਿਆਇ ਦਾ ਦ੍ਰਿਸ਼ ਆਧੁਨਿਕ ਪੰਜਾਬੀ ਕਵਿਤਾ ਨੂੰ ਚਰਚਾ ਦਾ ਵਿਸ਼ਾ ਬਣਾਉਂਦਾ ਹੈ। ਆਧੁਨਿਕ ਕਵਿਤਾ ਦੇ ਵਿਸ਼ਲੇਸ਼ਣ ਸਮੇਂ ਅਸੀਂ ਉਪਰੋਕਤ ਪਰਿਭੂਮਿਕਾ ਤੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਨੂੰ ਧਿਆਨ ਵਿਚ ਰਖਿਆ ਹੈ। ਇਸ ਅਧਿਐਨ ਵਿਚ ਅਸੀਂ ਇਕ ਪਾਸੇ ਤਾਂ ਪੂਰਨ ਸਿੰਘ, ਹਰਿਭਜਨ ਸਿੰਘ ਅਤੇ ਸ਼ਿਵ ਕੁਮਾਰ ਜਿਹੇ ਸਮਰਥਾਵਾਨ ਕਵੀਆਂ ਦੀਆਂ ਕਾਵਿ-ਕਿਰਤਾਂ ਨੂੰ ਕੇਂਦਰ ਵਿਚ ਰਖਕੇ ਵਿਚਾਰਨ ਦਾ ਉਪਰਾਲਾ ਕੀਤਾ ਹੈ ਅਤੇ ਦੂਜੇ ਪਾਸੇ ਆਧੁਨਿਕ ਪੰਜਾਬੀ ਕਵਿਤਾ ਦੇ ਨਵੇਂ ਹਸਤਾਖਰ, ਜੁਗਿੰਦਰ ਅਮਰ ਦੀਆਂ ਕਾਵਿ-ਰਚਨਾਵਾਂ ਉਪਰ ਵੀ ਇਕ ਭਰਵਾਂ ਨਿਬੰਧ ਸ਼ਾਮਿਲ ਕੀਤਾ ਹੈ। ਯਤਨ ਇਹ ਹੈ ਕਿ ਇਨ੍ਹਾਂ ਕਵੀਆਂ ਦੀ ਰਚਨਾਮਿਕਤਾ ਨੂੰ ਕੇਵਲ ਟਿਪਣੀਸ਼ੀਲ ਵਿਆਖਿਆ ਦਾ ਵਿਸ਼ਾ ਨਾ ਬਣਾਇਆ ਜਾਏ ਸਗੋਂ ਕਾਵਿ-ਸ਼ਾਸਤ੍ਰੀ ਮੰਗਾ ਤੇ ਆਧਾਰਾਂ ਨੂੰ ਨਾਲ ਲੈ ਕੇ ਇਨ੍ਹਾਂ ਦੀਆਂ ਰਚਨਾਵਾਂ ਦਾ ਅਧਿਐਨ ਪੇਸ਼ ਕੀਤਾ ਜਾ ਸਕੇ। ਇਸ ਤਰ੍ਹਾਂ ਸਾਡਾ ਇਹ ਖੰਡ ਪ੍ਰੋਖ ਰੂਪ ਵਿਚ ਪਹਿਲੇ ਅਧਿਆਇ ਨਾਲ ਜੁੜਿਆ ਹੋਇਆ ਹੈ। ਪਹਿਲੇ ਅਧਿਆਇ ਵਿਚ ਅਸੀਂ ਆਪਣੀ ਕਾਵਿ-ਸ਼ਾਸਤ੍ਰੀ ਯੋਗਤਾ ਨੂੰ ਉਸਾਰਨ ਦਾ ਯਤਨ ਕੀਤਾ ਹੈ ਅਤੇ ਦੂਸਰੇ ਵਿਚ ਯਥਾਸ਼ਕਤ ਭਿੰਨ ਭਿੰਨ ਕਵੀਆਂ ਨੂੰ ਸਾਹਮਣੇ ਰਖਦਿਆਂ ਇਸ ਯੋਗਤਾ ਦਾ ਨਿਸ਼ਪਾਦਨ ਕਰਨ ਦਾ ਯਤਨ ਕੀਤਾ ਹੈ।

ਪਰਿਚੈ ਵਜੋਂ ਇਨ੍ਹਾਂ ਵਿਚਾਰਾਂ ਨੂੰ ਨਾਲ ਲੈਂਦਿਆਂ ਇਹ ਪੁਸਤਕ ਪੰਜਾਬੀ ਦੇ ਗੰਭੀਰ ਪਾਠਕਾਂ ਦੇ ਭਰਵੇਂ ਹੁੰਗਾਰੇ ਦੀ ਆਸ ਨਾਲ ਉਨ੍ਹਾਂ ਦੇ ਸਨਮੁਖ ਹੈ।

ਅਮਰੀਕ ਸਿੰਘ ਪੁੰਨੀ

ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ
17.10.1993

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਰਤੀ ਕਾਵਿ-ਸ਼ਾਸਤ੍ਰ : ਮਹੱਤਤਾ ਅਤੇ ਪ੍ਰਾਸੰਗਿਕਤਾ

ਅਜ ਦਾ ਪੰਜਾਬੀ ਅਧਿਐਨ ਅਧਿਆਪਨ ਅਤੇ ਸੋਧ ਕਾਰਜ ਪੱਛਮੀ ਕਾਵਿ-ਸ਼ਾਸਤ੍ਰ ਤੋਂ ਦਿਸ਼ਾ ਗ੍ਰਹਿਣ ਕਰਕੇ ਭਾਰਤੀ ਰਚਨਾਵਾਂ ਦਾ ਅਧਿਐਨ ਕਰਨ ਦਾ ਆਦੀ ਜਿਹਾ ਹੋ ਗਿਆ ਹੈ. ਸ਼ਾਇਦ ਇਸੇ ਲਈ ਹੀ ਸਾਨੂੰ ਲੋੜ ਪਈ ਹੈ ਕਿ ਅਸੀਂ ਆਪਣੇ ਅਜੋਕੇ ਪੰਜਾਬੀ ਆਲੋਚਨਾ ਦੇ ਪ੍ਰਸੰਗ ਵਿਚ ਭਾਰਤੀ ਕਾਵਿ-ਸ਼ਾਸਤ੍ਰ ਦੇ ਮਹੱਤਵ ਤੇ ਪ੍ਰਾਸੰਗਿਕਤਾ ਨੂੰ ਵੀ ਨਿਸ਼ਚਿਤ ਕਰੀਏ। ਇਸ ਸੰਬੰਧੀ ਇਕ ਚੇਤਾਵਨੀ ਤਾਂ Orientalism ਪੁਸਤਕ ਦੇ ਕਰਤਾ ਐਡਵਰਡ ਸੈਦ ਨੇ ਇਹ ਕਹਿ ਕੇ ਦਿੱਤੀ ਹੈ ਕਿ ਅਸੀਂ ਪੱਛਮੀ ਦੇਸ਼ਾਂ ਤੋਂ ਆਜ਼ਾਦ ਹੋਕੇ ਵੀ ਅਜੇ ਆਪਣੇ ਸ਼ਬਦ-ਸਭਿਆਚਾਰ ਦੇ ਖੇਤਰ ਵਿਚ ਆਜ਼ਾਦ ਹੋਣਾ ਹੈ। ਅਜਿਹੀ ਚੇਤਾਵਨੀ ਤੋਂ ਸੈਦ ਦਾ ਭਾਵ ਇਹ ਪ੍ਰਤੀਤ ਹੁੰਦਾ ਹੈ ਕਿ ਅਸੀਂ ਆਪਣੇ ਭਾਰਤੀ ਕਾਵਿ-ਸ਼ਾਸਤ੍ਰ ਦੇ ਸੰਦਾਂ ਵਲ ਵੀ ਸੁਚੇਤ ਹੋਈਏ ਤੇ ਉਨ੍ਹਾਂ ਦੀ ਪੱਛਮੀ ਕਾਵਿ-ਸਾਸਤ੍ਰ ਨਾਲ ਪ੍ਰਾਸੰਗਿਕਤਾ ਦੇ ਪ੍ਰਸ਼ਨ ਦੇ ਵੀ ਸਨਮੁੱਖ ਹੋਈਏ। ਇਸੇ ਦਿਸ਼ਾ ਵਿਚ ਵਧਕੇ ਅਸੀਂ ਭਾਰਤੀ ਅਤੇ ਵਿਸ਼ੇਸ਼ ਕਰਕੇ ਪੰਜਾਬੀ ਸਾਹਿਤ-ਸਭਿਆਚਾਰ ਦੇ ਅਧਿਐਨ ਅਧਿਆਪਨ ਤੇ ਖੋਜ ਕਾਰਜ ਨੂੰ ਆਜ਼ਾਦ ਕਰ ਸਦਕੇ ਹਾਂ।

ਇਸ ਤੋਂ ਪਹਿਲਾਂ ਕਿ ਅਸੀਂ ਭਾਰਤੀ ਕਾਵਿ-ਸਾਸਤ੍ਰ ਬਾਰੇ ਗਲ ਸ਼ੁਰੂ ਕਰੀਏ. ਇਹ ਯੋਗ ਪ੍ਰਤੀਤ ਹੁੰਦਾ ਹੈ ਕਿ ਅਸੀ ਇਹ ਨਿਸ਼ਚਿਤ ਕਰ ਲਈਏ ਕਿ ਪੱਛਮੀ ਕਾਵਿ-ਸ਼ਾਸਤ੍ਰ ਅਜ ਕਲ ਕਿਹੜੀਆਂ ਵਿਸ਼ੇਸ਼ ਅੰਤਰ-ਦ੍ਰਿਸ਼ਟੀਆ ਦੇ ਆਧਾਰ ਤੇ ਰਚਨਾ ਦਾ ਅਧਿਐਨ ਕਰਨ ਦੀ ਸਲਾਹ ਦੇਂਦਾ ਹੈ। ਇਸ ਸੰਬੰਧੀ ਅਜ ਪੱਛਮੀ ਚਿੰਤਨ ਇਕ ਤਾਂ ਵਿਸਥਾਪਨ (deconstruction) ਵਿਧੀ ਦੀ ਗੱਲ ਕਰਦਾ ਹੈ। ਅਤੇ ਉਸ ਨੂੰ ਚਿਹਨ-ਵਿਗਿਆਨਕ ਪ੍ਰਸੰਗ ਵਿਚ ਗ੍ਰਹਿਣ ਕਰਦਾ ਹੈ। ਮਹਤਵਪੂਰਨ ਗੱਲ ਇਹ ਹੈ ਕਿ ਵਿਸਥਾਪਨਾ ਵਿਧੀ ਦਾ ਇਹ ਚਿੰਤਨ ਸਾਸਿਊਰ ਦੇ ਭਾਸ਼ਾ ਵਿਗਿਆਨ ਤੋਂ ਆਪਣੀ ਦਿਸ਼ਾ ਗ੍ਰਹਿਣ ਕਰਦਾ ਹੈ ਤੇ ਸੰਰਚਨਾ-ਵਾਦ ਵਿਚੋਂ ਵਿਕਾਸ-ਯਾਤਰਾ ਕਰਦਾ ਹੋਇਆ ਅੱਜ ਉੱਤਰ-ਸੰਰਚਨਾਵਾਦ ਦੇ ਸਿਧਾਂਤ ਤਕ ਕਈ ਰੂਪਾਂ ਵਿਚ ਅਤੇ ਕਈ ਤਰ੍ਹਾਂ ਦੀਆਂ ਨਵੀਨ ਦਿਸ਼ਾਵਾਂ ਵਲ ਸੰਕੇਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਹੈ। ਇਸ ਅਧਿਐਨ ਦੀ ਇਕ ਮਹਤਵਪੂਰਨ ਦਿਸ਼ਾ ਸਾਸਿਊਰ ਦੁਆਰਾ ਪੇਸ਼ ਚਿਹਨ ਦੇ ਚਿਹਨਕ ਅਤੇ ਚਿਹਨਿਤ ਦੇ ਦ੍ਵੈਤ ਉਪਰ ਪ੍ਰਹਾਰ ਕਰਨ ਦੀ ਹੈ। 'ਉਥਾਪਨਾ ਅਧਿਐਨ ਵਿਧੀ ਦਾ ਨਵੀਨਤਮ ਪਰਿਪੇਖ ਚਿਹਨਿਤ ਦੀ ਨਿਰਪੇਖਕ ਮਿੱਥ ਦੀ ਸਥਾਪਤੀ ਦਾ ਉਥਾਪਨ ਕਰਦਾ ਹੈ'। ਉਥਾਪਨਾ ਅਧਿਐਨ ਵਿਧੀ ਦਾ ਇਹ ਪੜਾਅ ਭਾਰਤੀ ਕਾਵਿ-ਸ਼ਾਸਤ੍ਰ ਦੇ ਧ੍ਵਨੀ ਸਿਧਾਂਤ ਦੇ ਅਤਿਅੰਤ ਨੇੜੇ ਹੈ ਜਾਂ ਇੰਜ ਕਹਿ ਲਵੋ ਕਿ ਵਿਸਥਾਪਨਾ ਵਿਧੀ ਦੀ ਇਸ ਸਥਾਪਨਾ ਦੇ ਪ੍ਰਸੰਗ ਵਿਚ ਭਾਰਤੀ ਕਾਵਿ-ਸ਼ਾਸਤ੍ਰ ਦਾ ਧ੍ਵਨੀ ਸਿਧਾਂਤ ਬਹੁਤ ਪ੍ਰਾਸੰਗਿਕ ਪ੍ਰਤੀਤ ਹੁੰਦਾ ਹੈ।

ਧ੍ਵਨੀ ਸਿਧਾਂਤ ਭਾਰਤੀ ਕਾਵਿ-ਸ਼ਾਸਤ੍ਰ ਦਾ ਪ੍ਰਮੁੱਖ ਸਿਧਾਂਤ ਹੈ। ਇਸਦਾ ਸੰਬੰਧ ਆਨੰਦਵਰਧਨ ਨਾਲ ਹੈ। ਇਸ ਸਿਧਾਂਤ ਦੇ ਦੋ ਪ੍ਰਮੁੱਖ ਸਰੋਤ ਹਨ - ਵਿਆਕਰਣ ਅਤੇ ਕਾਵਿ-ਸ਼ਾਸਤ੍ਰ। ਆਨੰਦਵਰਧਨ ਧ੍ਵਨੀ ਦਾ ਸਰੂਪ ਬਿਆਨ ਕਰਦਿਆਂ ਕਹਿੰਦਾ ਹੈ - "ਜਿੱਥੇ (ਵਾਚ) ਅਰਥ ਅਤੇ (ਵਾਚਕ) ਸ਼ਬਦ ਆਪਣੇ ਆਪਣੇ ਅਸਤਿਤਵ ਨੂੰ ਗੌਣ ਬਣਾ ਕੇ ਜਿਸ (ਵਿਸ਼ੇਸ਼) ਅਰਥ ਨੂੰ ਪ੍ਰਗਟ ਕਰਦੇ ਹਨ ਉਹ (ਅਰਥ) ਧ੍ਵਨੀ ਹੈ। ਇਸਦਾ ਸਪਸ਼ਟ ਅਰਥ ਇਹ ਹੈ ਕਿ ਜਿਹੜਾ ਅਰਥ ਵਾਚਾਰਥ ਦੇ ਮੁਕਾਬਲੇ ਵਿਚ ਵਿਸ਼ੇਸ਼ ਜਾਂ ਭਿੰਨ ਹੋਵੇ ਉਸਨੂੰ ਧ੍ਵਨੀ ਕਹਿੰਦੇ ਹਨ। ਧ੍ਵਨੀ ਨੂੰ ਧ੍ਵਨੀਅਰਥ, ਵਿਅੰਗ ਅਤੇ ਵਿਅੰਗਾਰਥ ਆਦਿ ਵੀ ਕਿਹਾ ਜਾਂਦਾ ਹੈ। ਸੰਖੇਪ ਵਿਚ ਧ੍ਵਨੀ ਜਾਂ ਵਿਅੰਗਾਰਥ ਸ਼ਬਦਾਰਥ ਤੋਂ ਵੱਖਰਾ ਤੱਤ ਹੈ ਅਤੇ ਆਂਤਰਿਕ ਤੱਤ ਹੈ। ਅਨੰਦਵਰਧਨ ਅਨੁਸਾਰ ਧ੍ਵਨੀਅਰਥ ਤਾਂ ਸੁੰਦਰੀਆ ਦੀ ਲੱਜਿਆ ਵਾਂਗ ਇਕ (ਆਂਤਰਿਕ ਅਤੇ ਵਿਭਿੰਨ) ਤੱਤ ਹੈ।

ਧ੍ਵਨੀ ਸਿਧਾਂਤ ਵਾਚਾਰਥ ਅਤੇ ਵਿਅੰਗਾਰਥ ਵਿਚਲੇ ਅੰਤਰ ਉਪਰ ਵਿਸ਼ੇਸ਼ ਬਲ ਦਿੰਦਾ ਹੈ ਅਤੇ ਇਸ ਅੰਤਰ ਨੂੰ ਸਪਸ਼ਟ ਕਰਨ ਲਈ ਉਹ ਕਈ ਤੱਤਾਂ ਦੀ ਗੱਲ ਕਰਦਾ ਹੈ। ਪਰ, ਪੱਛਮੀ ਸਾਹਿਤ-ਸਿਧਾਂਤਾ ਦੇ ਪ੍ਰਸੰਗ ਵਿਚ ਇਹ ਬਹੁਤ ਮਹਤਵਪੂਰਨ ਹੈ ਕਿ ਇਹ ਸਿਧਾਂਤ ਸਪਸ਼ਟ ਕਰਦਾ ਹੈ ਕਿ ਵਾਚਾਰਥ ਦਾ ਕੰਮ ਵਸਤੂ ਮਾਤਰ ਦੀ ਪ੍ਰਤੀਤੀ ਕਰਾਉਣਾ ਹੈ, ਪਰ ਵਿਅੰਗਾਰਥ ਦਾ ਕੰਮ ਚਮਤਕਾਰ ਦੀ ਪ੍ਰਤੀਤੀ ਕਰਾਉਣਾ ਹੈ। ਇਸੇ ਪ੍ਰਕਾਰ ਇਸ ਅੰਤਰ ਨੂੰ ਇਸ ਸਿਧਾਂਤ ਵਿਚ ਇਸ ਤਰ੍ਹਾਂ ਵੀ ਸਥਾਪਤ ਕਰਨ ਦਾ ਯਤਨ ਕੀਤਾ ਗਿਆ ਹੈ - ਇਕ ਵਾਕ ਦਾ ਵਾਚਾਰਥ ਸਭ ਲਈ ਇਕੋ ਜਿਹਾ ਹੁੰਦਾ ਹੈ, ਪਰ ਵਿਅੰਗਾਰਥ ਹਰ ਇਕ ਲਈ ਅਲਗ ਅਲਗ ਹੋਵੇਗਾ। ਦੂਸਰੇ ਸ਼ਬਦਾਂ ਵਿਚ ਇਥੇ ਚਿਹਨਤ ਨਿਰਪੇਖ ਨਹੀਂ ਸਾਪੇਖ ਹੈ, ਪ੍ਰਸੰਗ ਸਾਪੇਖ ਹੈ। ਉਦਾਹਰਣ ਲਈ ਇਕ ਵਾਕ ਹੈ - "ਸੂਰਜ ਡੁੱਬ ਗਿਆ ਹੈ"। ਇਸ ਵਾਕ ਦਾ ਵਾਚਾਰਥ ਤਾਂ ਨਿਰਪੇਖ ਹੈ ਇਸੇ ਕਰਕੇ ਹਰ ਇਕ ਲਈ ਇਸ ਦਾ ਅਰਥ ਇਕੋ ਹੋਵੇਗਾ ਜਿਥੋਂ ਤਕ ਇਸਦੇ ਵਾਚਾਰਥ ਦਾ ਪ੍ਰਸ਼ਨ ਹੈ। ਪਰ, ਇਸ ਵਾਕ ਦਾ ਵਿਅੰਗਾਰਥ ਹਰ ਇਕ ਲਈ ਵੱਖੋ ਵੱਖਰਾ ਹੋ ਸਕਦਾ ਹੈ। ਉਸਦੇ ਵੱਖਰਾ ਹੋਣ ਦੇ ਕਈ ਕਾਰਣ ਹਨ, ਪ੍ਰਸੰਗ ਹਨ। ਅਤੇ ਇਹੀ ਉਹ ਅੰਤਰ-ਦ੍ਰਿਸ਼ਟੀ ਹੈ ਜਿਹੜੀ ਅੱਜ ਦੇ ਪੱਛਮੀ ਸਾਹਿਤ-ਚਿੰਤਨ ਨੂੰ ਵਿਸ਼ੇਸ਼ ਜ਼ੋਰ ਤੇ ਪ੍ਰਭਾਵਿਤ ਕਰਦੀ ਪ੍ਰਤੀਤ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਪਰਿਪੇਖ ਵਿਚ ਪੱਛਮੀ ਕਾਵਿ-ਸ਼ਾਸਤ੍ਰੀ ਦ੍ਰਿਸ਼ਟੀ ਦੀ ਇਕ ਵਿਸ਼ੇਸ਼ ਰੁਚੀ ਦੀ ਗੱਲ ਕੀਤੀ ਜਾ ਸਕਦੀ ਹੈ। ਵਿਸ਼ਵ ਪੱਧਰ ਉਪਰ ਜਿਹੜੀ ਕਾਵਿ-ਸਾਸਤ੍ਰੀ ਵਿਧੀ ਨੂੰ ਅੱਜ ਮਾਨਤਾ ਪ੍ਰਾਪਤ ਹੋ ਰਹੀ ਹੈ ਉਹ ਭਾਸ਼ਾ-ਵਿਗਿਆਨ ਤੋਂ ਅੰਤਰ ਦ੍ਰਿਸ਼ਟੀ ਪ੍ਰਾਪਤ ਕਰਕੇ ਅਨੁਕਰਣ ਦੇ ਪ੍ਰਚਲਿਤ ਸਿਧਾਂਤ ਤੋਂ ਛੁਟਕਾਰਾ ਪਾਉਣ ਵਲ ਰੁਚਿਤ ਪ੍ਰਤੀਤ ਹੁੰਦੀ ਹੈ। ਧੁਨੀ ਸਿਧਾਂਤ ਵੀ ਜਦੋਂ ਧੁਨੀ ਕਾਵਿ ਨੂੰ ਚਿਤਰ-ਕਾਵਿ ਨਾਲੋਂ ਨਿਖੇੜਦਾ ਹੈ ਤਾਂ ਇਸੇ ਰੁਚੀ ਦਾ ਪਰਿਚੈ ਦਿੰਦਾ ਹੈ। ਚਿਤਰ-ਕਾਵਿ ਉਹ ਜਿਥੇ ਧੁਨੀਅਰਥ ਜਾਂ ਵਿਅੰਗਾਰਥ ਪੂਰੀ ਸ਼ਕਤੀ ਵਿਚ ਮੌਜੂਦ ਨਹੀਂ।

ਅਨੰਦਵਰਧਨ ਨੇ ਧੁਨੀ ਸਿਧਾਂਤ ਦੀ ਸਥਾਪਨਾ ਸਮੇਂ ਆਪਣੇ ਤੋਂ ਪੂਰਬਲੇ ਸਿਧਾਂਤਾ ਜਿਵੇ ਰਸ, ਅਲਕਾਰ ਅਤੇ ਰੀਤੀ ਦੀਆਂ ਸੀਮਾਵਾਂ ਨੂੰ ਪਛਾਣਿਆਂ। ਇਨ੍ਹਾਂ ਤੋਂ ਇਲਾਵਾ ਉਸਤੋਂ ਪਹਿਲਾਂ ਪ੍ਰਚਲਿਤ ਅਭਿਧਾ, ਲਕਸ਼ਣਾ ਅਤੇ ਤਾਤਪਰਿਏ ਨਾਮਕ ਤਿੰਨ ਵਰਿਤੀਆਂ ਵੀ ਪ੍ਰਚਲਿਤ ਸਨ। ਆਨੰਦਵਰਧਨ ਨੇ ਇਨ੍ਹਾਂ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਇਕ ਚੌਥੀ ਵਿਰਤੀ 'ਵਿਅੰਜਨਾ' ਦੇ ਆਧਾਰ ਉਪਰ ਵਿਅੰਗਾਰਥ ਨੂੰ ਸਵੀਕਾਰ ਕਰਦਿਆਂ ਹੋਇਆਂ ਧੁਨੀ ਤੱਤ ਨੂੰ ਸਥਾਪਿਤ ਕੀਤਾ।

ਆਧੁਨਿਕ ਪ੍ਰਸੰਗ ਵਿਚ ਉਪਰੋਕਤ ਸ਼ਬਦ-ਸ਼ਕਤੀਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਵੀ ਲਾਹੇਵੰਦ ਸਾਬਤ ਹੋ ਸਕਦਾ ਹੈ। ਚਾਲੀਵੇਂ ਦਹਾਕੇ ਵਿਚ ਬਹੁਚਰਚਿਤ ਅਮਰੀਕੀ ਨਵਆਲੋਚਨਾ ਦੀ ਪ੍ਰਮੁੱਖ ਸ਼ਕਤੀ ਉਨ੍ਹਾਂ ਦਾ ਵਿਸ਼ੇਸ਼ ਭਾਸ਼ਾ-ਸਿਧਾਂਤ ਕਿਹਾ ਜਾ ਸਕਦਾ ਹੈ। ਇਸੇ ਨੂੰ ਹੀ ਆਧਾਰ ਬਣਾ ਕੇ ਸਤਵੇਂ ਦਹਾਕੇ ਵਿਚ ਪੰਜਾਬੀ ਸਾਹਿਤ ਸਮੀਖਿਆ ਵਿਚ ਵੀ ਇਸਦੀ ਬਹੁਤ ਚਰਚਾ ਰਹੀ। ਨਵਆਲੋਚਨਾ ਇਕਾਰਥੀ ਅਤੇ ਅਨੇਕਾਰਥੀ ਭਾਸ਼ਾ ਵਿਚ ਅੰਤਰ ਕਰਦੀ ਹੈ। ਉਹ ਇਸੇ ਆਧਾਰ ਉਪਰ ਵਿਗਿਆਨ ਦੀ ਭਾਸ਼ਾ ਅਤੇ ਸਾਹਿਤ ਦੀ ਭਾਸ਼ਾ ਵਿਚਾਲੇ ਨਿਖੇੜਾ ਸਥਾਪਿਤ ਕਰਦੀ ਹੈ, ਸੰਕਲਪਨਾਤਮਕ ਅਤੇ ਅਮੂਰਤ ਭਾਸ਼ਾ ਦੇ ਮੁਕਾਬਲੇ ਵਿਚ ਸੰਸਲੇਸ਼ਨਾਤਮਕ ਅਤੇ ਸਮੂਰਤ ਭਾਸ਼ਾ ਦੇ ਸਿਧਾਂਤ ਦੀ ਗੱਲ ਕਰਦੀ ਹੈ। ਅਤੇ ਇਸੇ ਦੇ ਆਧਾਰ ਉਪਰ ਹੀ ਵਿਲੀਅਮ ਐਂਪਸਨ 'Seven Types of Ambiguities' ਦੀ ਗੱਲ ਕਰਦਾ ਹੈ। ਇਸ ਪ੍ਰਸੰਗ ਵਿਚ ਹੀ ਭਾਰਤੀ ਕਾਵਿ-ਸ਼ਾਸਤ੍ਰ ਵਿਚ ਸ਼ਬਦ-ਸ਼ਕਤੀਆਂ ਸੰਬੰਧੀ ਹੋਏ ਸਿਧਾਂਤਕ ਵਿਵੇਚਨ ਦੇ ਮਹਤਵ ਦਾ ਗਿਆਨ ਹੁੰਦਾ ਹੈ।

ਇਸ ਵਿਵੇਚਨ ਅਨੁਸਾਰ ਸ਼ਬਦ ਦੇ ਅਰਥ-ਪ੍ਰਾਪਤੀ ਦੇ ਇਕ ਤੋਂ ਵੱਧ ਰੂਪ ਹਨ ਅਤੇ ਇਨ੍ਹਾਂ ਵਿਭਿੰਨ ਰੂਪਾਂ ਦੇ ਆਧਾਰ ਉਪਰ ਤ੍ਰਿੰਨ ਸ਼ਬਦ-ਸ਼ਕਤੀਆਂ ਦੀ ਚਰਚਾ ਵਿਦਵਾਨਾ ਨੇ ਕੀਤੀ ਹੈ। ਇਹ ਤਿੰਨ ਸ਼ਬਦ-ਸ਼ਕਤੀਆਂ ਹਨ :

(i) ਅਭਿਧਾ

(ii) ਲਖਣਾ ਜਾਂ ਲਕਸ਼ਣਾ ਅਤੇ

(iii) ਵਿਅੰਜਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਚਿੰਤਨ ਅਨੁਸਾਰ ਸ਼ਬਦ ਦੀ ਜਿਸ ਸ਼ਕਤੀ ਅਨੁਸਾਰ ਸ਼ਬਦ ਦੇ ਸੁਭਾਵਿਕ ਅਰਥ ਦਾ ਪਤਾ ਚਲਦਾ ਹੈ ਉਸਨੂੰ ਅਭਿਧਾ ਸ਼ਬਦ ਸ਼ਕਤੀ ਕਿਹਾ ਜਾਂਦਾ ਹੈ। ਸੁਭਾਵਿਕ ਤੋਂ ਭਾਵ ਸਾਧਾਰਣ ਬੋਲਚਾਲ ਦੇ ਪ੍ਰਸਿੱਧ ਅਰਥ ਤੋਂ ਹੈ। ਇਸ ਅਰਥ ਨੂੰ ਵਾਚਾਰਥ ਦਾ ਨਾਮ ਦਿੱਤਾ ਜਾਦਾ ਹੈ। ਵਾਚਾਰਥ ਤੋਂ ਭਾਵ ਹੈ ਕਿਸੇ ਸਬਦ ਦਾ ਨਿਸ਼ਚਿਤ ਅਰਥ। ਇਸ ਸੁਭਾਵਿਕ ਅਰਥ ਜਾਂ ਵਾਚਾਰਥ ਜਾਂ ਅਭਿਧਾਰਥ ਦਾ ਗਿਆਨ ਕਰਾਉਣ ਵਾਲੇ ਮੁਖ ਸਾਧਨ ਹਨ - ਵਿਆਕਰਣ, ਕੋਸ਼, ਵਿਹਾਰ ਆਦਿ।

ਜਦੋਂ ਕਿਸੇ ਸ਼ਬਦ ਦੇ ਵਾਚਾਰਥ ਦੇ ਰਸਤੇ ਵਿਚ ਰੁਕਾਵਟ ਆ ਜਾਵੇ ਅਤੇ ਉਸਦੇ ਸੰਕੇਤ ਗ੍ਰਹਿਣ ਕਰਨ ਦੇ ਕਾਰਣਾਂ ਜਾ ਸਾਧਨਾ (ਵਿਆਕਰਣ, ਕੋਸ਼, ਵਿਹਾਰ ਆਦਿ) ਤੋਂ ਵਖਰੀ ਕਿਸੇ ਹੋਰ ਸ਼ਕਤੀ ਰਾਹੀਂ ਸ਼ਬਦ ਦੇ ਭਾਵ ਦਾ ਪਤਾ ਕਰਨਾ ਪਵੇ ਤਾਂ ਉਥੇ ਅਭਿਧਾ ਸ਼ਕਤੀ ਦੀ ਥਾਂ ਲਕਸ਼ਣਾ ਸ਼ਕਤੀ ਆ ਜਾਂਦੀ ਹੈ। ਦੂਸਰੇ ਸ਼ਬਦਾਂ ਵਿਚ ਮੁੱਖ ਅਰਥ ਦਾ ਪਤਾ ਚਲਣ ਤੋਂ ਬਾਅਦ, ਉਸ ਵਿਚ ਰੁਕਾਵਟ ਪੈਣ ਉਪਰ ਉਸ ਨਾਲ ਸੰਬੰਧਿਤ ਕਿਸੇ ਦੂਸਰੇ ਅਰਥ ਦਾ ਗਿਆਨ ਕਰਾਉਣ ਵਾਲੇ ਸ਼ਬਦ-ਵਪਾਰ ਨੂੰ ਲਕਸ਼ਣਾ ਸ਼ਬਦ-ਸ਼ਕਤੀ ਕਹਿੰਦੇ ਹਨ। ਲਕਸ਼ਾਰਥ ਦਾ ਗਿਆਨ ਕਿਸੇ ਰੂੜ੍ਹੀ ਜਾਂ ਪ੍ਰਯੋਜਨ ਦੇ ਕਾਰਣ ਹੁੰਦਾ ਹੈ।

ਵਿਅੰਜਨਾ ਸਬਦ-ਸ਼ਕਤੀ ਉਪਰੋਕਤ ਦੋਹਾਂ ਸ਼ਬਦ-ਸ਼ਕਤੀਆਂ ਤੋਂ ਭਿੰਨ ਹੈ। ਅਭਿਧਾ ਅਤੇ ਲਕਸ਼ਣਾ ਦੁਆਰਾ ਆਪਣਾ ਆਪਣਾ ਅਰਥ ਦਸ ਦੇਣ ਤੋਂ ਬਾਅਦ ਜਿਸ ਦੁਆਰਾ ਹੋਰ ਅਰਥ ਦਾ ਗਿਆਨ ਹੁੰਦਾ ਹੈ ਉਸਨੂੰ ਵਿਅੰਜਨਾ ਸ਼ਬਦ ਸ਼ਕਤੀ ਕਿਹਾ ਜਾਂਦਾ ਹੈ। ਲਕਸ਼ਣਾ ਅਤੇ ਵਿਅੰਜਨਾ ਦੋਵਾਂ ਸ਼ਬਦ-ਸ਼ਕਤੀਆਂ ਵਿਚ ਮੁੱਖ-ਅਰਥ ਤੋਂ ਵੱਖਰੇ ਅਰਥ ਦੀ ਪ੍ਰਤੀਤੀ ਹੁੰਦੀ ਹੈ, ਪਰ ਇਨ੍ਹਾਂ ਦੋਹਾਂ ਸ਼ਬਦ ਸ਼ਕਤੀਆਂ ਵਿਚ ਵੀ ਅੰਤਰ ਹੈ।

ਲਕਸ਼ਣਾ ਅਤੇ ਵਿਅੰਜਨਾ ਵਿਚਾਲੇ ਪਹਿਲਾ ਅੰਤਰ ਤਾਂ ਇਹ ਹੈ ਕਿ 'ਲਕਸ਼ਣਾ ਸ਼ਬਦ-ਸ਼ਕਤੀ' ਵਿਚ ਮੁੱਖ ਅਰਥ ਦਾ ਰੁਕ ਜਾਣਾ ਜ਼ਰੂਰੀ ਹੈ। ਜੇ ਮੁੱਖ ਅਰਥ ਵਿਚ ਰੁਕਾਵਟ ਨਾ ਆਵੇ ਤਾਂ ਅਭਿਧਾ ਸ਼ਬਦ ਸ਼ਕਤੀ ਹੋਵੇਗੀ ਲਕਸ਼ਣਾ ਨਹੀਂ। ਇਸਦੇ ਵਿਪਰੀਤ ਵਿਅੰਜਨਾ ਸ਼ਬਦ-ਸ਼ਕਤੀ ਨੂੰ ਮੁਖ ਅਰਥ ਵਿਚ ਰੋਕ ਦੀ ਕੋਈ ਮਜਬੂਰੀ ਨਹੀਂ। ਦੂਸਰਾ ਅੰਤਰ ਇਹ ਹੈ ਕਿ ਲਕਸ਼ਣਾ ਵਿਚ ਮੁਖ ਅਰਥ ਅਤੇ ਲਕਸ਼ਾਰਥ ਦੀ ਕਿਤੇ ਨਾ ਕਿਤੇ ਗੁਣ ਜਾਂ ਲੱਛਣ ਦੀ ਸਮਾਨਤਾ ਹੁੰਦੀ ਹੈ, ਪਰ ਵਿਅੰਜਨਾ ਵਿਚ ਇਸ ਪ੍ਰਕਾਰ ਦਾ ਸੰਬੰਧ ਵੀ ਨਹੀਂ ਹੁੰਦਾ।

ਲਕਸ਼ਣਾ ਅਤੇ ਵਿਅੰਜਨਾ ਵਿਚਾਲੇ ਇਕ ਅੰਤਰ ਇਹ ਵੀ ਹੈ ਕਿ ਲਕਸ਼ਣਾ ਰਾਹੀਂ ਸਿਰਫ ਇਕ ਹੀ ਭਾਵਅਰਥ ਦੀ ਪ੍ਰਤੀਤੀ ਹੁੰਦੀ ਹੈ, ਪਰ ਵਿਅੰਜਨਾ ਰਾਹੀਂ ਪ੍ਰਸੰਗ ਦੇ ਅਨੁਸਾਰ ਇਕ ਤੋਂ ਵਧੀਕ ਅਰਥਾਂ ਦੀ ਪ੍ਰਤੀਤੀ ਵੀ ਹੋ ਸਕਦੀ ਹੈ। ਅਤੇ ਕਿਉਂਕਿ ਕਾਵਿ-ਸ਼ਾਸਤ੍ਰੀ ਇਸ ਵਿਚਾਰ ਦੇ ਹਾਮੀ ਹਨ ਕਿ ਕਾਵਿ ਦੀ ਮਹਾਨਤਾ ਦਾ ਆਧਾਰ ਉਸਦੀ ਅਨੇਕਾਰਥਕਤਾ ਹੈ ਅਤੇ ਇਸ ਅਨੇਕਾਰਥਕਤਾ ਦੀ ਕਾਵਿ ਵਿਚ ਪ੍ਰਾਪਤੀ ਵਿਅੰਜਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਬਦ-ਸ਼ਕਤੀ ਦੀ ਸਹਾਇਤਾ ਨਾਲ ਹੋ ਸਕਦੀ ਹੈ ਇਸ ਕਰਕੇ ਵਿਅੰਜਨਾ ਦਾ ਕਾਵਿ-ਸ਼ਾਸਤ੍ਰ ਵਿਚ ਵਿਸ਼ੇਸ਼ ਮਹਤਵ ਹੈ।

ਅਮਰੀਕੀ ਨਵ-ਆਲੋਚਕ ਕਾਵਿ-ਕਿਰਤ ਦੇ ਅਖੰਡ ਚਰਿਤ੍ਰ ਦੀ ਗੱਲ ਰੂਪਕ, ਵਿਅੰਗ ਤੇ ਵਿਰੋਧਾਭਾਸਾਂ ਦੀ ਮਦਦ ਨਾਲ ਕਰਦੇ ਰਹੇ ਹਨ। ਬਲੈਕਮੂਰ ਭਾਸ਼ਾ 'ਜੈਸਚਰ' ਦੀ ਗੱਲ ਕਰਦਾ ਰਿਹਾ ਹੈ। ਇਹ ਸਭ ਕਿਤੇ ਨਾ ਕਿਤੇ ਧੁਨੀ ਸਿਧਾਂਤ ਦੇ ਧੁਨੀ-ਕਾਵਿ ਜਾਂ ਸ਼ਬਦ-ਸ਼ਕਤੀਆਂ ਨਾਲ ਮੇਲ ਖਾਂਦੀਆਂ ਜੁਗਤਾਂ ਪ੍ਰਤੀਤ ਹੁੰਦੀਆਂ ਹਨ। ਡਾ. ਹਰਿਭਜਨ ਸਿੰਘ ਨਵਆਲੋਚਨਾ ਦੇ ਭਾਸ਼ਾ ਸਿਧਾਂਤ ਦੀ ਗੱਲ ਕਰਦਿਆਂ ਇਨ੍ਹਾਂ ਸਿਧਾਂਤਾ ਨਾਲ ਸੰਬੰਧਿਤ ਸੰਕੇਤਾ ਦੀ ਸਹਾਇਤਾ ਨਾਲ ਨਵਆਲੋਚਨਾ ਦੇ ਸਿਧਾਂਤਾ ਦੀ ਜਦੋਂ ਵਿਆਖਿਆ ਕਰਦਾ ਹੈ ਤਾ ਭਾਰਤੀ ਕਾਵਿ-ਸ਼ਾਸਤ੍ਰੀ ਸਿਧਾਂਤਾ ਦੀ ਪ੍ਰਾਸੰਗਿਕਤਾ ਸਹਿਜੇ ਹੀ ਉਜਾਗਰ ਹੋ ਜਾਂਦੀ ਹੈ :

> "ਐਲਨ ਟੇਟ ਨੇ ਤਨਾਉ ਦਾ ਸੰਕਲਪ ਪੇਸ਼ ਕੀਤਾ। ਭਾਸ਼ਾ ਦੇ ਅਭਿਧਾ ਪੱਖ ਨੂੰ ਟੇਟ ਬਾਹਰ-ਤਨਾਉ ਕਹਿੰਦਾ ਹੈ ਤੇ ਉਸਦੀ ਲਕਸ਼ਣਾ ਜਾਂ ਵਿਅੰਜਨਾ ਨੂੰ ਉਸਦਾ ਅੰਦਰ-ਤਨਾਉ। ਅੰਦਰ-ਤਨਾਉ ਅਤੇ ਬਾਹਰ-ਤਨਾਉ ਵਿਚਕਾਰ ਸੰਤੁਲਨ ਤਨਾਉ ਹੈ। ਬਾਹਰ-ਤਨਾਉ ਦਾ ਸੰਬੰਧ ਕਵਿਤਾ ਦੀ ਨਿਆਇਕ ਗਤੀ ਨਾਲ ਹੈ। ਉਸਦਾ ਅੰਦਰ-ਤਨਾਉ ਕਵਿਤਾ ਦੇ ਭਾਵੁਕ ਅਤੇ ਚਿਤ੍ਰਾਤਮਕ ਵਿਕਾਸ ਨਾਲ ਸੰਬੰਧਿਤ ਹੈ। ਤਨਾਉ ਦਾ ਸੰਬੰਧ ਕਵਿਤਾ ਦੇ ਸਮੁੱਚੇ ਬਾਹਰ-ਤਨਾਉ ਅਤੇ ਅੰਤਰ-ਤਨਾਉ ਦੇ ਸੁਗਠਿੱਤ ਰੂਪ ਨਾਲ ਹੈ।"[1]

ਨਵਆਲੋਚਨਾ ਹੀ ਨਹੀਂ ਪਰਾਗ ਭਾਸ਼ਾ ਵਿਗਿਆਨਕ ਸਰਕਲ ਦੁਆਰਾ ਪੇਸ਼ ਬੋਲ ਚਾਲ ਅਤੇ ਕਾਵਿ-ਭਾਸ਼ਾ ਦੇ ਪ੍ਰਕਾਰਜੀ ਅੰਤਰ ਸੰਬੰਧੀ ਅੰਤਰ-ਦ੍ਰਿਸ਼ਟੀ ਅਤੇ ਉਸਤੋਂ ਵੀ ਪਹਿਲਾਂ ਰੂਸੀ ਰੂਪਵਾਦ ਵਿਚ ਅਜਨਬੀਕਰਣ ਦੇ ਸਿਧਾਂਤ ਰਾਹੀਂ ਸਥਾਪਿਤ ਇਸੇ ਤਰ੍ਹਾਂ ਦਾ ਨਿਖੇੜਾ ਉਪਰੋਕਤ ਭਾਰਤੀ ਕਾਵਿ-ਸ਼ਾਸਤ੍ਰੀ ਸਿਧਾਂਤਾ ਤੋਂ ਅੰਤਰ-ਦ੍ਰਿਸ਼ਟੀ ਪ੍ਰਾਪਤ ਕਰਕੇ ਸਮਝਿਆ ਜਾ ਸਕਦਾ ਹੈ।

ਭਾਰਤੀ ਕਾਵਿ-ਸ਼ਾਸਤ੍ਰ ਦਾ ਇਕ ਹੋਰ ਬਹੁ ਚਰਚਿਤ ਸਿਧਾਂਤ ਰਸ ਸਿਧਾਂਤ ਹੈ। ਇਸਦੀ ਮਹਤੱਤਾ ਅਤੇ ਪ੍ਰਾਸੰਗਿਕਤਾ ਤਾਂ ਹਿੰਦੀ ਸਾਹਿਤ-ਸਮੀਖਿਆ ਵਿਚ ਚਰਚਿੱਤ ਵਿਸ਼ਾ ਹੈ। ਅਚਾਰੀਯ ਰਾਮ ਚੰਦਰ ਸ਼ੁਕਲ, ਡਾ. ਨਗੇਂਦ੍ਰ ਅਤੇ ਡਾ. ਨਾਮਵਰ ਸਿੰਘ ਜਿਹੇ ਸਾਹਿਤ-ਸ਼ਾਸਤ੍ਰੀ ਵੀ ਇਸ ਦ੍ਰਿਸ਼ਟੀ ਤੋਂ ਰਸ ਸਿਧਾਂਤ ਦੀ ਪੁਨਰਵਿਆਖਿਆ ਵਿਚ ਰੁੱਝੇ ਹੋਏ ਪ੍ਰਤੀਤ ਹੁੰਦੇ ਹਨ। ਉਥੇ ਵੀ ਸਾਹਿਤ ਚਿੰਤਕਾਂ ਦਾ ਇਕ ਵਰਗ ਤਾਂ ਉਹ ਹੈ ਜਿਹੜਾ ਇਹ ਮੰਨਦਾ ਹੈ ਕਿ 'ਰਸ-ਅਲੰਕਾਰ ਤਾਂ ਪੁਰਾਣੀਆਂ ਚੀਜਾਂ ਹਨ, ਉਨ੍ਹਾਂ ਦਾ ਜ਼ਮਾਨਾ ਗਿਆ'। ਅਤੇ ਦੂਸਰਾ ਚਿੰਤਨ-ਵਰਗ ਉਹ ਹੈ ਜਿਹੜਾ ਇਨ੍ਹਾਂ ਪੁਰਾਣੇ ਸਾਹਿਤ-ਸਿਧਾਂਤਾ ਦੀ ਪ੍ਰਾਸੰਗਿਕਤਾ ਵਿਚ ਵਿਸ਼ਵਾਸ ਰਖਦਾ ਹੈ ਅਤੇ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਸ

1. ਸਾਹਿਤ ਵਿਗਿਆਨ, ਪੰਨਾ 62

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਤ ਦੇ ਵਿਰੋਧੀ ਸਿਰਫ 'ਫੈਸ਼ਨ' ਕਾਰਣ ਹੀ ਵਿਰੋਧੀ ਹਨ। ਕਿਉਂਕਿ ਪ੍ਰਾਸੰਗਿਤਾ ਦੇ ਮਤ ਨੂੰ ਅਸਵੀਕਾਰ ਕਰਨ ਵਾਲਿਆਂ ਵਿਚ ਬਹੁਤੇ ਉਹੀ ਹਨ ਜਿਹੜੇ ਇੰਨਾ ਹੀ ਜਾਣਦੇ ਹਨ ਕਿ "ਰਸ-ਅਲੰਕਾਰ ਆਦਿ ਸਾਡੇ ਸਾਹਿਤ ਦੇ ਬਹੁਤ ਸਮੇਂ ਤੋਂ ਵਰਤੇ ਜਾਣ ਵਾਲੇ ਸ਼ਬਦ ਹਨ, ਅੰਗ੍ਰੇਜ਼ੀ ਸ਼ਬਦਾਂ ਦੇ ਅਨੁਵਾਦ ਨਹੀਂ। ਇਸ ਕਰਕੇ ਇਨ੍ਹਾਂ ਦਾ ਨਾਮ ਲੈਣਾ ਫੈਸ਼ਨ ਦੇ ਖਿਲਾਫ ਹੈ।"[1] ਡਾ. ਨਗੇਂਦ੍ਰ ਰਸ ਸਿਧਾਂਤ ਦੇ ਨਵੇਂ ਪ੍ਰਚਾਰਕਾਂ ਵਿਚੋਂ ਹੈ ਅਤੇ ਉਸ ਦਾ ਮਤ ਹੈ ਕਿ "ਰਸਾਤਮਕ ਬੋਧ ਇਕ ਵਿਆਪਕ ਅਤੇ ਸਮਕਾਲੀਨ ਕਾਵਿ-ਮੁੱਲ ਹੈ ਜਿਸਦਾ ਆਧਾਰ ਹੈ ਸ਼ਬਦ-ਅਰਥ ਦੇ ਮਾਧਿਅਮ ਰਾਹੀਂ ਮਾਨਵ-ਵਿਅਕਤਿੱਤਵ ਦੀ ਸਾਰਥਕਤਾ ਦੀ ਪ੍ਰਤੀਤੀ ਅਤੇ ਸਿੱਧੀ ਹੈ ਆਨੰਦ।"[2] ਭਾਰਤੀ ਸਾਹਿਤ ਅਚਾਰੀਆਂ ਨੇ ਰਸ ਨੂੰ ਸਾਹਿਤ ਦੀ ਆਤਮਾ ਕਿਹਾ ਹੈ। ਇਸ ਤੋਂ ਉਨ੍ਹਾਂ ਦਾ ਭਾਵ ਇਹ ਹੈ ਕਿ ਸ਼ਬਦ ਅਤੇ ਅਰਥ ਦੇ ਬਣੇ ਸਰੀਰ ਵਿਚ ਰਸ ਹੀ ਕਵਿਤਾ ਵਿਚ ਸ਼ੁਰੂ ਤੋਂ ਅੰਤ ਤਕ ਭਾਵ ਧਾਰਾ ਦੇ ਰੂਪ ਵਿਚ ਉਹ ਗਤੀਸ਼ੀਲ ਤੱਤ ਹੈ ਜਿਸਦੇ ਕਾਰਣ ਕਵਿਤਾ ਨੂੰ ਕਵਿਤਾ ਦਾ ਨਾਮ ਦਿੱਤਾ ਜਾ ਸਕਦਾ ਹੈ। ਰਸ ਸੰਪ੍ਰਦਾਇ ਦੇ ਸਭ ਤੋਂ ਮਹਤਵਪੂਰਨ ਸਮਰਥਕ ਅਚਾਰੀਜ ਵਿਸ਼ਵਾਨਾਥ ਨੇ ਆਪਣੇ ਗ੍ਰੰਥ 'ਸਾਹਿੱਤ-ਦਰਪਣ' ਵਿਚ ਕਿਹਾ ਹੈ ਕਿ "ਰਸਤਾਮਕ ਵਾਕ ਹੀ ਕਾਵਿ ਹੈ।" ਆਨੰਦ ਵਰਧਨ ਤਾਂ 'ਰਸ' ਨੂੰ ਧ੍ਵਨੀ ਦਾ ਹੀ ਇਕ ਮਹਤਵਪੂਰਨ ਭੇਦ ਸਵੀਕਾਰ ਕਰਦੇ ਹਨ।

8550

ਅਸਲ ਵਿਚ ਸੰਸਕ੍ਰਿਤ ਕਾਵਿ-ਸ਼ਾਸਤ੍ਰ ਵਿਚ ਰਸ-ਸਿਧਾਂਤ ਦੇ ਦੋ ਪੱਖਾਂ ਨੂੰ ਧਿਆਨ ਵਿਚ ਰਖਕੇ ਵਿਚਾਰ ਕੀਤੀ ਗਈ ਹੈ। ਇਨ੍ਹਾਂ ਵਿਚੋਂ ਇਕ ਦਾ ਸੰਬੰਧ ਅਰਥ-ਮੀਮਾਂਸਾ ਨਾਲ ਹੈ ਅਤੇ ਦੂਜੇ ਦਾ ਸੰਬੰਧ ਰਸ ਦੇ ਅਸਵਾਦ ਪੱਖ ਨਾਲ ਹੈ ਜਿਸ ਨੂੰ ਆਨੰਦ ਮੂਲਕ ਤੱਤਵਾਦ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਰਸ ਦਾ ਇਹ ਦੂਰਾ ਪੱਖ ਤਾਂ ਇਕ ਯੁਗ ਵਿਸ਼ੇਸ਼ ਦੇ ਸ਼ਬਦ-ਸਭਿਆਚਾਰ ਨਾਲ ਜੁੜਿਆ ਹੋਇਆ ਹੈ ਪਰ ਜੇ ਰਸ ਦੀ ਸਮਕਾਲੀਨ ਪ੍ਰਾਸੰਗਿਕਤਾ ਦੀ ਪਛਾਣ ਕਰਨੀ ਹੈ ਤਾਂ ਉਸਦੇ ਉਸ ਪੱਖ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ ਜਿਸਦਾ ਸੰਬੰਧ ਅਰਥ ਮੀਮਾਸਾਂ ਨਾਲ ਹੈ। ਇਸ ਲਈ ਵਰਤਮਾਨ ਸਮੇਂ ਵਿਚ ਇਹ ਸਮਝ ਲੈਣ ਦੀ ਲੋੜ ਹੈ ਕਿ ਧ੍ਵਨੀ ਤੋਂ ਬਗੈਰ ਰਸ ਦੀ ਸਥਾਪਨਾ ਦਾ ਕੋਈ ਆਧਾਰ ਨਹੀਂ ਅਤੇ ਸੰਸਕ੍ਰਿਤ ਕਾਵਿ-ਸ਼ਾਸਤ੍ਰ ਵਿਚ ਅੰਤਮ ਰੂਪ ਵਿਚ ਰਸ ਦੀ ਪ੍ਰਸਿੱਧੀ ਰਸ-ਧ੍ਵਨੀ ਦੇ ਰੂਪ ਵਿਚ ਹੀ ਹੋਈ ਹੈ।

ਅੰਤ ਵਿਚ ਮੈਂ ਕਹਾਂਗਾ, ਕਿ ਭਾਰਤੀ-ਕਾਵਿ-ਸ਼ਾਸਤ੍ਰ ਦੀ ਅੱਜ ਦੇ ਸਮੇਂ ਵਿਚ ਮਹਤੱਤਾ ਅਤੇ ਪ੍ਰਾਸੰਗਿਕਤਾ ਦੇ ਇਸ ਪ੍ਰਸ਼ਨ ਸੰਬੰਧੀ ਚਰਚਾ ਨੂੰ ਅਚਾਰੀਜ ਰਾਮ ਚੰਦਰ ਸ਼ੁਕਲ ਦੇ ਇਨ੍ਹਾਂ ਸ਼ਬਦਾਂ ਰਾਹੀਂ ਸਮੇਟਿਆ ਜਾ ਸਕਦਾ ਹੈ -."ਸ਼ਬਦ-ਸ਼ਕਤੀ, ਰਸ ਅਤੇ

---

1. ਡਾ. ਨਾਮਵਰ ਸਿੰਘ, *ਕਵਿਤਾ ਕੇ ਨਯੇ ਪ੍ਰਤਿਮਾਨ*.
2. ਡਾ. ਨਾਮਵਰ ਸਿੰਘ, *'ਕਵਿਤਾ ਦੇ ਨਏ ਪ੍ਰਤੀਮਾਨ'* ਵਿਚ ਡਾ. ਨਗੇਂਦ੍ਰ, ਪੰਨਾ 46

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਲੰਕਾਰ ਕਾਵਿ-ਸਮੀਖਿਆ ਲਈ ਏਨੇ ਉਪਯੋਗੀ ਹਨ ਕਿ ਇਨ੍ਹਾਂ ਤੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਦੀ ਸਹਾਇਤਾ ਨਾਲ ਸੰਸਾਰ ਦੀਆਂ ਨਵੀਆ-ਪੁਰਾਣੀਆਂ ਸਭ ਪ੍ਰਕਾਰ ਦੀਆਂ ਕਵਿਤਾਵਾ ਦੀ ਬਹੁਤ ਸੂਖਮ, ਮਾਰਮਿਕ ਅਤੇ ਸਵੱਛ ਆਲੋਚਨਾ ਹੋ ਸਕਦੀ ਹੈ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰਨ ਸਿੰਘ ਦੀ ਕਾਵਿ-ਦ੍ਰਿਸ਼ਟੀ

ਪੂਰਨ ਸਿੰਘ ਮੂਲ ਰੂਪ ਵਿਚ ਕਵੀ ਹੈ। ਪਰ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਪਣੇ ਸਮੇਂ ਤਕ ਸ਼ਾਇਦ ਉਹੀ ਇਕੱਲਾ ਕਵੀ ਸੀ, ਜਿਸ ਨੇ ਆਪਣੀਆਂ ਵਿਭਿੰਨ ਰਚਨਾਵਾਂ ਵਿਚ ਕਾਵਿ ਸੰਬੰਧੀ ਵਿਚਾਰ ਪ੍ਰਗਟ ਕੀਤੇ ਹਨ। ਕਿਉਂਕਿ ਕਿਸੇ ਵੀ ਇਕ ਕਿਰਤ ਵਿਚ ਉਸਨੇ ਸੰਪੂਰਨ ਕਾਵਿ-ਸ਼ਾਸਤ੍ਰੀ ਚਰਚਾ ਪੇਸ਼ ਨਹੀਂ ਕੀਤੀ ਇਸ ਕਰਕੇ ਉਸਦੇ ਕਾਵਿ ਸੰਬੰਧੀ ਵਿਚਾਰਾਂ ਨਾਲ ਸਾਂਝ ਪਾਉਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਸਦੀਆਂ ਵਿਭਿੰਨ ਰਚਨਾਵਾਂ ਵਿਚੋਂ ਪ੍ਰਾਪਤ ਉਸਦੇ ਇਨ੍ਹਾਂ ਵਿਚਾਰਾ ਨੂੰ ਇਕਠਿਆਂ ਕਰਕੇ ਦ੍ਰਿਸ਼ਟੀਗੋਚਰ ਕੀਤਾ ਜਾਵੇ। ਇਸ ਪੱਤਰ ਵਿਚ ਮੈਂ ਇਸੇ ਪ੍ਰਕਾਰ ਦਾ ਯਤਨ ਕੀਤਾ ਹੈ। ਇਸ ਸੰਬੰਧੀ ਗਿਆਨ ਲਈ ਮੈਂ ਕਵੀ ਦੀਆਂ ਕਵਿਤਾਵਾਂ ਅਤੇ ਵਾਰਤਕ ਦੋਹਾਂ ਨਾਲ ਸੰਬੰਧਿਤ ਰਚਨਾਵਾਂ ਨੂੰ ਆਧਾਰ ਬਣਾਇਆ ਹੈ। ਪੂਰਨ ਸਿੰਘ ਕਿਉਂਕਿ ਬਹੁਭਾਸ਼ਾਈ ਪਰੰਪਰਾ ਦਾ ਅਨੁਸਰਣ ਕਰਨ ਵਾਲਾ ਵਿਦਵਾਨ ਹੈ ਇਸ ਕਰਕੇ ਉਸਦੇ ਕਾਵਿ ਸੰਬੰਧੀ ਵਿਚਾਰ ਵੀ ਸਾਨੂੰ ਇਕ ਤੋਂ ਵਧ ਭਾਸ਼ਾਵਾਂ ਵਿੱਚ ਮਿਲਦੇ ਹਨ। ਇਸ ਪਤਰ ਵਿਚ ਮੈਂ ਉਸਦੀਆਂ ਪੰਜਾਬੀ ਵਿਚ ਪ੍ਰਾਪਤ ਕਾਵਿ ਅਤੇ ਹੋਰ ਰਚਨਾਵਾਂ ਤੋਂ ਇਲਾਵਾ ਉਸਦੀ ਇਕ ਵਿਸ਼ੇਸ਼ ਅੰਗ੍ਰੇਜ਼ੀ ਪੁਸਤਕ 'The Spirit of Oriental Poetry' ਨੂੰ ਵੀ ਆਧਾਰ ਬਣਾਇਆ ਹੈ। ਪੂਰਨ ਸਿੰਘ ਆਪ ਵੀ ਇਨ੍ਹਾਂ ਵਿਚਾਰਾਂ ਨੂੰ ਵਿਭਿੰਨ ਸੋਮਿਆਂ ਵਿਚੋਂ ਪ੍ਰਾਪਤ ਕਰਦਾ ਪ੍ਰਤੀਤ ਹੁੰਦਾ ਹੈ। ਪਰ, ਉਨ੍ਹਾਂ ਵਿਚਾਰਾਂ ਪ੍ਰਤੀ ਉਸਦੀ ਆਪਣੀ ਵਿਸ਼ੇਸ਼ ਪ੍ਰਤੀਕ੍ਰਿਆ ਹੈ, ਜਿਸ ਦੇ ਰੰਗ ਵਿਚ ਰੰਗੇ ਜਾ ਕੇ ਇਹ ਵਿਚਾਰ ਪੂਰਨ ਸਿੰਘ ਦੀ ਲਿਖਤ ਦਾ ਅੰਗ ਬਣਦੇ ਹਨ। ਇੰਜ ਇਨ੍ਹਾਂ ਵਿਚਾਰਾਂ ਨੂੰ ਪੇਸ਼ ਕਰਨ ਸਮੇਂ ਪੂਰਨ ਸਿੰਘ ਵਸਤੂ-ਨਿਸ਼ਟ ਨਾ ਹੋ ਕੇ ਉਨ੍ਹਾਂ ਪ੍ਰਤੀ ਭਾਵੁਕ ਪ੍ਰਤੀਕਰਮ ਪੇਸ਼ ਕਰਦਾ ਹੈ। ਕਿਸੇ ਬਾਰੇ ਗੱਲ ਕਰਨ ਸਮੇਂ ਜਾਂ ਤਾਂ ਉਹ ਭਰਪੂਰ ਨਿੰਦਾ ਕਰੇਗਾ, ਜਾਂ ਭਰਪੂਰ ਪ੍ਰਸ਼ੰਸਾ। ਅਤੇ ਜੋ ਉਸਨੂੰ ਪਸੰਦ ਆ ਜਾਏ ਉਸਦੇ ਵਿਚਾਰਾਂ ਦੀ ਉਹ ਇੰਜ ਵਿਆਖਿਆ ਕਰੇਗਾ ਕਿ ਉਹ ਉਸਦੇ ਆਪਣੇ ਚਰਿਤ੍ਰ ਵਿਚ ਰੰਗੇ ਜਾ ਕੇ ਕਾਫੀ ਸਾਰਾ ਅਰਥ ਪਰਿਵਰਤਨ ਕਰਕੇ ਪਾਠਕ ਸਾਹਮਣੇ ਆਉਣਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਦਾ ਅਰਥ ਇਹ ਵੀ ਹੋ ਸਕਦਾ ਹੈ ਕਿ ਉਸ ਕੋਲ ਕਾਵਿ-ਦ੍ਰਿਸ਼ਟੀ ਤਾਂ ਹੈ, ਪਰ ਸਮੀਖਿਆਤਮਕ ਸੰਜਮ ਨਹੀਂ। ਉਸਦੀ ਇਸ ਬਿਰਤੀ ਦਾ ਇਕ ਹੋਰ ਪ੍ਰਮਾਣ ਅਤੇ ਪਰਿਣਾਮ ਉਸਦੇ ਆਪਣੇ ਵਿਚਾਰ-ਸੋਮੇ ਹਨ। ਇਨ੍ਹਾਂ ਸੋਮਿਆਂ ਵਿਚੋਂ ਕੋਈ ਵੀ ਸੋਮਾਂ ਸਾਹਿਤ-ਸਮੀਖਿਆ ਜਾਂ ਸਾਹਿਤ-ਸ਼ਾਸਤ੍ਰ ਨਾਲ ਸਬੰਧਿਤ ਨਹੀਂ। ਸਭ ਦੇ ਸਭ ਸੋਮੇਂ ਪੂਰਨ ਸਿੰਘ ਵਾਂਗ ਹੀ ਦੈਵ-ਮੁਖ ਹਨ ਜਾਂ ਉਹ ਆਪ ਉਨ੍ਹਾਂ ਨੂੰ ਉਸ ਰੂਪ ਵਿਚ ਪੇਸ਼ ਕਰ ਦੇਂਦਾ ਹੈ। ਭਾਈ ਵੀਰ ਸਿੰਘ, ਵਿਟਮੈਨ, ਤਬਰੇਜ਼, ਸੂਰਦਾਸ, ਮੀਰਾ, ਜੈਦੇਵ ਆਦਿ ਸਭ ਸਿਰਜਕ ਹਨ। ਐਮਰਸਨ ਅਤੇ ਥੋਰੂ ਵੀ ਉਸਨੂੰ ਸ਼ਾਇਦ ਇਸ ਲਈ ਪਸੰਦ ਹਨ ਕਿ ਉਸਦੀ ਆਪਣੀ ਵਿਚਾਰਧਾਰਾ ਵੀ ਉਨ੍ਹਾਂ ਤੋਂ ਬਹੁਤੀ ਵਖਰੀ ਨਹੀਂ। ਓਮਰ ਖ਼ਿਆਮ ਭਾਵੇਂ ਗਣਿਤ ਸ਼ਾਸਤ੍ਰੀ ਅਤੇ ਵਿਗਿਆਨੀ ਵੀ ਸੀ, ਪਰ ਪੂਰਨ ਸਿੰਘ ਉਸਤੋਂ ਵੀ ਪ੍ਰਭਾਵਿਤ ਇਕ ਕਵੀ ਕਰਕੇ ਹੀ ਹੋਇਆ ਹੈ।

ਪੂਰਨ ਸਿੰਘ ਦੇ ਇਨ੍ਹਾਂ ਵਿਚਾਰ-ਸੋਮਿਆਂ ਤੋਂ ਨਿਸ਼ਚੇ ਹੀ ਉਸਦੇ ਵਿਸ਼ਾਲ ਅਧਿਐਨ ਦਾ ਬੋਧ ਹੁੰਦਾ ਹੈ। ਪਰ, ਇਹ ਅਧਿਐਨ ਵਿਸ਼ਾਲ ਤਾਂ ਹੈ ਵਿਵਿਧ ਨਹੀਂ। ਕਾਰਣ ਬੜਾ ਸਪਸ਼ਟ ਹੈ - ਇਨ੍ਹਾਂ ਸਾਰੇ ਵਿਅਕਤੀਆਂ ਦੀ ਚੋਣ ਉਸਨੇ ਵਿਸ਼ੇਸ਼ ਦ੍ਰਿਸ਼ਟੀ ਨਾਲ ਕੀਤੀ ਹੈ। ਇਹ ਸਾਰੇ ਵਿਅਕਤੀ ਲਗਭਗ ਇਕੋ ਬਿਰਤੀ ਦੇ ਮਾਲਕ ਹਨ ਅਤੇ ਪੂਰਨ ਸਿੰਘ ਦੇ ਆਪਣੇ ਚਰਿਤ੍ਰ ਨਾਲ ਮੇਲ ਖਾਂਦੇ ਹਨ।

ਸੋ ਇਸ ਸਮੁੱਚੀ ਪਿੱਠਭੂਮੀ ਨੂੰ ਧਿਆਨ ਵਿਚ ਰਖਦਿਆਂ ਪੂਰਨ ਸਿੰਘ ਦੇ ਇਨ੍ਹਾਂ ਵਿਭਿੰਨ ਰਚਨਾਵਾਂ ਤੋਂ ਪ੍ਰਾਪਤ ਕਾਵਿ ਸੰਬੰਧੀ ਵਿਚਾਰਾਂ ਨੂੰ ਵੇਖਣ ਦੀ ਲੋੜ ਹੈ। ਪਰ, ਇਸ ਤੋਂ ਪਹਿਲਾਂ ਇਹ ਜਾਣ ਲੈਣ ਦੀ ਵੀ ਲੋੜ ਹੈ ਕਿ ਪੂਰਨ ਸਿੰਘ ਕਿਸੇ ਵਿਸ਼ੇਸ਼ ਨੇਮ-ਪ੍ਰਬੰਧ ਨੂੰ ਪਸੰਦ ਨਹੀਂ ਕਰਦਾ ਕਿਉਂਕਿ ਉਸ ਦੀ ਦ੍ਰਿਸ਼ਟੀ ਵਿਚ ਨੇਮ ਬੰਧਨ ਹਨ ਅਤੇ ਬੰਧਨ ਕਵਿਤਾ ਲਈ ਵੀ ਉਨ੍ਹਾਂ ਹੀ ਮਾਰੂ ਹੈ ਜਿਨ੍ਹਾਂ ਮਾਨਵੀ ਹੋਂਦ ਲਈ। ਉਸਦੇ ਵਿਚਾਰਾਂ ਦੇ ਆਧਾਰ ਉਪਰ ਕਿਸੇ ਇਕ ਸਿਸਟਮ ਨੂੰ ਉਸਾਰਨ ਲਗਿਆਂ ਉਸਦੇ ਇਨ੍ਹਾਂ ਕਾਵਿ-ਕਥਨਾਂ ਨੂੰ ਵੀ ਧਿਆਨ ਵਿਚ ਰਖਣ ਦੀ ਲੋੜ ਹੈ :

(1) ਨੇਮਾ ਵਾਲੀ ਗਲ ਨਾ ਕਰਨੀ ਕਾਈ,
ਧਰਮਾ ਕਰਮਾ ਥੀ ਨੱਸਣਾ
ਅਨੇਮੀ ਰਹਿਣੀ, ਸੋਚ ਸਾਰੀ ਡੋਬਣਾ
ਪਾਗਲ ਜਿਹਾ, ਵਹਿਸ਼ੀ ਇਹ ਚਾਅ ਮੇਰਾ
ਆਖੇ ਨਹੀਂ ਲਗਦਾ, ਨੇਮ ਵਿਚ ਨਾ ਗੱਜਦਾ[1]

(2) ਅੱਖਰਾਂ ਦੇ ਅੱਖਰ ਮੇਰੇ, ਨਿੱਕੇ ਨਿੱਕੇ ਹੱਥਾਂ ਵਿਚੋਂ ਡਿਗਡਿਗ ਪੈਂਦੇ,
ਮੇਰੇ ਨਿੱਕੇ ਨਿੱਕੇ ਹੱਥ, ਦਾਤਾਂ ਵਡੀਆਂ, ਝਨਾ ਦੇ ਝਨਾ ਪਏ ਵਗਦੇ।

---

1. ਪੂਰਨ ਸਿੰਘ ਜੀਵਨੀ ਤੇ ਕਵਿਤਾ, ਪੰਨਾ 188

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੇ ਗੁੰਮ ਗੁੰਮ ਜਾਦੇ ਮੈਂ ਥੀਂ.
ਸਾਰੇ ਮੁੜ ਲਭਦੇ ਨਾਂਹ.
ਮੇਰੇ ਬਾਲ-ਨੈਣ ਭੋਲੇ ਭਾਲੇ ਢੂੰਡ ਨਾ ਸਕਣ. ਭਾਵੇਂ ਭਾਲਣ ਚਾਰ ਚੁਫੇਰੀਆਂ।

ਮੈਨੂੰ ਰੰਗ ਬੰਨਣਾ ਨਹੀਂ ਆਉਂਦਾ ਹਾਲੀਂ,
ਉਹ ਰੰਗ ਜਿਹੜਾ ਕਦੀ ਕਦੀ.
ਮੇਰੇ ਅੰਦਰ ਕਣੀਂ ਕਣੀਂ. ਅੱਚਨਚੇਤ ਵਰ੍ਹਦਾ!
ਮਾੜਾ ਮਾੜਾ ਰੰਗ ਕੁਝ ਘੁਲ ਘੁਲ ਸਿੰਮਦਾ!
ਰਮਜ਼ਾਂ ਉੱਚੀਆਂ, ਨਾਦਾਨ ਮੈਂਡੀ-ਉਮਰ ਹਾਲੀਂ।[1]

ਇਨ੍ਹਾਂ ਟੂਕਾਂ ਵਿਚੋਂ ਪਹਿਲੀ ਟੂਕ ਤਾਂ ਪੂਰਨ ਸਿੰਘ ਦੀ ਚਰਿਤ੍ਰਕ ਅਨੋਮਤਾ ਵਲ ਸੰਕੇਤ ਕਰਦੀ ਹੈ ਅਤੇ ਦੂਜੇ ਕਾਵਿ-ਕਥਨ ਨੂੰ ਜੇ ਕਾਵਿ-ਸਿਰਜਣ-ਵਿਧੀ ਨਾਲ ਸੰਬੰਧਿਤ ਕੀਤਾ ਜਾਵੇ ਤਾਂ ਇਥੇ ਕਵਿਤਾ ਨੂੰ 'ਧੁਰ ਕੀ ਬਾਣੀ' ਹੀ ਸਵੀਕਾਰ ਕੀਤਾ ਗਿਆ ਹੈ। ਇਸ ਵਿਚ 'ਦਾਤਾਂ ਵੱਡੀਆਂ', 'ਰਮਜ਼ਾਂ ਉੱਚੀਆਂ' ਅਤੇ 'ਉਹ ਰੰਗ ਜਿਹੜਾ ਕਦੀ ਕਦੀ ਮੇਰੇ ਅੰਦਰ ਕਣੀ ਕਣੀ, ਅੱਚਨਚੇਤ ਵਰ੍ਹਦਾ।' ਇਸੇ ਪ੍ਰਕਾਰ ਦੇ ਕਾਵਿ-ਚਿੰਤਨ ਵਲ ਸੰਕੇਤ ਕਰਦੇ ਹਨ।

ਪੂਰਨ ਸਿੰਘ ਪੱਛਮੀ ਪਦਾਰਥਵਾਦੀ ਰੁਚੀਆਂ ਦਾ ਵਿਰੋਧ ਕਰਦਾ ਹੈ, ਸ਼ਾਇਦ ਇਸੇ ਕਰਕੇ ਕਿ ਇਹ ਰੁਚੀ ਮਨੁੱਖ ਨੂੰ ਨੇਮ ਵਿਚ ਬੰਨ੍ਹ ਦਿੰਦੀ ਹੈ, ਇਕ ਦੌੜ ਵਿਚ ਪਾ ਦਿੰਦੀ ਹੈ ਅਤੇ ਮਨੁੱਖ ਜ਼ਿੰਦਗੀ ਦੇ ਅਧਿਆਤਮਕ ਮੂਲਾਂ ਨੂੰ ਤਿਆਗ ਦੇਂਦਾ ਹੈ। ਇਸੇ ਰੁਚੀ ਦੇ ਵਿਰੋਧ ਵਿਚੋਂ ਹੀ ਉਸਦੇ ਉਹ ਵਿਚਾਰ ਪੈਦਾ ਹੁੰਦੇ ਹਨ ਜਿਹੜੇ ਕਵਿਤਾ ਨੂੰ ਜ਼ਿੰਦਗੀ ਦੇ ਅਧਿਆਤਮਕ ਪਾਸਾਰ ਨਾਲ ਜੋੜਨ ਦੇ ਹਾਮੀ ਪ੍ਰਤੀਤ ਹੁੰਦੇ ਹਨ ਅਤੇ ਉਹ ਕਹਿੰਦਾ ਹੈ 'ਪੂਰਬ ਦੇ ਦੇਸ਼ਾਂ ਵਿਚ ਸਾਧ ਬਚਨਾਂ ਨੂੰ ਹੀ ਕਵਿਤਾ ਅਥਵਾ ਉੱਚਾ ਸਾਹਿਤਯ ਮੰਨਿਆ ਹੈ। ਬਾਕੀ ਵਾਕ ਰਚਨਾ ਮੰਨੀ ਹੈ।'[2] ਕਾਵਿ, ਉਸ ਲਈ, ਬਹੁਤ ਉੱਚੀ ਚੀਜ਼ ਹੈ, ਉਹ ਇਸ ਦੁਨੀਆਂ ਦੀ ਵਸਤ ਨਹੀਂ. ਉਹ ਤਾਂ ਰੂਹਾਨੀਅਤ ਦੇ ਸੰਸਾਰ ਦੀ ਵਸਤ ਹੈ, ਦੈਵੀ ਆਵੇਸ਼ ਦੀ ਗੱਲ ਹੈ। ਉਹ ਸੰਸਾਰੀ ਜਿਨ੍ਹਾਂ ਨੂੰ ਅਸੀਂ ਕਵੀ ਕਹਿੰਦੇ. ਹਾਂ, ਪੂਰਨ ਸਿੰਘ ਲਈ ਉਹ ਕਵੀ ਨਹੀਂ, ਵਧ ਤੋਂ ਵਧ ਉਨ੍ਹਾਂ ਨੂੰ ਕਾਵਿਕ ਕਿਹਾ ਜਾ ਸਕਦਾ ਹੈ।[3] ਅਜਿਹੀ ਕਵਿਤਾ ਦੀ ਰਚਨਾ ਵੀ ਸਾਧਾਰਣ ਸਮਾਜਕ ਜੀਵ ਦੇ ਵਸ ਦੀ ਗੱਲ ਨਹੀਂ। ਕਵੀ ਉਹ ਹੈ ਜਿਹੜਾ ਸਿਰਫ ਆਪਣੀਆਂ ਅੱਖਾਂ ਦੇ ਖੋਲ੍ਹਣ ਨਾਲ ਹੀ ਦੂਜਿਆਂ ਨੂੰ ਦੈਵ ਦਾ ਦੀਦਾਰ ਕਰਵਾ ਸਕੇ; ਜਿਸਦੀ ਇਕ ਨਜ਼ਰ ਹੀ ਸਾਡੇ ਲਈ ਸੰਪੂਰਨ ਗਿਆਨ ਬਣ ਜਾਵੇ।'[4]

1. ਉਹੀ ਪੰਨਾ, 172
2. *ਪੂਰਨ ਸਿੰਘ ਦੀ ਵਾਰਤਕ*, ਪੰਨਾ-15
3. *The Spirit of Oriental Poetry,* page-10
4. Ibid., page-1

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਦੀ ਦ੍ਰਿਸ਼ਟੀ ਵਿਚ 'ਆਪਣੇ ਆਪ ਨੂੰ ਕਿਸੀ ਤਰਾਂ ਦੇ ਕਮਾਲ ਵਿੱਚ ਲੈ ਜਾਣਾ ਖੁਲਕੇ ਖ਼ੁਦਾ ਦੀ ਅਮੁੱਲ ਸੇਵਾ ਹੈ. ਸੇਵਾ ਦਾ ਆਖਰੀ ਸਰੂਪ ਬੇਗਰਜ਼ ਹੋਣਾ ਹੈ ਤੇ ਹਰ ਇਕ ਕੋਮਲ ਹੁਨਰ ਕਮਾਲ ਨੂੰ ਅਪੜ ਨਹੀਂ ਸਕਦਾ, ਜਦ ਤਕ ''ਹਊਮੈਂ ਅਤੀਤ'' ਅਵਸਥਾ ਨੂੰ ਪ੍ਰਾਪਤ ਨਾ ਕਰੇ।[1] 'ਖੁਲ੍ਹੇ ਘੁੰਡ' ਕਾਵਿ-ਸੰਗ੍ਰਹਿ ਦੀ ਭੂਮਿਕਾ ਵਿਚ ਪੂਰਨ ਸਿੰਘ ਇਸੇ ''ਹਊਮੈਂ ਅਤੀਤ'' ਅਵਸਥਾ ਨੂੰ ਹੀ ਗਾਉਣ ਦੀ ਗੱਲ ਕਰਦਾ ਹੈ :

ਮੈਂ ਢਾਡੀ ਉੱਚੇ, ਆਲੀਸ਼ਾਨ, ਗੁਰੂ ਨਾਨਕ ਕਰਤਾਰ ਦਾ,
ਅਜ ਮੇਰਾ ਗੀਤ ਸਿੰਘ 'ਅਮੈਂ' ਨੂੰ ਗਾਉਂਦਾ
ਮੈਨੂੰ ਕੋਮਲ ਹੁਨਰੀ ਕਿਰਤ, ਧਿਆਨ ਦੋਵੇਂ ਅੰਮ੍ਰਿਤ ਦਰਬਾਰ ਪੁਚਾਉਂਦੇ
ਮੈਂ ਦਾ ਗੀਤ ਗਾਇਆ ਜਰਮਨੀ ਦੇ ਨਿਤਸ਼ੇ,
ਗੀਤਾਂ ਦੇ ਗੀਤ ਥੀਂ ਵੀ ਵੱਖਰਾ,
ਮੇਰਾ ਗੀਤ ਹੋਰ ਹੈ,
ਉਹ ਵੀ ਮੈਂ ਦਾ ਗੀਤ ਹੋਰ ਵੱਖਰਾ
ਉਪਨਿਖਦਾਂ ਦੀ ਬ੍ਰਹਮ 'ਮੈਂ' ਦਾ ਗੀਤ ਨਾਂਹ,
ਮੈਂ ਗੁਰ-ਸਿੱਖ 'ਅ+ਮੈਂ' ਅਜ ਗਾਉਂਦਾ![2]

ਇੰਜ ਪੂਰਨ ਸਿੰਘ ਲਈ ਗੀਤ ਦਾ ਪ੍ਰਯੋਜਨ 'ਗੁਰ-ਸਿੱਖ ਅ+ਮੈਂ' ਨੂੰ ਗਾਉਣਾ ਹੈ। ਅਤੇ ਇਹ ਗੀਤ ਨਿਤਸ਼ੇ ਦੇ ਗੀਤ ਨਾਲੋਂ ਵੀ ਵੱਖਰਾ ਹੈ, ਪਰ ਇਹ ਉਪਨਿਖਦਾਂ ਦੀ ਬ੍ਰਹਮ 'ਮੈਂ' ਦਾ ਗੀਤ ਵੀ ਨਹੀਂ। ਸ਼ਾਇਦ ਇਸ ਨੂੰ ਅਸੀਂ ਪੂਰਨ ਸਿੰਘ ਦਾ ਆਪਣਾ ਵਿਲੱਖਣ ਸੁਰ ਵਾਲਾ ਗੀਤ ਕਹਿ ਸਕਦੇ ਹਾਂ। ਸਿੱਖ 'ਅ-ਮੈਂ' ਬਾਰੇ ਪੂਰਨ ਸਿੰਘ ਨੇ ਆਪਣੇ ਇਕ ਲੇਖ 'ਕੋਮਲ ਹੁਨਰ' ਵਿਚ ਰਤਾ ਕੁ ਵਿਸਥਾਰ ਨਾਲ ਗੱਲ ਕੀਤੀ ਹੈ। ਉਹ ਕਹਿੰਦਾ ਹੈ 'ਮੈਨੂੰ ਹੁਣ ਇਸ ਵਿਚ ਕੋਈ ਸ਼ਕ ਨਹੀਂ ਰਿਹਾ ਕਿ ਕਿ ਆਪਾ ਰਹਿਤਾ ਸਿੱਖ ਗ੍ਰਹਸਥ ਵਿੱਚ ਵੀ ਸਤਿਗੁਰਾਂ ਦਾ ਆਲੀਸ਼ਾਨ ਫਕੀਰ ਹੋ ਸਕਦਾ ਹੈ। ਸਿੱਖੀ ਅਤੇ ਸਿੱਖ ਫਕੀਰੀ ਹਉਮੈਂ ਦੇ ਕੇਂਦਰ ਥੀਂ ਉਠਦੇ ਆਪਾ ਰਹਿਤ ਪਿਆਰ ਦੇ ਕੇਂਦਰ ਵਿਚ ਰਹਿਣ ਦਾ ਨਾਮ ਹੈ.....ਸਾਡੇ ਸਤਿਗੁਰਾਂ ਨੇ ਇਨ੍ਹਾਂ ਤਿਆਗਾਂ, ਤਪਾਂ, ਹਠਾਂ ਤੇ ਸਾਧਨਾ ਨਾਲ ਪ੍ਰਾਪਤ ਕੀਤੀ ਦਿਸਦੀ ਪਿਸਦੀ ਹਉਮੈਂ ਅਤੀਤ ਅਵਸਥਾ ਨੂੰ ਨਮਨਜ਼ੂਰ ਕੀਤਾ ਹੈ। ਸਾਡੇ ਸਤਿਗੁਰਾਂ ਨੇ ਤਾਂ ਕੇਵਲ ਇਕੋਂ ਆਪਾ ਰਹਿਤ ਅਵਸਥਾ ਦੀ ਭੇਟਾ ਕਬੂਲ ਕੀਤੀ ਹੈ ਜਿਸ ਵਿਚ ਕਿਸੇ ਤਰ੍ਹਾਂ ਦੀ ਉਦਾਸੀ, ਸੋਚ, ਰੁਸੇਵਾਂ, ਕੁਰਬਾਨੀ ਦਾ ਖਿਆਲ ਨਾ ਹੋਵੇ, ਜਿਸ ਵਿਚ ਉਹੋ ਜਿਹਾ ਚਾ, ਉਮਾਹ, ਰਸ ਪਿਆਰ ਤੇ ਰੁਸੇਵਾਂ ਰਹਿਤ ਦਮਦਮੀ ਰਾਜੂਨਾਮਾ ਹੋਵੇ, ਜਿਵੇਂ ਨਵੇਂ ਲਾੜੇ ਤੇ ਲਾੜੀ ਦਾ ਚਾ ਤੇ ਸ਼ੌਕ, ਜੋਸ਼ ਤੇ ਪਿਆਰ ਹੁੰਦਾ ਹੈ।'[3]

---

1. *ਪੂਰਨ ਸਿੰਘ ਦੀ ਵਾਰਤਕ*, ਪੰਨਾ-141
2. *ਪੂਰਨ ਸਿੰਘ ਜੀਵਨੀ ਤੇ ਕਵਿਤਾ*, ਪੰਨਾ-310
3. *ਪੂਰਨ ਸਿੰਘ ਦੀ ਵਾਰਤਕ*, ਪੰਨਾ-141-42

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇ ਇਸ ਸਮੁੱਚੇ ਪ੍ਰਸੰਗ ਨੂੰ ਪੂਰਨ ਸਿੰਘ ਦੀ 'ਪੂਰਬੀ ਵਿਸਵ-ਦ੍ਰਿਸ਼ਟੀ' ਦੇ ਸੰਦਰਭ ਵਿਚ ਰਖਦੇ ਵੇਖੀਏ ਤਾਂ ਉਸਦਾ ਕਾਵਿ-ਸ਼ਾਸਤ੍ਰ ''ਗੁਰ-ਸਿੱਖ 'ਅ+ਮੈਂ' ' ਦਾ ਕਾਵਿ-ਸਾਸਤ੍ਰ ਹੈ। ਪਰ. ਵਡੇਰੇ ਸੰਦਰਭ ਵਿਚ ਇਹ 'ਮਨੁੱਖੀ ਆਤਮਾ ਵਿਚ ਵਸਦੇ ਦੈਵ ਦੀ ਪਛਾਣ' ਦਾ ਕਾਵਿ-ਸਾਸਤ੍ਰ ਹੈ, ਜਿਸ ਅਨੁਸਾਰ ਕਵਿਤਾ ਮਾਨਸਿਕ ਗੁਲਾਮੀ ਨੂੰ ਤੋਗਦੇ ਹੋਏ ਮਨੁੱਖ ਨੂੰ ਸੁਤੰਤਰ ਕਰਦੀ ਹੈ ਅਤੇ ਇਸ ਸੁਤੰਤਰਤਾ ਦਾ ਸੰਬੰਧ ਸਾਡੇ ਅੰਦਰ ਵਸਦੇ ਦੈਵ ਦੀ ਪ੍ਰਤੀਤੀ ਨਾਲ ਹੈ।[1] ਇਸੇ ਦ੍ਰਿਸ਼ਟੀ ਤੋਂ ਉਹ ਕਵੀ ਅਤੇ ਕਵਿਤਾ ਨੂੰ ਵੇਖਦਾ ਹੈ ਅਤੇ ਇਸ ਨਿਰਣੇ ਉਪਰ ਪੁੱਜਦਾ ਹੈ ਕਿ ਸੈਕਸਪੀਅਰ ਅਤੇ ਕਾਲੀਦਾਸ ''ਹੈਵਾਨੀ-ਇਨਸਾਨੀ ਕਵੀ ਹਨ' ਅਤੇ ਕਵਿਤਾ ਦੀ ਉੱਚੀ ਅਵਸਥਾ ਤਕ ਪਹੁੰਚਣ ਤੋਂ ਅਸਮਰਥ ਹਨ। ਇਹ ਕਵੀ ਨਹੀਂ ਹੋ ਸਕਦੇ ਇਹ ਤਾਂ ਸਭ 'ਇਕ ਸਕੂਲ ਦੇ ਮੁੰਡੇ ਹਨ ਜਿਹੜੇ ਆਪਣੇ ਇਸ ਯਤਨ ਵਿਚ ਹਨ ਕਿ ਕਿਸੇ ਤਰ੍ਹਾਂ ਕਵਿਤਾ ਦੇ ਰੱਬੀ ਰੰਗ ਨੂੰ ਪਹੁੰਚ ਸਕੀਏ। .... ਕਵੀ ਉਹ ਇਸ ਅੰਸ਼ ਵਿਚ ਕਹੇ ਜਾ ਸਕਦੇ ਹਨ, ਕਿ ਜਿਸ ਤਰ੍ਹਾਂ ਕਵੀ ਦਾ ਚਿੱਤ ਰੱਬੀ ਵਲਵਲਿਆਂ ਦੇ ਝਾਵਲਿਆਂ ਨੂੰ ਆਪਣੇ ਅੰਦਰ ਸਿੰਜਰ ਸਿੰਜਰ ਕੇ ਨਵੀਂ ਤਰ੍ਹਾਂ ਮੁੜ ਉਨ੍ਹਾਂ ਬੀਆਂ ਦਾ ਉਪਜਾਊ ਹੁੰਦਾ ਹੈ ਇਉਂ ਹੀ ਸ਼ੈਕਸਪੀਅਰ ਅਤੇ ਕਾਲੀਦਾਸ ਆਦਿ ਦਾ ਚਿੱਤ ਹੈਵਾਨ-ਆਦਮੀ ਤੇ ਹੈਵਾਨ-ਕੁਦਰਤ ਦੇ ਸਾਏ ਆਪਣੇ ਅੰਦਰ ਲੈ ਕੇ ਵੇਹਲੀਆਂ ਘਾੜਾਂ ਕਰ ਬਾਹਰ ਲੈ ਆਂਦੇ ਹਨ।'[2] ਇਕ ਹੋਰ ਥਾਂ ਕਵਿਤਾ ਦੇ ਪ੍ਰਯੋਜਨ ਬਾਰੇ ਗਲ ਕਰਦਾ ਪੂਰਨ ਸਿੰਘ ਕਹਿੰਦਾ ਹੈ ਕਿ 'ਕਵਿਤਾ ਦਾ ਪ੍ਰਯੋਜਨ ਸਾਨੂੰ ਸਾਡੇ ਸੁਵਰਗ ਦੀ ਪ੍ਰਾਪਤੀ ਵਿਚ ਮਦਦ ਕਰਨਾ ਹੈ, ਪਰ ਸ਼ੈਕਸਪੀਅਰ ਨੂੰ ਪੜ੍ਹਨ ਬਾਅਦ ਜੋ ਪ੍ਰਾਪਤ ਹੁੰਦਾ ਹੈ ਉਹ ਮਾਨਸਿਕ ਨਰਕ ਹੈ।'[3]

ਇਸ ਦਾ ਇਹ ਅਰਥ ਨਹੀਂ ਕਿ ਕਵੀ ਇਸ ਸੰਸਾਰ ਤੋਂ ਵਿਸ਼ਾ ਪ੍ਰਾਪਤ ਨਹੀਂ ਕਰ ਸਕਦਾ। ਉਹ ਵਿਸ਼ਾ ਤਾਂ ਇਸ ਸੰਸਾਰ ਵਿਚੋਂ ਪ੍ਰਾਪਤ ਕਰ ਸਕਦਾ ਹੈ, ਪਰ 'ਕਵੀ ਚਿੱਤ ਇਕ ਪਾਰਦਰਸ਼ੀ ਅਨੋਖਾ ਜਿਹਾ ਸ਼ੀਸ਼ਾ ਹੈ.....ਕਵੀ ਚਿੱਤ ਵਿਚ ਸੁਹਣਪਣਿਆਂ ਦੀ ਚੋਣ ਦੀ ਤਾਕਤ ਹੈ ਤੇ ਨਾਲੇ ਨਿਖਾਰਨ ਦੀ ਸ਼ਕਤੀ। ਜਦ ਕੋਈ ਚੀਜ਼ ਕਵੀ-ਚਿੱਤ ਦੇ ਸਾਹਮਣੇ ਆਈ, ਉਹ ਉਸਨੂੰ ਪ੍ਰਮਾਣੂ ਪ੍ਰਮਾਣੂ ਕਰ ਸਿੱਟਦਾ ਹੈ......ਇਸ ਸਮਿਗਰੀ ਵਿਚੋਂ ਕਵੀ ਚਿੱਤ ਰੱਬੀ-ਸੁਹੱਣਪ, ਰੱਬੀ ਦਿਲ ਦੇ ਗੁਣਾਂ ਦੇ ਹੀਰੇ ਪ੍ਰਮਾਣੂਆਂ ਨੂੰ ਆਪ ਮੁਹਾਰਾ ਅਲਗ ਕਰਕੇ ਅਪਣੀ ਅਕਹਿ ਰਸ ਦੀ ਕਰਤਾਰਤਾ ਨੂੰ ਸਿੱਧ ਕਰਦਾ ਹੈ।'[4] ਪਰ ਕਵੀ ਦੀ ਇਹ

1. "True poetry must free us....freedom lies in the full realization of the Divinewithinourownsouls."–*The Spirit of Oriental Poetry*, page-7
2. *ਪੂਰਨ ਸਿੰਘ ਦੀ ਵਾਰਤਕ*, ਪੰਨਾ 30-31
3. "The function of poetry is to help us win our own paradise, but after reading Shakespeare all that survives is mental hell in which we may pass our days in unnecessary, artificial yet terribe agony."
The Spirit of Oriental Poetry Page-23-24
CC-0. In Public Domain. Gurukul Kangri Collection, Haridwar
4. *ਪੂਰਨ-ਸਿੰਘ ਦੀ ਵਾਰਤਕ*, ਪੰਨਾ 26 ਅਤੇ 32

Digitized by Arya Samaj Foundation Chennai and eGangotri

ਕਰਤਾਰਤਾ ਵੀ ਕਵੀ ਦੇ ਆਪਣੇ ਵਸ ਨਹੀਂ ਇਸ ਉਪਰ ਵੀ ਦੈਵੀ ਨਿਅੰਤਰਣ ਹੈ। ਦੈਵੀ ਆਵੇਸ਼ ਅਤੇ ਦੈਵੀ ਪ੍ਰੇਰਣਾ ਦੀ ਮਦਦ ਨਾਲ ਹੀ ਕਵੀ ਕਰਤਾ ਬਣਦਾ ਹੈ। ਪੂਰਨ ਸਿੰਘ ਦੀ ਦ੍ਰਿਸ਼ਟੀ ਵਿਚ ਕੋਈ ਧਰਮ ਕੋਈ ਕਲਾ ਪ੍ਰਮਾਤਮਤਾ ਦੀ ਪ੍ਰੇਰਨਾ ਤੋਂ ਬਗੈਰ ਸੰਭਵ ਨਹੀਂ। ਇਹ ਵੱਖਰੀ ਗਲ ਹੈ ਕਿ ਪ੍ਰੇਰਨਾ ਦੇ ਮੌਕੇ ਬੜੇ ਘੱਟ ਆਉਂਦੇ ਹਨ, ਉਹ ਸਾਡੇ ਵਸ ਵਿਚ ਨਹੀਂ, ਪਰ ਉਸਦਾ ਵਾਸਾ ਸਾਡੇ ਅੰਦਰ ਹੈ।[1] ਪਰ ਇਹ ਸੱਚ ਹੈ ਕਿ ਕਵਿਤਾ ਲਈ ਅਤੇ ਸੱਚੀ ਕਵਿਤਾ ਲਈ ਦੈਵੀ ਛੋਹ ਦਾ ਹੋਣਾ ਬਹੁਤ ਜ਼ਰੂਰੀ ਹੈ। ਪੂਰਨ ਸਿੰਘ ਕਹਿੰਦਾ ਹੈ :

> ''ਜੀਵਨ ਦੀ ਕੋਈ ਅਵਸਥਾ ਜਿਸ ਵਿਚ ਇਹ ਰੱਬੀ ਦੈਵੀ ਛੋਹ ਹੈ, ਉਹ ਕਵਿਤਾ ਦੀ ਅਵਸਥਾ ਹੈ। ਓਸ ਥੀ ਹਿਠਾਹਾਂ ਭਾਵੇਂ ਕਿੰਨਾ ਢੋਲ ਢੱਮਕਾ ਹੋਵੇ, ਕੁਛ ਹੋਵੇ, ਕਵਿਤਾ ਨਹੀਂ ਹੋ ਸਕਦੀ, ਭਾਵੇ ਕੋਈ ਸਿਰ ਥੀਂ ਪੈਰ ਤਕ ਉਲਟਾ ਪਿਆ ਹੋਵੇ।''[2]

ਸੰਖੇਪ ਵਿਚ ਪੂਰਨ ਸਿੰਘ ਦੀ ਕਾਵਿ-ਦ੍ਰਿਸ਼ਟੀ ਦੈਵ-ਕੇਂਦਰਿਤ ਹੈ। ਉਸ ਅਨੁਸਾਰ ਕਵੀ ਦਾ ਯਤਨ ਇਸ ਦਿਸਦੀ ਦੁਨੀਆਂ ਤੋਂ ਪਰ੍ਹੇ ਕਿਸੇ ਅਣਦਿਸਦੇ ਸੰਸਾਰ ਦੀ ਸਚਾਈ ਦੀ ਝਲਕ ਵੇਖਣਾ ਹੈ; ਉਥੇ ਪਹੁੰਚਣਾ ਅਤੇ ਪਾਠਕ ਨੂੰ ਉਸ ਥਾਂ ਦੇ ਦੀਦਾਰ ਕਰਵਾਉਣਾ ਹੈ। ਇਸ ਦ੍ਰਿਸ਼ਟੀ ਤੋਂ ਇਹ ਸਾਰੇ ਕਵੀ ਜੋ ਇਨਸਾਨੀ ਫਿਤਰਤ ਦਾ ਵਿਸ਼ਲੇਸ਼ਨ ਕਰਦੇ ਹਨ, ਉਹ ਨਿਰਾਰਥਕ ਘਾੜਾਂ ਘੜਦੇ ਹਨ। ਉਨ੍ਹਾਂ ਦੇ ਇਸ ਸਾਰੇ ਵਿਸ਼ਲੇਸ਼ਨ ਦਾ ਕੋਈ ਅਰਥ ਨਹੀਂ, ਜਦ ਕਿ ਅਸੀਂ ਇਸ ਤੋਂ ਪਾਰ ਜਾਣਾ ਚਾਹੁੰਦੇ ਹਾਂ।[3] ਆਪਣੀ ਇਸੇ ਕਾਵਿ-ਦ੍ਰਿਸ਼ਟੀ ਨਾਲ ਪੂਰਨ ਸਿੰਘ ਸਾਰੇ ਪੂਰਬੀ ਅਤੇ ਪੱਛਮੀ ਕਾਵਿ ਦਾ ਪਾਠ ਕਰਦਾ ਹੈ ਅਤੇ ਇਸੇ ਦ੍ਰਿਸ਼ਟੀ ਨਾਲ ਕਾਵਿ ਨੂੰ ਪੜ੍ਹਨ ਦੀ ਸਿਫਾਰਿਸ਼ ਕਰਦਾ ਹੈ ਅਤੇ ਇਸ ਨਿਰਣੇ ਉਪਰ ਪੁੱਜਦਾ ਹੈ ਕਿ 'ਸਾਡੇ ਲਈ ਕੋਈ ਸਾਹਿਤ ਕਿੰਨਾ ਵੀ ਸੰਗੀਤਮਈ ਕਿਉਂ ਨਾ ਹੋਵੇ ਸੁਟ ਪਾਉਣ ਵਾਲਾ (trash) ਹੈ ਜੇ ਇਸ ਵਿਚੋਂ ਸਾਨੂੰ ਉਸ ਸੰਸਾਰ ਦੀ ਪ੍ਰਤੀਤੀ ਨਹੀਂ ਹੁੰਦੀ ਜਿਸਦੀ ਪ੍ਰਾਪਤੀ ਸਾਨੂੰ ਬਾਈਬਲ ਜਾਂ ਗੁਰੂ ਗ੍ਰੰਥ ਦੇ ਗੀਤਾਂ ਨੂੰ ਸਿਰਫ ਛੋਹਣ ਨਾਲ ਹੀ ਹੋ ਜਾਂਦੀ ਹੈ।'[4] ਕੋਈ ਦਿਵਯ ਦ੍ਰਿਸ਼ਟੀ ਅਤੇ ਵਿਸਮਾਦੀ ਅਵਸਥਾ ਵਿਚ ਵਿਚਰਣ

1. *The Spirit of Oriental Poetry,* page-258
2. *ਪੂਰਨ ਸਿੰਘ ਦੀ ਵਾਰਤਕ,* ਪੰਨਾ-29
3. "What is use of analysing human nature, when we wish to transcend it."

   –*The Spirit of Oriental Poetry*, page-27
4. "To us mere literature, however melodious is trash, unless it has with in it the companionship of the world as we find in the mere touch of the verses of the Bible and the Guru Granth."

   -Ibid, page-70

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲਾ ਮਹਾਪੁਰਖ ਹੀ ਕਵੀ ਪਦ ਨੂੰ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਹੇਠਾਂ ਕੋਈ ਕਾਵਿਕ ਤਾਂ ਹੋ ਸਕਦਾ ਹੈ ਕਵੀ ਨਹੀਂ ਹੋ ਸਕਦਾ।[1] ਇੰਜ ਪੂਰਨ ਸਿੰਘ ਦੀ ਇਹ ਕਾਵਿ-ਦ੍ਰਿਸ਼ਟੀ ਪੂਰਬੀ ਅਧਿਆਤਮਕ ਵਿਸ਼ਵ-ਦ੍ਰਿਸ਼ਟੀ ਨੂੰ ਨਾਲ ਲੈ ਕੇ ਚਲਦੀ ਪ੍ਰਤੀਤ ਹੁੰਦੀ ਹੈ ਅਤੇ ਭਾਰਤੀ ਕਲਾ-ਦ੍ਰਿਸ਼ਟੀ ਵੀ ਇਹੀ ਹੈ ਜਿਹੜੀ ਆਨੰਦ ਕੁਮਾਰਾਸਵਾਮੀ ਅਨੁਸਾਰ ਮੂਲ ਰੂਪ ਵਿਚ ਧਾਰਮਿਕ ਹੈ ਅਤੇ ਜਿਸ ਅਨੁਸਾਰ ਭਾਰਤੀ ਕਲਾ ਚੇਤਨ ਤੋਰ ਤੇ ਦਿੱਬਤਾ ਦੀ ਪੇਸ਼ਕਾਰੀ ਹੈ।[2] ਪਰ, ਜਦੋਂ ਪੂਰਨ ਸਿੰਘ ਸ਼ੈਕਸਪੀਅਰ ਅਤੇ ਕਾਲੀਦਾਸ ਦੋਹਾਂ ਦੀ ਕਾਵਿ-ਉੱਚਤਾ ਅੱਗੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ ਤਾਂ ਉਸਦੀ ਕਾਵਿ-ਦ੍ਰਿਸ਼ਟੀ ਦੇ ਪੂਰਬੀ ਪ੍ਰਸੰਗ ਅੱਗੇ ਵੀ ਪ੍ਰਸ਼ਨ ਚਿੰਨ੍ਹ ਲਗ ਜਾਂਦਾ ਹੈ। ਪੂਰਨ ਸਿੰਘ ਦੀ ਕਾਵਿ-ਦ੍ਰਿਸ਼ਟੀ ਦੇ ਸੰਬੰਧ ਵਿਚ ਵਿਸਤ੍ਰਿਤ ਚਰਚਾ ਤੋਂ ਬਾਅਦ ਅਸੀਂ ਇਸ ਨਿਰਣੇ ਉਪਰ ਤਾਂ ਪੁੱਜ ਜਾਂਦੇ ਹਾਂ ਕਿ ਉਹ ਪੱਛਮੀ ਕਾਵਿ-ਸ਼ਾਸਤ੍ਰ ਨੂੰ ਸਵੀਕਾਰ ਨਹੀਂ ਕਰਦਾ, ਅਤੇ ਸ਼ੈਕਸਪੀਅਰ ਨੂੰ ਜੇ ਉਹ ਅਸਵੀਕਾਰ ਕਰਦਾ ਹੈ ਤਾਂ ਉਸਦਾ ਕਾਰਣ ਉਸਦੀ ਪੂਰਬੀ ਅਤੇ ਵਿਸ਼ੇਸ਼ ਤੋਰ ਤੇ ਭਾਰਤੀ ਕਾਵਿ-ਦ੍ਰਿਸਟੀ ਕਹੀ ਜਾ ਸਕਦੀ ਹੈ। ਪਰ, ਜਦੋਂ ਉਹ ਸੰਸਕ੍ਰਿਤ ਕਾਵਿ-ਸ਼ਾਸਤ੍ਰ ਦੇ ਆਦਰਸ਼ ਕਵੀ ਕਾਲੀਦਾਸ ਨੂੰ ਵੀ ਕਵੀ ਦੀ ਪਦਵੀ ਦੇ ਯੋਗ ਨਹੀਂ ਸਮਝਦਾ ਤਾਂ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਉਹ ਭਾਰਤੀ ਕਾਵਿ-ਸ਼ਾਸਤ੍ਰ ਨੂੰ ਵੀ ਸਵੀਕਾਰ ਕਰਦਾ ਹੈ?

ਪੂਰਨ ਸਿੰਘ ਦੇ ਉਪਰੋਕਤ ਸਮੁੱਚੇ ਵਿਚਾਰਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਨਾ ਪੱਛਮੀ ਅਤੇ ਨਾ ਹੀ ਪੂਰਬੀ ਕਾਵਿ-ਸ਼ਾਸਤ੍ਰ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਦਾ ਹੈ। ਉਸਦੇ ਸਾਹਮਣੇ ਜੇ ਕਾਵਿ ਦਾ ਕੋਈ ਆਦਰਸ਼ ਮਾਡਲ ਹੈ ਤਾਂ ਉਹ ਸਿਰਫ ਧਾਰਮਿਕ ਗ੍ਰੰਥ ਹਨ ਅਤੇ ਉਹ ਕਹਿੰਦਾ ਹੈ ਕਿ 'ਇਸ ਅਰਥ ਵਿਚ ਸਿਵਾਏ ਮਹਾਂਪੁਰਖਾਂ, ਸਾਧਾਂ ਅਤੇ ਰੱਬੀ ਅੰਸ਼ ਵਾਲੇ ਨਿੱਤਯ ਅਵਤਾਰਾਂ ਦੇ ਕੋਈ ਹੋਰ ਕਵੀ ਸਿੰਘਾਸਨ ਤੇ ਬੈਠ ਨਹੀਂ ਸਦਦਾ ਤੇ ਧੁਰ ਦੀ ਬਾਣੀ ਕੇਵਲ ਕਵਿਤਾ ਦਾ ਦਰਜਾ ਰਖਦੀ ਹੈ, ਬਾਕੀ ਨਹੀਂ।'[3] ਸੰਖੇਪ ਵਿਚ ਇਹ ਕਾਵਿ-ਦ੍ਰਿਸ਼ਟੀ ਨਾ ਪੱਛਮੀ ਹੈ ਅਤੇ ਨਾ ਹੀ ਪੂਰਬੀ। ਇਹ ਸ਼ਾਇਦ ਪੂਰਨ ਸਿੰਘ ਦੀ ਆਪਣੀ ਵਿਸ਼ੇਸ਼ ਕਾਵਿ-ਦ੍ਰਿਸ਼ਟੀ ਹੈ ਜਿਸਨੂੰ ਪੰਜਾਬੀ ਦੇ ਆਪਣੇ ਕਾਵਿ-ਸ਼ਾਸਤ੍ਰ ਦੀ ਰਚਨਾ ਲਈ ਸ਼ਾਇਦ ਚਿੰਤਨ ਦਾ ਵਿਦਾ ਬਿੰਦੂ ਬਣਾਇਆ ਜਾ ਸਕਦਾ ਹੈ।

•

---

1. "Any below the level of inspiration of rapture and prophetic vision is poetic but not poet."

-ibid, page-10

2. "Indian art is essentially religious. The conscious aim of Indian art is the portrayal of Divinity."

-Ananda Coomaraswamy, *The Aims of Indian Art.*

3. ਪੂਰਨ ਸਿੰਘ ਦੀ ਵਾਰਤਕ, ਪੰਨਾ 36

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੁਕਰਣ ਸਿਧਾਂਤ : ਇਕ ਪਰਿਪੇਖ

ਅਰਸਤੂ ਦੇ ਸਮੁੱਚੇ ਗਿਆਨ-ਚਿੰਤਨ ਦੀ ਵਿਸ਼ੇਸ਼ਤਾ, ਉਸਦਾ ਵਿਸ਼ੇਸ਼ ਪ੍ਰਬੰਧ ਹੈ, ਜਿਸ ਦੇ ਅਧੀਨ ਉਹ ਵਿਭਿੰਨ ਅਨੁਸ਼ਾਸਨਾ ਸੰਬੰਧੀ ਆਪਣਾ ਚਿੰਤਨ ਪੇਸ਼ ਕਰਦਾ ਹੈ। ਪਰਿਣਾਮ ਸਰੂਪ ਉਸਦਾ ਹਰ ਵਖਰੇ ਅਨੁਸ਼ਾਸ਼ਨ ਨਾਲ ਸੰਬੰਧਿਤ ਚਿੰਤਨ ਉਸਦੇ ਵਡੇਰੇ ਗਿਆਨ-ਚਿੰਤਨ-ਪ੍ਰਬੰਧ ਦਾ ਹੀ ਅੰਗ ਹੈ, ਸਗੋਂ ਪੂਰਕ ਹੈ ਅਤੇ 'ਕਾਵਿ-ਸ਼ਾਸਤ੍ਰ' (Poetics) ਵੀ ਇਸਦਾ ਅਪਵਾਦ ਨਹੀਂ। ਅਰਸਤੂ ਦੇ ਇਸ ਵਡੇਰੇ ਗਿਆਨ-ਚਿੰਤਨ-ਪ੍ਰਬੰਧ ਬਾਰੇ ਨਵ-ਅਰਸਤੂਵਾਦੀ ਸਮੀਖਿਅਕ ਮੈਕਿਓਨ ਦੇ ਵਿਚਾਰ ਮਹਤਵਪੂਰਨ ਹਨ। ਉਸ ਦਾ ਵਿਸ਼ਵਾਸ ਹੈ ਕਿ ਅਰਸਤੂ ਨੇ ਗਿਆਨ ਨਾਲ ਸੰਬੰਧਿਤ ਆਪਣੀਆਂ ਸਾਰੀਆ ਰਚਨਾਵਾਂ ਨੂੰ ਤਿੰਨ ਮੂਲ ਵਿਗਿਆਨਾਂ ਵਿਚ ਵੰਡਿਆ ਹੈ। ਇਹ ਤਿੰਨ ਮੂਲ ਵਿਗਿਆਨਾਂ ਹਨ–ਸਿਧਾਂਤਕ ਵਿਗਿਆਨ (ਗਣਿਤ ਸ਼ਾਸਤ੍ਰ, ਮੈਟ੍ਰਾਫਿਜ਼ਿਕਸ, ਆਸਟ੍ਰਾਨੋਮੀ ਅਤੇ ਭੌਤਿਕੀ ਆਦਿ ਨਾਲ ਸੰਬੰਧਿਤ ਪੁਸਤਕਾਂ), ਵਿਵਹਾਰਿਕ ਵਿਗਿਆਨ (ਪ੍ਰਮੁੱਖ ਰੂਪ ਵਿਚ ਰਾਜਨੀਤੀ ਅਤੇ ਨੈਤਿਕਸ਼ਾਸਤ੍ਰ ਨਾਲ ਸੰਬੰਧਿਤ ਪੁਸਤਕਾਂ) ਅਤੇ ਉਤਪਾਦਕ ਵਿਗਿਆਨ (Productive Science)| ਇਸ ਅੰਤਲੇ ਵਿਗਿਆਨ ਨੂੰ ਅਰਸਤੂ ਅਗੋਂ ਦੋ ਹੋਰ ਉਪਭਾਗਾਂ ਵਿਚ ਵੰਡਦਾ ਹੈ–ਉਪਯੋਗੀ ਕਲਾਵਾਂ (useful arts) ਅਤੇ ਲਲਿਤ ਕਲਾਵਾਂ (fine arts)| ਅਰਸਤੂ ਦੇ ਗਿਆਨ-ਚਿੰਤਨ-ਪ੍ਰਬੰਧ ਦੇ ਤੀਸਰੇ ਭਾਗ ਦੇ ਦੂਸਰੇ ਉਪਭਾਗ (ਲਲਿਤ ਕਲਾਵਾਂ) ਦਾ ਸੰਬੰਧ ਅਨੁਕਰਣ ਨਾਲ ਹੈ ਅਤੇ ਮੈਕਿਓਨ ਦਾ ਵਿਸ਼ਵਾਸ ਹੈ ਕਿ 'ਕਾਵਿ-ਸ਼ਾਸਤ੍ਰ' ਇਸੇ ਉਪ-ਭਾਗ ਨਾਲ ਹੀ ਸੰਬੰਧਿਤ ਹੈ, ਉਸ ਦੀ ਪ੍ਰਮੁੱਖ ਵਿਧੀ ਅਨੁਕਰਣ ਹੈ ਅਤੇ ਇਸ ਦੁਆਰਾ ਸਿਰਜਿਤ ਵਸਤੂ (Product) ਕਵਿਤਾ ਹੈ। ਸਪਸ਼ਟ ਹੈ ਕਿ 'ਕਾਵਿ-ਸ਼ਾਸਤ੍ਰ' ਨੂੰ ਸਮਝਣ ਲਈ ਅਨੁਕਰਣ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਕਿਉਂਕਿ ਜਿਸ ਅਨੁਸ਼ਾਸਨ ਨਾਲ ਸਾਡਾ ਸੰਬੰਧ ਹੈ, ਅਰਸਤੂ ਦੇ ਅਨੁਸਾਰ, ਅਨੁਕਰਣ ਉਸਦੀ ਵਿਸ਼ੇਸ਼ ਵਿਧੀ ਹੈ।

ਅਜ ਅਸੀਂ ਕਲਾ ਜਾਂ ਕਾਵਿ ਦੀ ਪਛਾਣ ਅਨੁਕਰਣ ਦੇ ਦ੍ਰਿਸ਼ਟੀ-ਬਿੰਦੂ ਤੋਂ ਨਹੀਂ ਕਰਦੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸੀਂ ਸਮਝਦੇ ਹਾਂ ਅਨੁਕ੍ਰਿਤੀ ਦਾ ਅਨੁਕਰਣ-ਵਸਤੂ ਦੇ ਸੰਦਰਭ ਵਿਚ ਅਧਿਐਨ ਸਾਹਿਤ-ਬਾਹਰਾ ਹੈ। ਸਾਡਾ ਵਿਸ਼ਵਾਸ ਹੈ ਕਿ ਅਨੁਕ੍ਰਿਤੀ ਦਾ ਅਧਿਅਨ ਉਸਦਾ ਹੀ ਅਧਿਐਨ ਹੋਣਾ ਚਾਹੀਦਾ ਹੈ ਕਿਉਂਕਿ ਅਨੁਕਰਣ-ਅਸਲ ਨਾਲ ਅਨੁਕ੍ਰਿਤੀ ਦਾ ਸੰਬੰਧ ਓਨੀ ਦੇਰ ਤਕ ਦਾ ਹੀ ਹੁੰਦਾ ਹੈ ਜਿੰਨੀ ਦੇਰ ਤਕ ਉਸਦੀ ਸਿਰਜਣਾ ਨਹੀਂ ਹੋ ਜਾਂਦੀ। ਕਲਾਕਿਰਤ ਦੀ ਸਿਰਜਣਾ ਤੋਂ ਬਾਅਦ ਕਲਾਕਿਰਤ ਆਪਣੇ ਸਾਰੇ ਕਲਾ-ਹੇਤੂਆਂ ਤੋਂ ਸੁਤੰਤਰ ਹੋ ਜਾਂਦੀ ਹੈ। ਪਰ, ਅਨੁਕਰਣ-ਮੁਖ ਕਾਵਿ-ਸਿਧਾਂਤ ਦਾ ਇਤਿਹਾਸ ਬਹੁਤ ਪੁਰਾਣਾ ਹੈ। ਐਬਰਾਮਜ਼ ਦੀ ਦ੍ਰਿਸ਼ਟੀ ਵਿਚ ਇਹ ਸ਼ਾਇਦ ਸਭ ਤੋਂ ਵਧ ਪੁਰਾਣਾ ਸੁਹਜ-ਸਿਧਾਂਤ ਹੈ।

'ਅਨੁਕਰਣ' ਸਾਪੇਖ ਸਿਧਾਂਤ ਹੈ। ਇਹ ਦੋ ਵਸਤਾਂ (items) ਦੀ ਹੋਂਦ ਅਤੇ ਉਨ੍ਹਾਂ ਦੇ ਆਪਸੀ ਸੰਬੰਧ ਦੇ ਮਹਤਵ ਵਲ ਸੰਕੇਤ ਕਰਦਾ ਹੈ। ਬਾਅਦ ਵਾਲੇ ਅਨੁਕਰਣ-ਸਿਧਾਂਤਕਾਰ ਇਸ ਦੀ ਚਰਚਾ ਇਨ੍ਹਾਂ ਦੋ ਵਸਤਾਂ ਦੇ ਆਪਸੀ ਸੰਬੰਧ ਦੇ ਦ੍ਰਿਸ਼ਟੀਕੋਣ ਤੋਂ ਹੀ ਕਰਦੇ ਰਹੇ ਹਨ—ਅਨੁਕਰਣ ਦੀ ਵਸਤੂ ਜਾਂ ਅਸਲ ਅਤੇ ਅਨੁਕਰਣ। ਪਰ ਪਲੈਟੋ ਕਾਵਿ-ਅਨੁਕਰਣ-ਪ੍ਰਕਿਰਿਆ ਦੀ ਗੱਲ ਨੂੰ ਤਿੰਨ ਭਾਗਾਂ ਵਿਚ ਵੰਡਦਾ ਹੈ। ਉਸਦੇ ਚਿੰਤਨ ਵਿਚ ਪਹਿਲਾ ਸਥਾਨ 'ਵਿਚਾਰ' ਦਾ ਹੈ, ਉਹ ਸਦੀਵੀ ਵਿਚਾਰ, ਜਿਸ ਦਾ ਸੰਬੰਧ ਭੌਤਿਕ ਜਗਤ ਨਾਲ ਸੰਬੰਧਿਤ ਸਾਰੀਆਂ ਵਸਤਾਂ ਦੀ ਹੋਂਦ ਤੋਂ ਪਹਿਲਾਂ ਸਦਾ ਸਥਿਤ ਵਿਚਾਰ ਨਾਲ ਹੈ। ਦੂਸਰਾ ਸਥਾਨ ਇਸ ਭੌਤਕ ਜਗਤ ਦਾ ਹੈ ਜਿਹੜਾ 'ਵਿਚਾਰ ਜਾਂ ਸਦੀਵੀ ਸੱਚ' ਦੀ ਨਕਲ ਹੈ ਅਤੇ ਲਲਿਤ ਕਲਾਵਾਂ ਇਸ ਭੌਤਕ ਜਗਤ ਨਾਲ ਸੰਬੰਧਿਤ ਵਸਤਾਂ ਦਾ ਅਨੁਕਰਣ ਹਨ। ਇੰਜ ਲਤਿਤ ਕਲਾਵਾਂ ਇਸ ਪ੍ਰਕਿਰਿਆ ਵਿਚ ਤੀਸਰੇ ਸਥਾਨ ਉਪਰ ਆਉਂਦੀਆਂ ਹਨ। ਇਹ ਇਸ ਪ੍ਰਕਾਰ ਨਕਲ ਦੀ ਨਕਲ ਹਨ। ਕਲਾ ਕਿਉਂਕਿ ਦ੍ਰਿਸ਼ਟਮਾਨ ਸੰਸਾਰ ਦੀ ਨਕਲ ਹੈ ਜਿਹੜਾ ਆਪ ਕਿਸੇ ਹੋਰ ਸੱਚ ਦੀ ਨਕਲ ਹੈ ਇਸ ਕਰਕੇ ਕਲਾ ਦਾ ਦਰਜਾ ਸਭ ਤੋਂ ਨੀਵਾਂ ਹੈ। ਪਲੈਟੋ ਦਾ ਕਲਾਚਿੰਤਨ ਹੀ ਨਹੀਂ ਉਸਦੇ ਸਮੁਚੇ ਦਰਸ਼ਨ-ਪ੍ਰਬੰਧ ਦਾ ਹੀ ਇਕੋ ਸਥਿਤੀ-ਬਿੰਦੂ ਹੈ। ਉਸ ਪ੍ਰਬੰਧ ਵਿਚ ਕਲਾ ਸਮੇਤ ਹਰ ਵਸਤੂ ਦਾ ਨਿਰਣਾ ਉਸਦੇ ਵਿਚਾਰ ਜਗਤ ਨਾਲ ਸੰਬੰਧ ਦੀ ਦ੍ਰਿਸ਼ਟੀ ਤੋਂ ਹੀ ਹੁੰਦਾ ਹੈ। ਇਸ ਕਰਕੇ ਉਸਦੇ ਦਰਸ਼ਨ ਵਿਚ ਕਵੀ ਦਾ ਕਾਰੀਗਰ, ਕਾਨੂੰਨਦਾਨ ਅਤੇ ਨੈਤਿਕ ਸ਼ਾਸਤ੍ਰੀ ਨਾਲ ਬਰ ਮੇਚਿਆ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਕਲਾ ਦਾ ਦਰਸ਼ਕ/ਸਰੋਤੇ ਉਪਰ ਚੰਗਾ ਪ੍ਰਭਾਵ ਹੋ ਹੀ ਨਹੀਂ ਸਕਦਾ ਕਿਉਂਕਿ ਇਹ ਜਿਸਦੀ ਪ੍ਰਤਿਨਿਧਤਾ ਕਰਦੀ ਹੈ ਉਹ ਦ੍ਰਿਸ਼ਟਮਾਨ ਸੰਸਾਰ ਹੈ ਸੱਚ ਨਹੀਂ।

ਸਪਸ਼ਟ ਹੈ ਕਿ ਸੁਕਰਾਤੀ ਸੰਵਾਦ ਦਾ ਸ਼ੁਧ ਸੁਹਜ-ਸ਼ਾਸਤ੍ਰ ਨਾਲ ਕੋਈ ਸੰਬੰਧ ਨਹੀਂ ਕਿਉਂਕਿ ਇਹ ਦਰਸ਼ਨ-ਪ੍ਰਬੰਧ ਕਵਿਤਾ ਨੂੰ ਕਵਿਤਾ ਦੀ ਦ੍ਰਿਸ਼ਟੀ ਤੋਂ ਵਿਚਾਰਨ ਦੀ ਆਗਿਆ ਨਹੀਂ ਦੇਂਦਾ। ਇਸ ਦਰਸ਼ਨ ਲਈ ਕਾਵਿ ਜਾਂ ਕਲਾ ਕੋਈ ਅਜਿਹੀ ਸੁਤੰਤਰ ਹੋਂਦ ਨਹੀਂ ਜਿਸ ਦੇ ਆਪਣੇ ਸੁਤੰਤਰ ਨੇਮ ਜਾਂ ਤਰਕ ਹੋ ਸਕਣ। ਸਾਰੇ ਸੰਵਾਦ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿੰਤਨ ਦੀ ਦਿਸ਼ਾ ਇਕੋ ਪਾਸੇ ਹੈ ਅਤੇ ਪੇਸ਼ ਮਸਲਾ ਵੀ ਇਕੋ ਹੈ–ਆਦਰਸ਼ ਰਾਜ ਅਤੇ ਆਦਰਸ਼ ਨਾਗਰਿਕ। ਇਸ ਕਰਕੇ ਕਲਾ ਦੇ ਪ੍ਰਸ਼ਨ ਨੂੰ ਸੱਚ, ਨਿਆਂ ਅਤੇ ਨੇਕੀ ਦੇ ਪ੍ਰਸ਼ਨ ਤੋਂ ਅਲਗ ਕਰਨ ਦੀ ਲੋੜ ਹੀ ਪ੍ਰਤੀਤ ਨਹੀਂ ਹੋਈ।

ਅਰਸਤੂ ਦਾ ਅਨੁਕਰਣ-ਸਿਧਾਂਤ ਪਲੈਟੋ ਦੇ ਇੰਨ ਬਿੰਨ ਉਤਾਰੇ ਜਾਂ ਨਕਲ ਨਾਲੋਂ ਅਸਲੋਂ ਭਿੰਨ ਸੀ। ਪਰ ਸਮੀਖਿਆ-ਸ਼ਾਸਤ੍ਰ ਦੇ ਇਤਿਹਾਸ ਵਿਚ ਬਹੁਤ ਸਮੇਂ ਤਕ ਪਲੈਟੋ ਦੇ ਵਿਚਾਰ ਹੀ ਪ੍ਰਚਲਿਤ ਰਹੇ। ਇਸ ਦੀਆਂ ਹੀ ਵੱਖ ਵੱਖ ਵਿਆਖਿਆਵਾਂ ਕੀਤੀਆਂ ਜਾਂਦੀਆਂ ਰਹੀਆਂ ਅਤੇ ਲੋੜ ਪੈਣ ਉਪਰ ਇਨ੍ਹਾਂ ਵਿਆਖਿਆਵਾਂ ਦੇ ਆਧਾਰ ਉਪਰ ਹੀ ਅਰਸਤੂ ਦੇ 'ਅਨੁਕਰਣ' ਦੇ ਵੀ ਅਰਥ ਕੀਤੇ ਗਏ। ਪਲੈਟੋ ਦੇ ਅਨੁਕਰਣ ਦੀਆਂ ਇਨ੍ਹਾਂ ਵਿਭਿੰਨ ਵਿਆਖਿਆਵਾਂ ਦਾ ਸਾਂਝਾ ਲੱਛਣ ਇਹੀ ਹੈ ਕਿ ਇਸ ਦੇ ਵਿਆਖਿਆਤਾ ਇਸ ਵਿਚਾਰ ਨਾਲ ਕਿਸੇ ਨਾ ਕਿਸੇ ਰੂਪ ਵਿਚ ਸਹਿਮਤ ਰਹੇ ਹਨ ਕਿ 'ਅਨੁਕਰਣ' ਨਕਲ ਦਾ ਹੀ ਸਮਾਨਾਰਥੀ ਸ਼ਬਦ ਹੈ–ਇਹ ਨਕਲ ਪ੍ਰਕਿਰਤੀ ਦੀ ਵੀ ਹੋ ਸਕਦੀ ਹੈ ਅਤੇ ਆਪਣੇ ਤੋਂ ਪੂਰਬਲੀ ਕਿਸੇ ਮਹਾਨ ਰਚਨਾ, ਜਿਵੇਂ ਇਲਿਅਦ (Iliad) ਅਤੇ ਓਡਿਸੀ (odyssey) ਦੀ ਵੀ। ਇਹ ਵਿਆਖਿਆਤਾ ਮੰਨਦੇ ਰਹੇ ਹਨ ਕਿ ਨਕਲ ਹਰ ਮਨੁੱਖੀ ਕਾਰਜ ਦਾ ਮੂਲ ਹੈ। ਇਸ ਚਿੰਤਨ ਵਿਚ ਹਲਕਾ ਜਿਹਾ ਪਰਿਵਰਤਨ ਪਲੋਟਿਨਸ (Plotinus) ਅਤੇ ਪਰੋਕਲਸ (Proclus) ਦੇ ਪ੍ਰਵੇਸ਼ ਨਾਲ ਆਇਆ। ਇਹ ਦੋਵੇਂ ਵਿਦਵਾਨ ਵੀ ਅਫਲਾਤੂਨੀ ਵਿਦਵਾਨ ਹੀ ਸਨ ਪਰ ਇਨ੍ਹਾਂ ਨੇ ਪਲੈਟੋ ਦੇ ਵਿਚਾਰਾਂ ਦੀ ਪੁਨਰਵਿਆਖਿਆ ਕੀਤੀ। ਪਲੋਟਿਨਸ ਦੀ ਦ੍ਰਿਸ਼ਟੀ ਅਨੁਸਾਰ ਵਸਤਾਂ ਉਵੇਂ ਹੀ ਸਨ ਜਿਸ ਤਰ੍ਹਾਂ ਪਲੈਟੋ ਦੀ ਦ੍ਰਿਸ਼ਟੀ ਵਿਚ। ਇਹ ਦੈਵੀ ਮੂਲ ਆਦਰਸ਼ਾਂ ਦੀਆ ਘਟੀਆ ਨਕਲਾਂ ਸਨ। ਪਰ ਇਸ ਚਿੰਤਨ ਨੇ ਦ੍ਰਿਸ਼ਮਾਨ ਸੰਸਾਰਿਕਤਾ ਅਤੇ ਦੈਵ ਵਿਚਲੇ ਬਰ ਮੇਚਣ ਵਾਲੇ ਦਵੈਤੀ ਸਿਧਾਂਤ ਦੀ ਕਰੜਾਈ ਨੂੰ ਘਟਾ ਦਿੱਤਾ। ਇਹ ਸੰਸਾਰ ਵੀ ਦਿਬੱਤ੍ਰਾ ਨਾਲ ਹੀ ਸੰਬੰਧਿਤ ਹੈ ਅਤੇ ਕਲਾ ਵੀ। ਇਸ ਵਿਚਾਰ ਨੂੰ ਪਰੋਕਲਸ ਨੇ ਸਪਸ਼ਟ ਕਰਦਿਆਂ ਕਿਹਾ ਕਿ ਕਵੀ ਦੈਵੀ ਰੂਪ ਵਿਚ ਆਵੇਸ਼ਿਤ ਹੋਣ ਕਰਕੇ ਸਾਧਾਰਨ ਮਨੁੱਖੀ ਦ੍ਰਿਸ਼ਟੀ ਨਾਲੋਂ ਉਚੇਰੀ ਦ੍ਰਿਸ਼ਟੀ ਦਾ ਮਾਲਕ ਹੁੰਦਾ ਹੈ। ਇਸ ਕਰਕੇ ਉਸ ਦੀ ਸਿਰਜਣਾ ਭੌਤਿਕ ਸੰਸਾਰ ਦੀਆ ਵਸਤਾਂ ਨਾਲੋਂ ਦਿਬਤਾ ਦੇ ਵਧੇਰੇ ਨੇੜੇ ਹੈ। ਉਹ ਇਸ ਭੌਤਕ ਜਗਤ ਦੀਆਂ ਵਸਤਾਂ ਦੀ ਨਕਲ ਨਹੀਂ ਕਰਦਾ ਸਗੋਂ ਰਚਨਾ ਵੇਲੇ ਉਹ ਸਿੱਧਾ ਦੈਵੀ ਮੂਲ ਆਦਰਸ਼ ਤੋਂ ਪ੍ਰੇਰਨਾ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ ਕਰਨ ਨਾਲ ਉਹ ਵਸਤਾਂ ਦੇ ਉਹ ਬਿੰਬ ਪੇਸ਼ ਕਰਦਾ ਹੈ ਜਿਹੜੇ ਉਨ੍ਹਾਂ ਦੇ ਆਦਰਸ਼ ਬਿੰਬ ਹਨ ਜਾਂ ਸੰਭਾਵਿਤ।

ਇਹ ਨਵ-ਅਫਲਾਤੂਨੀ ਵਿਚਾਰ ਸਮੀਖਿਆ-ਇਤਿਹਾਸ ਵਿਚ ਬਹੁਤ ਮਹਤਵਪੂਰਨ ਸਿੱਧ ਹੋਏ। ਇਨ੍ਹਾਂ ਵਿਚਾਰਾਂ ਨੇ ਧਾਰਮਿਕ ਸਾਹਿਤ ਦੀ ਉਚੱਤਾ ਦੀ ਹਾਮੀ ਭਰੀ ਸੀ। ਕਵਿਤਾ ਇਕ ਤਰ੍ਹਾਂ ਦੀ 'ਧੁਰ ਕੀ ਬਾਣੀ' ਹੀ ਸੀ। ਇਸ ਕਰਕੇ ਇਹ ਸੰਸ਼ੋਧਿਤ ਅਫਲਾਤੂਨੀ ਚਿੰਤਨ ਦੀ ਪ੍ਰਵਾਨਗੀ ਧਾਰਮਿਕ ਅਤੇ ਰਹੱਸਾਤਮਕ ਸਾਹਿਤ ਨਾਲ ਸੰਬੰਧਿਤ ਵਿਅਕਤੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਬੜੀ ਰਾਸ ਆਈ। ਪੰਜਾਬੀ ਵਿਚ ਤਾਂ ਅਜੇ ਤਕ ਵੀ ਇਨ੍ਹਾਂ ਵਿਚਾਰਾਂ ਦੀ ਪ੍ਰਤੀਧਵਨੀ ਸੁਣਾਈ ਦੇਂਦੀ ਹੈ। ਉਂਜ ਜਿਵੇਂ ਕਿ ਅਸੀਂ ਪਹਿਲਾਂ ਕਹਿ ਆਏ ਹਾਂ ਇਹ ਵਿਆਖਿਆ ਤਾਂ ਪਲੈਟੋ ਦੇ ਅਨੁਕਰਣ ਦੀ ਹੀ ਸੀ ਅਤੇ ਇਨ੍ਹਾਂ ਦਾ ਅਰਸਤੂ ਦੇ ਅਨੁਕਰਣ ਨਾਲ ਕੋਈ ਸੰਬੰਧ ਨਹੀਂ ਸੀ। ਪਰ, ਇਨ੍ਹਾਂ ਦਾ ਸੰਬੰਧ ਅਰਸਤੂ ਨਾਲ ਹੀ ਜੋੜਿਆ ਜਾਂਦਾ ਰਿਹਾ।

ਅਰਸਤੂ ਦੇ ਕਾਵਿ ਸ਼ਾਸਤ੍ਰ ਵਿਚ ਵੀ ਕਾਵਿ ਦੀ ਪਰਿਭਾਸ਼ਾ ਅਨੁਕਰਣ ਨਾਲ ਸੰਬੰਧਿਤ ਹੈ। ਪਰ, ਜਿਵੇਂ ਕਿ ਆਰੰਭ ਵਿਚ ਸੰਕੇਤ ਕੀਤਾ ਜਾ ਚੁੱਕਾ ਹੈ, ਅਨੁਕਰਣ ਦਾ ਸੰਬੰਧ ਇਥੇ ਸਿਰਫ ਲਲਿਤ ਕਲਾਵਾਂ ਨਾਲ ਹੈ ਇਸ ਕਰਕੇ ਇਨ੍ਹਾਂ ਕਲਾਵਾਂ ਨੂੰ ਅਨੁਕਰਣ ਦੀ ਦ੍ਰਿਸ਼ਟੀ ਤੋਂ ਦੂਸਰੇ ਅਨੁਸ਼ਾਸਨਾਂ ਨਾਲ ਬਰ ਮੇਚਣ ਦੀ ਲੋੜ ਨਹੀਂ। ਇਹ ਤੇ ਸਿਰਫ ਸਾਰੀਆਂ ਕਲਾਵਾਂ ਦਾ ਹੀ ਸਾਂਝਾ ਲੱਛਣ (common factor) ਹੈ; ਸਾਂਝਾ ਲੱਛਣ ਹੀ ਨਹੀਂ ਭੇਦਕ ਤੱਤ (differencia) ਵੀ ਹੈ। ਅਰਸਤੂ ਦੇ ਆਪਣੇ ਸ਼ਬਦਾਂ ਵਿਚ :

> 'ਮਹਾਕਾਵਿ, ਤ੍ਰਾਸਦੀ, ਕਾਮਦੀ, ਰੌਦ੍ਰਸਤੋਤ੍ਰ ਅਤੇ ਬੰਸਰੀ-ਬੀਨਾ ਸੰਗੀਤ ਦੇ ਬਹੁਤ ਸਾਰੇ ਭੇਦ, ਕੁਲ ਮਿਲਾਕੇ ਅਨੁਕਰਣ ਦੀਆਂ ਹੀ ਵਿਧੀਆਂ ਹਨ। ਫੇਰ ਵੀ ਤਿੰਨ ਗੱਲਾਂ ਵਿਚ ਉਹ ਇਕ ਦੂਜੇ ਤੋਂ ਵਖ ਹਨ : ਅਨੁਕਰਣ ਦਾ ਮਾਧਿਅਮ, ਵਿਸ਼ਾ ਅਤੇ ਵਿਧੀ ਜਾਂ ਰੀਤੀ ਹਰ ਇਕ ਦੀ ਆਪੋ ਆਪਣੀ ਹੈ।'[1]

ਇਸ ਕਰਕੇ ਪਲੈਟੋ ਅਤੇ ਅਰਸਤੂ ਦੋਹਾਂ ਦਾ ਕਾਵਿ-ਚਿੰਤਨ ਅਨੁਕਰਣ-ਮੁਖ ਹੋਣ ਦੇ ਬਾਵਜੂਦ ਵੀ ਇਨ੍ਹਾਂ ਦੋਹਾਂ ਦੇ ਇਸ ਸੰਬੰਧੀ ਵਿਚਾਰਾਂ ਵਿਚ ਭਿੰਨਤਾ ਹੈ। 'ਕਾਵਿ-ਸ਼ਾਸਤ੍ਰ' ਦੇ ਆਰੰਭ ਵਿਚ ਵੀ 'ਅਨੁਕਰਣ' ਦਾ ਅਰਥ ਇਹੀ ਪ੍ਰਤੀਤ ਹੁੰਦਾ ਹੈ ਕਿ ਕਲਾ-ਕਿਰਤ ਦੀ ਸਿਰਜਣਾ ਕਿਸੇ ਪੂਰਬਲੀ ਦ੍ਰਿਸ਼ਟਮਾਨ੍ਹ ਵਸਤੂ ਦੇ ਆਧਾਰ ਉਪਰ ਹੀ ਹੁੰਦੀ ਹੈ। ਪਰ, ਅਰਸਤੂ ਨੇ ਇਸ ਸਿਰਜਣ-ਪ੍ਰਕਿਰਿਆ ਵਿਚੋਂ ਪਲੈਟੋ ਦਾ ਪ੍ਰਥਮ ਸਥਾਨ ਪ੍ਰਾਪਤ, ਵਿਚਾਰ ਜਗਤ ਨੂੰ ਖਾਰਜ ਕਰ ਦਿੱਤਾ ਹੈ। ਇਸ ਦ੍ਰਿਸ਼ਟੀ ਤੋਂ ਇਕ ਈਰਖਾ-ਜਨਕ ਮਾਡਲ ਗਾਇਬ ਹੋ ਜਾਂਦਾ ਹੈ। ਇਹ ਹੀ ਨਹੀਂ, ਇਸ ਨੂੰ ਇਕ ਵਿਸ਼ੇਸ਼ ਕਲਾ-ਸ਼ਾਸਤ੍ਰੀ ਸੰਕੇਤ ਬਣਾ ਕੇ ਕਲਾ ਨੂੰ ਇਸ ਸੰਸਾਰ ਦੀਆਂ ਬਾਕੀ ਵਸਤਾਂ ਨਾਲੋਂ ਵੀ ਨਿਖੇੜ ਕੇ ਕਲਾਵਾਂ ਨੂੰ ਬਾਕੀ ਮਨੁੱਖੀ ਕਰਮ ਨਾਲੋਂ ਬਰ ਮੇਚਣ ਤੋਂ ਮੁਕਤ ਕਰ ਦਿੱਤਾ ਹੈ। ਅਨੁਕਰਣ ਦੇ ਵਿਸ਼ੇ, ਮਾਧਿਅਮ ਅਤੇ ਵਿਧੀ ਦੇ ਨਿਖੇੜੇ ਰਾਹੀਂ ਇਕ ਕਲਾ ਨੂੰ ਦੂਜੀ ਨਾਲੋਂ ਨਿਖੇੜ ਕੇ ਅਤੇ ਇਕ ਕਲਾ ਰੂਪ ਨੂੰ ਦੂਜੇ ਕਲਾ-ਰੂਪ ਨਾਲੋਂ ਨਿਖੇੜ ਕੇ ਅਰਸਤੂ ਦੀ ਸਮੀਖਿਆ ਕਲਾ ਨੂੰ ਕਲਾ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਨ ਦੀ ਹੀ ਸਲਾਹ ਨਹੀਂ ਦੇਂਦੀ ਸਗੋਂ ਕਵਿਤਾ ਨੂੰ ਵੀ ਕਵਿਤਾ ਦੀ ਦ੍ਰਿਸ਼ਟੀ ਤੋਂ ਅਤੇ ਹਰ ਪ੍ਰਕਾਰ ਦੀ ਕਵਿਤਾ ਨੂੰ ਉਸਦੀ ਆਪਣੀ ਵਿਸ਼ੇਸ਼ ਪ੍ਰਕਿਰਤੀ ਦੀ ਦ੍ਰਿਸ਼ਟੀ ਤੋਂ ਵੇਖਣ ਦੀ ਸਲਾਹ ਦੇਂਦੀ ਹੈ।

ਅਰਸਤੂ ਦੇ ਅਨੁਕਰਣ-ਮੁਖ ਸਾਹਿਤ-ਚਿੰਤਨ ਦੀ ਇਕ ਮਹਤਵਪੂਰਨ ਵਿਸ਼ੇਸ਼ਤਾ ਇਹ

1. ਡਾ. ਹਰਿਭਜਨ ਸਿੰਘ (ਅਨੁ.) ਅਰਸਤੂ ਦਾ ਕਾਵਿ ਸ਼ਾਸਤ੍ਰ, ਪੰਨਾ 6

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਕਿ ਅਨੁਕਰਣ ਇਥੇ ਵਿਭਿੰਨ ਕਲਾਵਾਂ ਦੀ ਜਾਤੀਗਤ ਸਾਝ (Genus) ਵਲ ਵੀ ਸੰਕੇਤ ਕਰਦਾ ਹੈ ਅਤੇ ਇਹ ਵਿਭਿੰਨ ਕਲਾਵਾਂ ਅਤੇ ਕਲਾ-ਰੂਪਾਂ ਦਾ ਭੇਦਕ ਚਿੰਨ੍ਹ (differencia) ਵੀ ਹੈ, ਪਰ ਇਸ ਦੀ ਇਕ ਹੋਰ ਵਿਸ਼ੇਸ਼ਤਾ ਇਹ ਵੀ ਹੈ ਕਿ ਅਰਸਤੂ ਦਾ 'ਅਨੁਕਰਣ' ਪਲੈਟੋ ਦੇ ਇੰਨ ਬਿੰਨ ਉਤਾਰੇ ਵਾਲੇ ਅਨੁਕਰਣ ਨਾਲੋਂ ਵਖਰੇ ਅਰਥਾਂ ਵਾਲਾ ਹੈ। ਪਰਿਣਾਮ ਸਰੂਪ ਪਲੈਟੋ ਦੇ ਵਿਪਰੀਤ ਅਰਸਤੂ ਦਾ 'ਅਨੁਕਰਣ' ਨਿੰਦਾਸੂਚਕ ਸੰਕੇਤ ਨਹੀਂ। ਡਾ. ਨਗੇਂਦ੍ਰ ਵਖ ਵਖ ਟੀਕਾਕਾਰਾਂ ਅਤੇ ਵਿਆਖਿਆਕਾਰਾਂ ਦੇ ਅਨੁਕਰਣ-ਸਿਧਾਂਤ ਸੰਬੰਧੀ ਵਿਚਾਰਾਂ ਉਪਰ ਚਰਚਾ ਕਰਦਿਆਂ ਲਗਭਗ ਇਸ ਨਿਰਣੇ ਉਪਰ ਹੀ ਪਹੁੰਚਦੇ ਹਨ ਕਿ ਇਹ ਸਾਰੇ ਵਿਦਵਾਨ ਅਰਸਤੂ ਦੇ ਅਨੁਕਰਣ ਨੂੰ ਸਿਰਜਣ/ ਪੁਨਰ-ਸਿਰਜਣ/ ਕਾਲਪਨਿਕ ਪੁਨਰ-ਸਿਰਜਣ ਦੇ ਅਰਥਾਂ, ਵਿਚ ਹੀ ਗ੍ਰਹਿਣ ਕਰਦੇ ਹਨ। ਡਾ: ਨਗੇਂਦ੍ਰ ਆਪ ਵੀ 'ਕਾਵਿ-ਸ਼ਾਸਤ੍ਰ' ਦੇ ਮੂਲ ਪਾਠ ਦੇ ਆਧਾਰ ਉਪਰ ਇਸ ਤੋਂ ਬਹੁਤੇ ਭਿੰਨ ਨਿਰਣੇ ਉਪਰ ਨਹੀਂ ਪਹੁੰਚਦੇ। ਉਨ੍ਹਾਂ ਦਾ ਮੱਤ ਹੈ ਕਿ 'ਅਨੁਕਰਣ ਦਾ ਅਰਥ ਯਥਾਰਥ ਉਤਾਰਾ ਕਿਸੇ ਵੀ ਰੂਪ ਵਿਚ ਨਹੀਂ ਹੈ - ਉਹ ਭਾਵਾਤਮਕ ਅਤੇ ਕਾਲਪਨਾਤਮਕ ਪੁਨਰ-ਸਿਰਜਨ ਦਾ ਹੀ ਸਮਾਨਾਰਥੀ ਹੈ, ਇਸ ਵਿਚ ਸੰਦੇਹ ਨਹੀਂ।'[1]

'ਕਾਵਿ-ਸ਼ਾਸਤ੍ਰ' ਦੇ ਆਧਾਰ ਉਪਰ ਅਸੀਂ ਸਾਮਾਨਿਯ ਕਾਵਿ-ਸਿਧਾਤਾਂ ਦੀ ਸਥਾਪਨਾਂ ਕਰ ਸਕਦੇ ਹਾਂ। ਪਰ, ਜਿਵੇਂ ਕਿ ਅਸੀਂ ਜਾਣਦੇ ਹੀ ਹਾਂ, 'ਕਾਵਿ-ਸ਼ਾਸਤ੍ਰ' ਵਿਚ ਚਰਚਾ ਦਾ ਪ੍ਰਮੁੱਖ ਕੇਂਦਰ ਤ੍ਰਾਸਦੀ ਹੈ। ਇਸ ਕਰਕੇ ਤ੍ਰਾਸਦ-ਅਨੁਕਰਣ ਦੇ ਵਿਸ਼ੇਸ਼ ਚਰਿਤ੍ਰ ਬਾਰੇ ਵੀ ਜਾਣ ਲੈਣ ਦੀ ਲੋੜ ਹੈ। ਇਸ ਬਾਰੇ ਕਾਵਿ-ਸ਼ਾਸਤ੍ਰ ਦੇ ਟੀਕਾਕਾਰ ਅਤੇ ਵਿਆਖਿਆਤਾ ਗੋਲਡਨ ਅਤੇ ਹਾਰਡੀਸਨ ਦਾ ਵਿਚਾਰ ਹੈ ਕਿ ਅਰਸਤੂ ਦਾ ਅਨੁਕਰਣ ਇਕ ਪ੍ਰਕਿਰਿਆ ਹੈ। ਉਨ੍ਹਾਂ ਦਾ ਮਤ ਹੈ ਕਿ ਪਹਿਲੇ ਅਧਿਆਇ ਦੇ ਆਧਾਰ ਉਪਰ ਕਿਹਾ ਜਾ ਸਕਦਾ ਹੈ ਕਿ ਕਾਵਿ-ਅਨੁਕਰਣ ਸਾਧਾਰਣ ਨਾਲੋਂ ਕੁਝ ਉਚੇਰੀ ਪ੍ਰਕਾਰ ਦੀ ਭਾਸ਼ਾ ਵਿਚ ਅਤੇ ਤਿੰਨ ਸੰਭਵ ਵਿਧੀਆਂ ਵਿਚੋਂ ਕਿਸੇ ਇਕ ਰਾਹੀਂ ਇਸ ਕਾਰਜ ਦੀ ਪ੍ਰਤਿਨਿਧਤਾ ਹੈ। ਇਸੇ ਦੇ ਆਧਾਰ ਉਪਰ ਅਰਸਤੂ ਅਗੇ ਜਾ ਕੇ ਤ੍ਰਾਸਦ-ਅਨੁਕਰਣ ਨੂੰ ਪਰਿਭਾਸ਼ਤ ਕਰਦਾ ਹੈ। ਇਸ ਦੇ ਨਾਲ ਹੀ ਅਰਸਤੂ ਇਹ ਵੀ ਦਸਦਾ ਹੈ ਕਿ ਤ੍ਰਾਸਦ-ਅਨੁਕਰਣ ਦੇ ਛੇ ਭਾਗ ਹੁੰਦੇ ਹਨ। ਤ੍ਰਾਸਦੀ-ਰਚਨਾ ਦੀ ਪ੍ਰਕਿਰਿਆ ਦਾ ਵਿਸ਼ਲੇਸ਼ਨ ਇਨ੍ਹਾਂ ਛੇ ਭਾਗਾਂ ਦੀ ਰਚਨਾ-ਪ੍ਰਕਿਰਿਆ ਦੇ ਰੂਪ ਵਿਚ ਕੀਤਾ ਜਾ ਸਕਦਾ ਹੈ। ਜੇ ਕਵੀ ਅਰਸਤੂ ਦਾ ਦਸਿਆ ਹੋਇਆ ਕ੍ਰਮ ਸਵੀਕਾਰ ਕਰੇਗਾ ਤਾਂ ਉਸਦੀ ਇਸ ਸਰਬਵਿਆਪੀ-ਰੂਪ-ਸਿਰਜਣ ਦੀ ਪ੍ਰਕਿਰਿਆ ਦਾ ਆਰੰਭ ਕਾਰਜ ਅਤੇ ਕਥਾਨਕ ਤੋਂ ਹੋਵੇਗਾ। ਤ੍ਰਾਸਦ-ਅਨੁਕਰਣ ਦੀ ਇਸ ਛੇ ਭਾਗੀ ਪ੍ਰਕਿਰਿਆ ਵਲ ਅਰਸਤੂ ਪਹਿਲਾਂ 'ਕਾਵਿ-ਸ਼ਾਸਤ੍ਰ' ਦੇ ਛੇਵੇਂ ਅਧਿਆਇ ਵਿਚ ਸੰਕੇਤ ਕਰਦਾ ਹੈ ਅਤੇ ਫਿਰ ਸਤਾਰ੍ਹਵੇਂ ਅਧਿਆਇ ਵਿਚ ਇਸ ਦੀ ਰੂਪ ਰੇਖਾ ਵਧੇਰੇ ਵਿਸਤਾਰ ਵਿਚ ਪੇਸ਼ ਕਰਦਾ ਹੈ।

---

1. ਡਾ. ਹਰਿਭਜਨ ਸਿੰਘ (ਅਨੁ.) ਅਰਸਤੂ ਦਾ ਕਾਵਿ-ਸ਼ਾਸਤ੍ਰ, ਪੰਨਾ 6

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤ੍ਰਾਸਦ-ਅਨੁਕਰਣ ਦੀ ਪ੍ਰਕਿਰਿਆ ਵਿਚ ਆਵਸਕਤਾ ਜਾਂ ਸੰਭਾਵਿਕਤਾ ਦਾ ਵਿਸ਼ੇਸ਼ ਮਹਤਵ ਹੈ। ਆਵਸ਼ਕਤਾ ਜਾਂ ਸੰਭਾਵਿਤਾ ਹੀ ਨਿਸਚਿਤ ਕਰਦੀ ਹੈ ਕਿ ਕਵੀ ਰੂਪ-ਸਿਰਜਣ ਵਿਚ ਸਫਲ ਹੋ ਸਕਿਆ ਹੈ ਜਾਂ ਨਹੀਂ। ਕਥਾਨਕ ਵਿਚ ਇਸ ਦੀ ਮਹੱਤਤਾ ਤਾਂ ਸਪਸ਼ਟ ਹੀ ਹੈ। ਪਰ, ਵਧੇਰੇ ਧਿਆਨ ਦੇਣ ਦੀ ਗੱਲ ਇਹ ਹੈ ਕਿ ਆਵਸ਼ਕਤਾ ਅਤੇ ਸੰਭਾਵਿਤਾ ਰਚਨਾ ਵਿਚ ਹਰ ਪਧਰ ਉਪਰ ਹੀ ਮਹਤਵਪੂਰਨ ਰਹਿੰਦੀ ਹੈ। ਜੇ ਤ੍ਰਾਸਦ-ਰੂਪ ਨੇ ਸਰਬਸਥਾਨੀ ਰੂਪ ਹੋਣਾ ਹੈ ਤਾਂ ਜ਼ਰੂਰੀ ਹੈ ਕਿ ਉਸਦੀ ਹਰ ਘਟਨਾ ਕਥਾਨਕ ਦਾ ਅੰਗ ਹੋਵੇ, ਦੂਸਰੇ ਸ਼ਬਦਾਂ ਵਿਚ ਸਾਰੀਆਂ ਘਟਨਾਵਾਂ ਆਵਸ਼ਕਤਾ ਜਾਂ ਸੰਭਾਵਿਤਾ ਦੇ ਨੇਮ ਅਨੁਸਾਰ ਜੁੜੀਆਂ ਹੋਈਆ ਹੋਣ ਅਤੇ ਉਨ੍ਹਾਂ ਘਟਨਾਵਾਂ ਦੀ ਚੋਣ 'ਸਥਿਤੀ ਦੇ ਉਲਟਾਉ' ਨੂੰ ਧਿਆਨ ਵਿਚ ਰਖਕੇ ਕੀਤੀ ਗਈ ਹੋਵੇ।

ਇਸ ਪ੍ਰਕਾਰ ਅਨੁਕਰਣ ਇਕ ਪ੍ਰਕਿਰਿਆ ਹੈ ਜਿਸਦੀ ਯਾਤ੍ਰਾ ਕਥਾਨਕ ਤੋਂ ਭਾਸ਼ਾ ਸ਼ੈਲੀ, ਦ੍ਰਿਸ਼ ਵਿਧਾਨ ਅਤੇ ਸੰਗੀਤ ਵਿਚੋਂ ਦੀ ਗੁਜ਼ਰਦੀ ਹੈ। ਹਰ ਪੜਾਓ ਉਪਰ ਕਵੀ ਉਸ ਵਿਸ਼ੇਸ਼ ਭਾਗ ਨੂੰ ਸਰਬਵਿਆਪੀ ਬਣਾਉਣ ਦੇ ਆਹਰ ਵਿਚ ਰੂਪ ਸਿਰਜਦਾ ਜਾਂਦਾ ਹੈ। ਇਹ ਯਾਤ੍ਰਾ ਇਕ ਤਰ੍ਹਾਂ ਨਾਲ ਅਗਿਆਨ ਤੋਂ ਗਿਆਨ ਤਕ ਦੀ ਯਾਤ੍ਰਾ ਹੈ। ਇਕ ਭਾਗ ਗਿਆਨ ਨਾਲ ਪ੍ਰਕਾਸ਼ਮਾਨ ਹੋ ਜਾਂਦਾ ਹੈ ਅਤੇ ਉਸਤੋਂ ਅਗਲੇ ਭਾਗ ਦੇ ਪ੍ਰਕਾਸ਼ਮਾਨ ਹੋਣ ਦੀ ਮੰਗ ਪੈਦਾ ਹੋ ਜਾਂਦੀ ਹੈ। ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਇਹ ਗਿਆਨ ਦੇ ਪ੍ਰਕਾਸ਼ਮਾਨ ਹੋਣ ਦੀ ਪ੍ਰਕਿਰਿਆ ਹੀ ਅਨੁਕਰਣ ਹੈ। ਇਸ ਪ੍ਰਕਿਰਿਆ ਵਿਚ ਜੇ ਰਚਨਾ ਦੇ ਸਾਰੇ ਭਾਗ ਇਕ ਦੂਜੇ ਨਾਲ ਇਸ ਪ੍ਰਕਾਰ ਸੰਬੰਧਿਤ ਹੋ ਕੇ ਪੇਸ਼ ਹੋ ਜਾਣ ਜਿਸ ਨਾਲ ਰਚਨਾ ਦੇ ਅਰਥ ਪੂਰਨ ਰੂਪ ਵਿਚ ਸਮਝੇ ਜਾਣ ਯੋਗ ਹੋ ਜਾਣ ਤਾਂ ਹੀ ਰਚਨਾ-ਪ੍ਰਕਿਰਿਆ ਸੰਪੂਰਨ ਮੰਨੀ ਜਾਵੇਗੀ। ਇਥੇ 'ਕਾਵਿ-ਸ਼ਾਸਤ੍ਰ' ਦੇ ਅਧਿਆਇ ਚਾਰ ਅਤੇ ਚੌਦਾਂ ਵਿਚ ਸੰਕੇਤਕ ਕਾਵਿ-ਪ੍ਰਯੋਜਨ ਦਾ ਸਮਰਣ ਹੋ ਆਉਂਦਾ ਹੈ, ਜਿਥੇ ਉਹ ਕਾਵਿ ਦੇ ਵਿਸ਼ੇਸ਼ ਆਨੰਦ ਦੀ ਗੱਲ ਕਰਦਾ ਹੈ, ਉਸ ਆਨੰਦ ਦੀ ਗਲ ਜਿਸਦਾ ਸੰਬੰਧ ਗਿਆਨ ਨਾਲ ਹੈ। ਗਿਆਨ ਤੋਂ ਪ੍ਰਾਪਤ ਹੋਣ ਵਾਲਾ ਇਹੀ ਆਨੰਦ ਹੀ ਅਨੁਕਰਣ-ਪ੍ਰਕਿਰਿਆ ਦਾ ਅੰਤਮ ਟੀਚਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੈਥਾਰਸਿਸ : ਤ੍ਰਾਸਦੀ ਦਾ ਪ੍ਰਯੋਜਨ

ਯੂਨਾਨੀ ਸ਼ਬਦ 'ਕੈਥਾਰਸਿਸ' ਅਨੇਕਾਰਥੀ (ambiguous) ਹੈ। ਵਿਰੇਚਨ ਜਾਂ ਰੇਚਨ (purgation) ਇਸ ਦੇ ਤਿੰਨ ਸੰਭਵ ਅਰਥਾਂ ਵਿਚੋਂ ਇਕ ਹੈ। ਇਸ ਸ਼ਬਦ ਦੇ ਦੋ ਅਰਥ ਹੋਰ ਵੀ ਹਨ – ਸ਼ੁੱਧੀਕਰਣ (purification) ਅਤੇ ਸਪਸ਼ਟੀਕਰਣ (clarification)। 'ਕਾਵਿ-ਸ਼ਾਸਤ੍ਰ' ਵਿਚ ਕੈਥਾਰਸਿਸ ਸ਼ਬਦ ਕੇਵਲ ਇਕ ਵਾਰ ਆਇਆ ਹੈ ਅਤੇ ਇਸ ਦੇ ਅਰਥ ਦਾ ਸਪਸ਼ਟੀਕਰਣ ਸਾਨੂੰ ਇਸ ਗ੍ਰੰਥ ਵਿਚੋਂ ਸਿੱਧੇ ਰੂਪ ਵਿਚ ਪ੍ਰਾਪਤ ਨਹੀਂ ਹੁੰਦਾ। ਇਹੀ ਕਾਰਣ ਹੈ ਕਿ ਅਨੁਵਾਦਕਾਂ ਨੇ ਇਸ ਸ਼ਬਦ ਦੇ ਅਨੁਵਾਦ ਸਮੇਂ ਇਨ੍ਹਾਂ ਤਿੰਨਾ ਵਿਚੋਂ ਕਿਸੇ ਇਕ ਅਰਥ ਨੂੰ ਸਵੀਕਾਰ ਕਰ ਲਿਆ ਹੈ। ਇਸ ਸਵੀਕ੍ਰਿਤੀ ਦਾ ਆਧਾਰ 'ਕਾਵਿ-ਸ਼ਾਸਤ੍ਰ' ਨਾਲ ਸੰਬੰਧਿਤ ਅਨੁਵਾਦਕ ਦੀ ਆਪਣੀ ਧਾਰਨਾ ਹੈ। ਇਨ੍ਹਾਂ ਅਨੁਵਾਦਾਂ ਦੇ ਆਧਾਰ ਉਪਰ ਤਿੰਨ ਕੈਥਾਰਸਿਸ ਸਿਧਾਂਤਾਂ ਦੀ ਚਰਚਾ ਅਰਸਤੂ ਦੇ ਵਿਆਖਿਆਕਾਰਾਂ ਨੇ ਕੀਤੀ ਹੈ। ਇਹ ਸਿਧਾਂਤ ਹਨ – ਵਿਰੇਚਨ ਸਿਧਾਂਤ (Purgation Theory), ਸ਼ੁਧੀਕਰਣ ਸਿਧਾਂਤ (Purification Theory) ਅਤੇ ਸਪਸ਼ਟੀਕਰਣ ਸਿਧਾਂਤ (Clarification Theory)।

ਵਿਰੇਚਨ ਸਿਧਾਂਤ ਇਕ ਮਾਇਨਸ-ਸਿਧਾਂਤ (Minus Theory) ਹੈ। ਤ੍ਰਾਸਦੀ ਤ੍ਰਾਸ ਅਤੇ ਕਰੁਣਾ ਨੂੰ ਜਗਾ ਕੇ ਇਨਾਂ ਭਾਵਾਂ ਨੂੰ ਖਾਰਜ ਕਰ ਦਿੰਦੀ ਹੈ। ਕਾਵਿ ਸੰਬੰਧੀ ਪਲੈਟੋ ਦੇ ਵਿਚਾਰ ਦੇ ਸੰਦਰਭ ਵਿਚ ਇਹ ਸਿਧਾਂਤ ਨਿਸਚੇ ਹੀ ਆਕਰਸ਼ਕ ਪ੍ਰਤੀਤ ਹੋਵੇਗਾ। ਪਲੈਟੋ ਨੇ ਤ੍ਰਾਸਦੀ ਦੀ ਨਿੰਦਾ ਕੀਤਾ ਕਿਉਂਕਿ ਉਹ ਤ੍ਰਾਸ ਅਤੇ ਕਰੁਣਾ ਨੂੰ ਜਗਾ ਕੇ ਦਰਸ਼ਕ ਨੂੰ ਅਤਿਭਾਵੁਕ ਬਣਾਉਂਦੀ ਹੈ। ਵਿਰੇਚਨ ਸਿਧਾਂਤ ਅਨੁਸਾਰ ਅਰਸਤੂ ਨੇ ਇਸ ਦੇ ਉੱਤਰ ਵਿਚ ਕਿਹਾ ਪ੍ਰਤੀਤ ਹੁੰਦਾ ਹੈ ਕਿ ਤ੍ਰਾਸਦੀ ਕਰੁਣਾ ਅਤੇ ਤ੍ਰਾਸ ਨੂੰ ਜਗਾਉਂਦੀ ਤੇ ਹੈ, ਪਰ ਇਨਾਂ ਭਾਵਾਂ ਨੂੰ ਖਾਰਜ ਕਰਨ ਲਈ। ਇਸ ਪ੍ਰਕਾਰ ਤ੍ਰਾਸਦੀ ਮਨੋਵਿਕਾਰਾਂ ਨੂੰ ਜਗਾਉਂਦੀ ਵੀ ਹੈ ਅਤੇ ਖਾਰਜ ਵੀ ਕਰਦੀ ਹੈ।

ਆਧਾਰ ਗ੍ਰੰਥ:
Golden and Hardison, *'Aristotle's Poetics' (Prentice Hall, 1968)*

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਰੇਚਨੀ-ਪ੍ਰਕਿਰਿਆ ਦੇ ਸਬੰਧ ਵਿਚ ਅਰਸਤੂ ਦੇ ਕੁਝ ਵਿਆਖਿਆਤਾ ਮੰਨਦੇ ਰਹੇ ਹਨ ਕਿ ਇਹ ਚਕਿਤਸਾ-ਸਾਸਤ੍ਰ ਦੀ ਪੁਰਾਣੀ ਰੇਚਨ-ਵਿਧੀ ਨਾਲ ਮਿਲਦੀ ਜੁਲਦੀ ਹੀ ਪ੍ਰਕਿਰਿਆ ਹੈ। ਡਾ. ਨਗੇਂਦ੍ਰ ਅਨੁਸਾਰ 'ਮੇਦ੍ਹੇ ਵਿਚ ਬਾਹਰਲੇ ਜਾਂ ਬੇਲੋੜੇ ਪਦਾਰਥਾਂ ਦੇ ਆ ਜਾਣ ਨਾਲ ਜਦੋਂ ਅੰਦਰਲਾ ਪ੍ਰਬੰਧ ਗੜਬੜ ਹੋ ਜਾਂਦਾ ਹੈ ਤਾਂ ਯੂਨਾਨੀ ਚਕਿਤਸਕ ਰੇਚਕ ਦਵਾਈ ਦੇ ਕੇ ਉਸ ਬਾਹਰਲੇ ਪਦਾਰਥ ਨੂੰ ਕਢ ਕੇ ਰੋਗੀ ਦਾ ਇਲਾਜ ਕਰਦੇ ਸਨ। ਰੋਗ ਪੈਦਾ ਕਰਨ ਵਾਲੇ ਬੇਲੋੜੇ ਪਦਾਰਥ ਨੂੰ ਕਢ ਕੇ ਰੋਗੀ ਦਾ ਇਲਾਜ ਕਰਦੇ ਸਨ। ਰੋਗ ਪੈਦਾ ਕਰਨ ਵਾਲੇ ਬੇਲੋੜੇ ਪਦਾਰਥ ਦੇ ਨਿਕਲ ਜਾਣ ਨਾਲ ਰੋਗੀ ਫਿਰ ਅਰੋਗ ਤੇ ਸ਼ਾਂਤ ਹੋ ਜਾਂਦਾ ਹੈ। ਅਰਸਤੂ ਆਪ ਵੈਦ ਦੇ ਪੁਤਰ ਸਨ ਅਤੇ ਇਸ ਪ੍ਰਕਾਰ ਦੇ ਇਲਾਜ ਆਦਿ ਦਾ ਉਨਾਂ ਦਾ ਪ੍ਰਤੱਖ ਅਨੁਭਵ ਸੀ; ਇਸ ਲਈ ਇਹ ਸ਼ਬਦ ਉਨ੍ਹਾਂ ਨੇ ਨਿਸ਼ਚੇ ਹੀ ਚਿਕਿਤਸਾ-ਸ਼ਾਸਤ੍ਰ ਤੋਂ ਗ੍ਰਹਿਣ ਕੀਤਾ ਸੀ, ਜਿਥੇ ਉਸ ਦਾ ਅਰਥ ਸੀ ਰੇਚਕ ਦਵਾਈ ਰਾਹੀਂ ਅਸ਼ੁਧ ਅਤੇ ਰੋਗ ਪੈਦਾ ਕਰਨ ਵਾਲੇ ਪਦਾਰਥ (ਮਨੋਵਿਕਾਰਾਂ) ਨੂੰ ਖਾਰਜ ਕਰ ਕੇ ਸਰੀਰਕ ਪ੍ਰਬੰਧ ਨੂੰ ਸ਼ੁਧ ਅਤੇ ਅਰੋਗ ਕਰਨਾ।'[1]

ਵਿਰੇਚਨ ਦੇ ਇਸ ਚਿਕਿਤਸਾ-ਸ਼ਾਸਤ੍ਰੀ ਸਿਧਾਂਤ ਉਪਰ ਸਭ ਤੋਂ ਵਡਾ ਇਤਰਾਜ਼ ਇਹ ਕੀਤਾ ਗਿਆ ਹੈ ਕਿ ਇਹ ਸਿਧਾਂਤ ਅਰਸਤੂ ਨੂੰ ਪਲੈਟੋ ਦੇ ਵਿਚਾਰਾਂ ਉਪਰ ਨਿਰਭਰ ਸਿੱਧ ਕਰਦਾ ਹੈ। ਪਲੈਟੋ ਦਾ ਵਿਸ਼ਵਾਸ ਸੀ ਕਿ ਮਨੋਭਾਵ ਬੋਧਿਕਤਾ ਦੇ ਰਾਹ ਵਿਚ ਰੁਕਾਵਟ ਹਨ। ਆਦਰਸ਼ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਨੂੰ ਲਗਾਤਾਰ ਘਟਾਉਣ ਦਾ ਯਤਨ ਕਰਦਾ ਰਹੇ। ਉਪਰੋਕਤ ਸਿਧਾਂਤ ਦੇ ਵਿਰੋਧੀਆਂ ਦਾ ਮਤ ਹੈ ਕਿ ਅਰਸਤੂ ਨੇ ਪਲੈਟੋ ਦੇ ਇਨ੍ਹਾਂ ਵਿਚਾਰਾਂ ਨੂੰ ਸਵੀਕਾਰ ਨਹੀਂ ਕੀਤਾ। ਅਰਸਤੂ ਲਈ ਮਨੋਭਾਵ ਵੀ ਬੋਧਿਕਤਾ ਜਿੰਨੇ ਹੀ ਮਹੱਤਵਪੂਰਨ ਹਨ। ਇਹੰ ਭੈੜੇ ਨਹੀਂ, ਇਹ ਨੁਕਸਾਨ ਤਾਂ ਹੀ ਪਹੁੰਚਾ ਸਕਦੇ ਹਨ ਜੇ ਇਨ੍ਹਾਂ ਉਪਰ ਕਾਬੂ ਨਾ ਪਾਇਆ ਜਾਏ। ਇਸ ਲਈ ਇਨ੍ਹਾਂ ਮਨੋਭਾਵਾਂ ਨੂੰ ਸੇਧ ਦੇਣ ਅਤੇ ਕਾਬੂ ਵਿਚ ਰਖਣ ਦੀ ਲੋੜ ਹੈ। ਇਸੇ ਚਿੰਤਨ ਨੇ ਹੀ ਕੈਥਾਰਸਿਸ ਦੇ ਦੂਸਰੇ ਸਿਧਾਂਤ ਨੂੰ ਜਨਮ ਦਿਤਾ ਜਿਸ ਨੂੰ ਉਪਰ ਸ਼ੁਧੀਕਰਣ ਸਿਧਾਂਤ ਦਾ ਨਾਮ ਦਿੱਤਾ ਗਿਆ ਸੀ।

ਵਿਰੇਚਨ ਅਤੇ ਸ਼ੁੱਧੀਕਰਣ ਸਿਧਾਂਤ ਵਿਚ ਬੁਨਿਆਦੀ ਅੰਤਰ ਇਹੀ ਹੈ ਕਿ ਪਹਿਲੇ ਸਿਧਾਂਤ ਅਨੁਸਾਰ ਕੈਥਾਰਸਿਸ ਦਾ ਸੰਬੰਧ ਕੇਵਲ ਤ੍ਰਾਸ ਅਤੇ ਕਰੁਣਾ ਨਾਲ ਹੀ ਹੈ। ਇਸ ਅਨੁਸਾਰ ਤ੍ਰਾਸਦੀ ਵਿਚ 'ਕਰੁਣਾ ਅਤੇ ਤ੍ਰਾਸ ਭਰਪੂਰ ਘਟਨਾਵਾਂ ਦੀ ਪੇਸ਼ਕਾਰੀ ਰਾਹੀਂ ਇਨ੍ਹਾਂ ਮਨੋਵਿਕਾਰਾਂ ਦਾ ਉਚਿਤ ਵਿਰੇਚਨ ਕੀਤਾ ਜਾਂਦਾ ਹੈ।' ਪਰ, ਸ਼ੁੱਧੀਕਰੰਣ ਸਿਧਾਂਤ ਅਨੁਸਾਰ ਕੈਥਾਰਸਿਸ ਬਹੁਤ ਸਾਰੇ ਮਨੋਭਾਵਾਂ ਉਪਰ ਸਾਮਾਨਯ ਰੂਪ ਵਿਚ ਲਾਗੂ ਹੋਣ ਵਾਲਾ ਨੇਮ ਹੈ। ਇਹ ਚਿੰਤਕ ਕੈਥਾਰਸਿਸ ਵਾਲੇ ਵਾਕ ਦਾ ਅਨੁਵਾਦ ਇਸ ਪ੍ਰਕਾਰ ਕਰਦੇ ਹਨ:

1. ਅਰਸਤੂ ਦਾ ਕਾਵਿ ਸ਼ਾਸਤ੍ਰ, ਪੰਨੇ 78-79

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤ੍ਰਾਸਦੀ ਵਿਚ 'ਕਰੁਣਾ ਅਤੇ ਤ੍ਰਾਸ ਭਰਪੂਰ ਘਟਨਾਵਾਂ ਰਾਹੀਂ ਇਸ ਪ੍ਰਕਾਰ ਦੇ (ਪਹਿਲੇ ਚਿੰਤਕ 'ਇਸ ਪ੍ਰਕਾਰ ਦੀ' ਥਾਂ 'ਇਨ੍ਹਾਂ' ਦਾ ਪ੍ਰਯੋਗ ਕਰਦੇ ਹਨ) ਮਨੋਭਾਵਾਂ ਦਾ ਕੈਥਾਰਸਿਸ (ਸ਼ੁਧੀਕਰਣ) ਕੀਤਾ ਜਾਂਦਾ ਹੈ।' ਇਸ ਤਰ੍ਹਾਂ ਇਸ ਸਿਧਾਂਤ ਅਨੁਸਾਰ ਤ੍ਰਾਸ ਅਤੇ ਕਰੁਣਾ ਉਨ੍ਹਾਂ ਸਾਰੇ ਮਨੋਭਾਵਾਂ ਦੀ ਪ੍ਰਤੀਨਿਧਤਾ ਕਰਦੇ ਹਨ ਜਿਨ੍ਹਾਂ ਨੂੰ ਜੇ ਨੇਮਬਧ ਨਾ ਕੀਤਾ ਜਾਵੇ ਤਾਂ ਨੁਕਸਾਨ ਪਹੁੰਚਾ ਸਕਦੇ ਹਨ। ਇਸ ਸਿਧਾਂਤ ਦਾ ਆਕਰਸ਼ਣ ਕੇਵਲ ਏਨਾ ਹੈ ਕਿ ਏਥੇ ਭਾਵਾਂ ਦੇ ਖਾਰਜ ਕਰਨ ਜਾਂ ਕਢੇ ਜਾਣ ਉਪਰ ਬਲ ਨਹੀਂ ਦਿਤਾ ਜਾਂਦਾ। ਕਿਉਂਕਿ ਕਰੁਣਾ ਤੇ ਆਮ ਤੌਰ ਤੇ ਚੰਗਾ ਮਨੋਭਾਵ ਹੀ ਗਿਣਿਆ ਜਾਂਦਾ ਹੈ ਅਤੇ ਡਰ ਵੀ, ਆਪਣੀ ਠੀਕ ਥਾਂ ਤੇ, ਯੋਗ ਹੀ ਕਿਹਾ ਜਾ ਸਕਦਾ ਹੈ। ਇਸ ਕਰਕੇ ਇਨ੍ਹਾਂ ਨੂੰ ਕਾਬੂ ਵਿਚ ਰਖਣ ਦੀ ਲੋੜ ਹੈ, ਖਾਰਜ ਕਰਨ ਦੀ ਨਹੀਂ। ਇਸ ਪ੍ਰਕਾਰ ਵਿਰੇਚਨ ਜਿਥੇ ਮਾਈਨਸ ਸਿਧਾਂਤ ਸੀ ਸ਼ੁਧੀਕਰਣ ਉਥੇ ਦੋ ਅਤੀਆਂ ਦੇ ਵਿਚਾਲੇ ਵੀ ਅਵਸਥਾ ਦਾ ਸਿਧਾਂਤ ਹੈ। ਇਸ ਅਨੁਸਰ ਕੈਥਾਰਸਿਸ ਦਾ ਭਾਵ ਨੈਤਿਕ ਨੇਮਬਧਤਾ (Moral Conditioning) ਹੈ। ਤ੍ਰਾਸਦੀ ਨੂੰ ਵੇਖ ਕੇ ਦਰਸ਼ਕ ਤ੍ਰਾਸ, ਕਰੁਣਾ ਅਤੇ ਇਸ ਨਾਲ ਮਿਲਦੇ ਜੁਲਦੇ ਮਨੋਭਾਵਾਂ ਦਾ ਸਹੀ ਪ੍ਰਯੋਗ ਸਿਖਦਾ ਹੈ। ਵਿਰੇਚਨ ਸਿਧਾਂਤ ਵਾਂਗ ਇਸ ਸਿਧਾਂਤ ਨੂੰ ਵੀ ਪਲੈਟੋ ਦੇ ਇਤਰਾਜ ਦਾ ਜਵਾਬ ਕਿਹਾ ਜਾ ਸਕਦਾ ਹੈ। ਪਰ ਇਹ ਸਿਧਾਂਤ, ਮਨੋਭਾਵਾਂ ਬਾਰੇ, ਅਰਸਤੂ ਦੇ ਗਿਆਨ ਉਪਰ ਆਧਾਰਿਤ ਹੈ ਪਲੇਟੋ ਦੇ ਗਿਆਨ ਉਪਨ ਨਹੀਂ।

ਸ਼ੁਧੀਕਰਣ ਸਿਧਾਂਤ ਦੀਆਂ ਵਿਆਖਿਆਵਾਂ ਵਿਚ ਵੀ ਭਿੰਨਤਾ ਹੈ। ਕੁਝ ਚਿੰਤਕਾਂ ਦਾ ਵਿਚਾਰ ਹੈ ਕਿ ਤ੍ਰਾਸਦੀ ਮਨੋਭਾਵਾਂ ਨੂੰ ਸਖਤ ਕਰਨ ਵਿਚ ਮਦਦ ਦਿੰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿਵੇਂ ਸਿਪਾਹੀ ਲੜਾਈ ਦੇ ਮੈਦਾਨ ਵਿਚ ਮੌਤ ਨੂੰ ਵੇਖ ਵੇਖ ਕੇ ਮੌਤ ਤੋਂ ਡਰਦਾ ਨਹੀਂ ਇਸੇ ਪ੍ਰਕਾਰ ਦਰਸ਼ਕ ਵੀ ਤ੍ਰਾਸਦੀਆਂ ਵੇਖ ਕੇ ਜੀਵਨ ਵਿਚ ਵਾਪਰਨ ਵਾਲੀਆਂ ਤ੍ਰਾਸਦਕ ਅਤੇ ਕਰੁਣਾਜਨਕ ਘਟਨਾਵਾਂ ਪ੍ਰਤੀ ਸਖਤ ਹੋ ਜਾਂਦੇ ਹਨ। ਕੁਝ ਚਿੰਤਕਾਂ ਦਾ ਕਹਿਣਾ ਹੈ ਕਿ ਤ੍ਰਾਸਦੀ ਦਰਸ਼ਕ ਵਿਚ ਸੰਵੇਦਨਾ ਵਧਾ ਕੇ ਉਸ ਦਾ ਸ਼ੁਧੀਕਰਣ ਕਰਦੀ ਹੈ। ਇਹ ਦੋਵੇਂ ਧਾਰਨਾਵਾਂ ਇਕ ਦੂਜੇ ਦੀਆਂ ਵਿਰੋਧੀ ਪ੍ਰਤੀਤ ਹੁੰਦੀਆਂ ਹਨ ਪਰ ਇਹ ਦੋਵੇਂ ਸ਼ੁਧੀਕਰਣ ਦੀ ਪ੍ਰਕਿਰਿਆ ਦੀ ਵਿਆਖਿਆ ਕਰਦੀਆਂ ਹਨ।

ਇਸ ਸਿਧਾਂਤ ਵਿਚ ਨੈਤਿਕ-ਸਿਖਿਆ ਅਤੇ ਨੈਤਿਕ-ਗਿਆਨ ਦਾ ਭਾਵ ਵੀ ਸ਼ਾਮਿਲ ਹੈ। ਸੋ ਇਸ ਸਿਧਾਂਤ ਅਨੁਸਾਰ ਤ੍ਰਾਸਦੀ ਉਪਦੇਸ਼ਾਤਮਕ ਰਚਨਾ ਹੈ। ਅਸੀਂ ਬਦ ਪਾਤਰਾਂ ਦੇ ਭਿਆਨਕ ਪਰਿਣਾਮਾਂ ਤੋਂ ਉਨਾਂ ਨਾਲ ਸੰਬੰਧਿਤ ਪਾਪਾਂ ਤੋਂ ਬਚਣਾਂ ਸਿਖਦੇ ਹਾਂ।

ਉਪਰੋਕਤ ਦੋਹਾਂ ਕੈਥਾਰਸਿਸ ਸਿਧਾਂਤਾਂ ਦੇ ਸਾਂਝੇ ਦੋਸ਼ ਇਹ ਹਨ :–

(i) ਇਹ ਸਿਧਾਂਤ ਕੈਥਾਰਸਿਸ ਨੂੰ ਦਰਸ਼ਕ-ਮਨੋਵਿਗਿਆਨ ਨਾਲ ਜੋੜਦੇ ਹਨ। ਅਤੇ ਅਰਸਤੂ ਕਾਵਿ-ਕਲਾ ਬਾਰੇ ਲਿਖ ਰਿਹਾ ਸੀ ਮਨੋਵਿਗਿਆਨ ਬਾਰੇ ਨਹੀਂ।

ਅਰਸਤੂ ਦੇ ਕਾਵਿ ਚਿੰਤਨ ਦੀ ਵਿਲਖਣਤਾ ਏਹੋ ਹੈ ਕਿ ਉਹ ਕਾਵਿ ਨੂੰ ਕਾਵਿ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦ੍ਰਿਸ਼ਟੀ ਤੋਂ ਵੇਖਦਾ ਸੀ। ਕਾਵਿ-ਬਾਹਰੇ ਤੱਤ– ਪ੍ਰਭਾਵ ਦੋਸ਼ (effective fallacy) ਦੇ ਸੰਦਰਭ ਵਿਚ ਕਾਵਿ ਦੀ ਵਿਆਖਿਆ ਉਸ ਦੇ ਚਿੰਤਨ ਦੇ ਅਨੁਕੂਲ ਨਹੀਂ ਹੋ ਸਕਦੀ।

(ii) ਏਥੇ ਕੈਥਾਰਸਿਸ ਸ਼ਬਦ ਦੀ ਵਿਆਖਿਆ ਲਈ 'ਕਾਵਿ-ਸ਼ਾਸਤ੍ਰ' (Poetics) ਦੀ ਥਾਂ ਅਰਸਤੂ ਦੇ ਦੂਸਰੇ ਗ੍ਰੰਥਾਂ ਨੂੰ ਆਧਾਰ ਬਣਾਇਆ ਗਿਆ ਹੈ। ਵਿਆਖਿਆਕਾਰਾਂ ਅਨੁਸਾਰ ਇਨ੍ਹਾਂ ਗ੍ਰੰਥਾਂ ਵਿਚਲੇ ਵਿਚਾਰ 'ਕਾਵਿ-ਸ਼ਾਸਤ੍ਰ' ਵਿਚਲੇ ਸੰਕਲਪਾਂ ਦੀ ਵਿਆਖਿਆ ਵਿਚ ਸਹਾਈ ਹੁੰਦੇ ਹਨ। ਇਨ੍ਹਾਂ ਵਿਚੋਂ ਵਿਰੇਚਨ ਦੀ ਵਿਆਖਿਆ ਆਮ ਤੌਰ ਤੇ ਅਰਸਤੂ ਦੇ ਰਾਜਨੀਤੀ ਨਾਲ ਸੰਬੰਧਿਤ ਗ੍ਰੰਥ ਵਿਚ ਆਏ ਸੰਗੀਤ-ਵਿਰੇਚਨ (musical catharsis) ਦੇ ਸੰਦਰਭ ਵਿਚ ਕੀਤੀ ਜਾਂਦੀ ਹੈ ਅਤੇ ਸੁਧੀਕਰਣ ਦੀ ਵਿਆਖਿਆ ਲਈ ਨੈਤਿਕ-ਸ਼ਾਸਤ੍ਰ ਨਾਲ ਸੰਬੰਧਿਤ ਇਕ ਗ੍ਰੰਥ ਨੂੰ ਆਧਾਰ ਬਣਾਇਆ ਜਾਂਦਾ ਹੈ। 'ਕਾਵਿ-ਸ਼ਾਸਤ੍ਰ' ਤੋਂ ਛੁਟ ਦੂਸਰੇ ਗ੍ਰੰਥਾਂ ਵਿਚ ਮਿਲਦੇ ਅਰਸਤੂ ਦੇ ਕਾਵਿ ਸੰਬੰਧੀ ਵਿਚਾਰ ਵੀ ਮਹੱਤਵਪੂਰਨ ਹਨ। ਕਾਵਿ ਅਨੇਕ ਪੱਖੀ ਸਿਰਜਣਾ ਹੈ। ਇਸ ਦੇ ਅਨੇਕ ਸੰਬੰਧਾ ਕਾਰਣ ਇਸ ਦੀ ਵਰਤੋਂ ਕਈ ਹੋਰ ਵਿਗਿਆਨਾਂ ਅਤੇ ਕਲਾਵਾਂ ਵਿਚ ਚਰਚਾ ਦਾ ਵਿਸ਼ਾ ਬਣਾਈ ਜਾ ਸਕਦੀ ਹੈ। ਇਹੀ ਕਾਰਣ ਹੈ ਕਿ ਅਰਸਤੂ ਨੇ 'ਕਾਵਿ-ਸ਼ਾਸਤ੍ਰ' ਤੋਂ ਛੁਟ ਆਪਣੇ ਦੂਸਰੇ ਗ੍ਰੰਥਾਂ ਵਿਚ ਵੀ ਕਾਵਿ ਸੰਬੰਧੀ ਵਿਚਾਰ ਪੇਸ਼ ਕੀਤੇ ਹਨ। ਪਰ ਯਾਦ ਰਹੇ ਉਨ੍ਹਾਂ ਗ੍ਰੰਥਾਂ ਵਿਚ ਕਾਵਿ ਸੰਬੰਧੀ ਚਰਚਾ ਦਾ ਸਥਿਤੀ ਬਿੰਦੂ ਕਾਵਿ-ਸ਼ਾਸਤ੍ਰੀ ਨਹੀਂ, ਉਹ ਵਿਸ਼ੇਸ਼ ਗਿਆਨ ਜਾਂ ਕਲਾ ਹੈ ਜਿਹੜੀ ਉਸ ਵਿਸ਼ੇਸ਼ ਗ੍ਰੰਥ ਦਾ ਕੇਂਦਰੀ ਵਿਸ਼ਾ ਹੈ। ਦੂਸਰੇ ਸ਼ਬਦਾਂ ਵਿਚ ਅਰਸਤੂ ਇਥੇ ਕਾਵਿ ਸੰਬੰਧੀ ਵਿਚਾਰ ਨਹੀਂ ਪੇਸ਼ ਕਰ ਰਿਹਾ ਹੁੰਦਾ, ਕਾਵਿ ਦੀ ਵਰਤੋਂ ਕਿਸੇ ਦੂਸਰੇ ਵਿਸ਼ੇ ਦੀ ਪ੍ਰੋੜਤਾ ਵਜੋਂ ਕਰ ਰਿਹਾ ਹੁੰਦਾ ਹੈ। ਇਸ ਸਥਿਤੀ ਵਿਚ 'ਕਾਵਿ-ਸ਼ਾਸਤ੍ਰ' ਦੇ ਕਿਸੇ ਸੰਕੇਤ ਦੀ ਵਿਆਖਿਆ ਇਨ੍ਹਾਂ ਗ੍ਰੰਥਾਂ ਵਿਚਲੀ ਚਰਚਾ ਉਪਰ ਆਧਾਰਿਤ ਕਰਨਾ ਸ਼ਾਇਦ ਯੋਗ ਨਹੀਂ।

ਉਪਰੋਕਤ ਦੋ ਵਿਆਖਿਆਵਾਂ ਵਾਂਗ ਹੀ ਕੈਥਾਰਸਿਸ ਦੀ ਤੀਸਰੀ ਵਿਆਖਿਆ ਦਾ ਆਧਾਰ ਵੀ ਸ਼ਬਦ ਦਾ ਇਕ ਸੰਭਵ ਅਰਥ ਹੀ ਹੈ। ਇਸ ਵਿਆਖਿਆ ਦੇ ਪੱਖ ਵਿਚ ਇਹ ਗੱਲ ਜਾਂਦੀ ਹੈ ਕਿ ਇਸ ਅਨੁਸਾਰ ਸਾਨੂੰ ਸ਼ਬਦ ਦੀ ਵਿਆਖਿਆ ਲਈ ਕਾਵਿ-ਸ਼ਾਸਤ੍ਰ ਤੋਂ ਬਾਹਰ ਨਹੀਂ ਝਾਕਣਾ ਪੈਂਦਾ। ਇਸ ਦੀ ਲੋੜੀਂਦੀ ਹਿਮਾਇਤ ਸਾਨੂੰ 'ਕਾਵਿ-ਸ਼ਾਸਤ੍ਰ' ਵਿਚੋਂ ਹੀ ਪ੍ਰਾਪਤ ਹੋ ਜਾਂਦੀ ਹੈ।

ਕੈਥਾਰਸਿਸ-ਵਾਕ ਦੀ ਵਿਆਖਿਆ ਲਈ 'ਕਾਵਿ-ਸ਼ਾਸਤ੍ਰ' ਵਿਚ ਅਰਸਤੂ ਦਾ ਸਭ ਤੋਂ ਮਹੱਤਵਪੂਰਣ ਸੰਕੇਤ ਸਾਨੂੰ ਤ੍ਰਾਸਦੀ ਦੀ ਪਰਿਭਾਸ਼ਾ ਦੇ ਆਧਾਰ ਸੰਬੰਧੀ ਬਿਆਨ ਤੋਂ ਪ੍ਰਾਪਤ ਹੁੰਦਾ ਹੈ। ਤ੍ਰਾਸਦੀ ਦੀ ਪਰਿਭਾਸ਼ਾ ਤੋਂ ਪਹਿਲਾਂ ਅਰਸਤੂ ਦਾ ਇਹ ਵਾਕ ਮਹੱਤਵਪੂਰਣ ਹੈ :

'ਆਓ ਹੁਣ, ਪੂਰਵ ਚਰਚਾ ਤੋਂ ਪ੍ਰਾਪਤ ਤੱਤਾਂ ਦੇ ਫਲਸਰੂਪ ਤ੍ਰਾਸਦੀ ਦੀ ਪਰਿਭਾਸ਼ਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਗ੍ਰਹਿਣ ਕਰਦੇ ਹੋਏ ਉਸ ਦਾ ਵਿਵੇਚਨ ਕਰੀਏ।

ਇਸ ਵਾਕ ਤੋਂ ਇਹ ਨਿਰਣਾ ਸਹਿਜੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਕਿ ਤ੍ਰਾਸਦੀ ਦੀ ਪਰਿਭਾਸ਼ਾ ਦਾ ਆਧਾਰ ਪਰਿਭਾਸ਼ਾ ਤੋਂ ਪਹਿਲੇ ਵਾਲੇ ਪੰਜ ਅਧਿਆਵਾ ਵਿਚਲੀ ਚਰਚਾ ਹੈ। ਕੈਥਾਰਸਿਸ ਸ਼ਬਦ ਦਾ ਸੰਬੰਧ ਉਪਰੋਕਤ ਵਾਕ ਤੋਂ ਬਾਅਦ ਦਿਤੀ ਗਈ ਤ੍ਰਾਸਦੀ ਦੀ ਪਰਿਭਾਸ਼ਾ ਨਾਲ ਹੈ। ਇਸੇ ਪਰਿਭਾਸ਼ਾ ਦੇ ਅੰਤਲੇ ਵਾਕ ਵਿਚ ਕੈਥਾਰਸਿਸ ਸ਼ਬਦ ਦੀ ਕਿਸੇ ਵੀ ਯੋਗ ਵਿਆਖਿਆ ਨੂੰ 'ਕਾਵਿ-ਸ਼ਾਸਤ੍ਰ' ਵਿਚਲੇ ਪੂਰਵ ਚਰਚਿਤ ਤੱਤਾਂ ਦੇ ਸੰਦਰਭ ਵਿਚ ਹੀ ਵਿਚਾਰਿਆ ਜਾ ਸਕਦਾ ਹੈ।

ਕੈਥਾਰਸਿਸ-ਵਾਕ ਤ੍ਰਾਸਦੀ ਦੇ ਪ੍ਰਯੋਜਨ ਨਾਲ ਸੰਬੰਧਿਤ ਹੈ। ਇਸ ਵਾਕ ਸੰਬੰਧੀ ਜਦੋਂ ਅਸੀਂ ਇਸ ਨਿਰਣੇ ਨੂੰ ਸਵੀਕਾਰ ਕਰ ਲੈਂਦੇ ਹਾਂ ਤਾਂ ਗੁੱਥੀ ਕੁਝ ਸੁਲਝਦੀ ਪ੍ਰਤੀਤ ਹੁੰਦੀ ਹੈ। ਪਰ ਇਸ ਤੋਂ ਪਹਿਲਾਂ ਅਰਸਤੂ ਨੇ ਤ੍ਰਾਸਦੀ ਦੇ ਪ੍ਰਯੋਜਨ ਸੰਬੰਧੀ ਚਰਚਾ ਨਹੀਂ ਕੀਤੀ। ਪਰ ਇਸ ਤੋਂ ਪਹਿਲਾਂ ਪੁਸਤਕ ਵਿਚ ਉਸ ਨੇ ਅਨੁਕਰਣ-ਕਲਾ ਦੇ ਪ੍ਰਯੋਜਨ ਸੰਬੰਧੀ ਸਾਮਾਨਿਯ ਰੂਪ ਵਿਚ ਚਰਚਾ ਕੀਤੀ ਸੀ। ਚੌਥੇ ਅਧਿਆਇ ਦੇ ਆਰੰਭ ਵਿਚ ਉਹ ਕਹਿੰਦਾ ਹੈ ਕਿ ਅਨੁਕਰਣ-ਕਲਾ ਆਨੰਦ ਦੇਂਦੀ ਹੈ। ਇਸ ਆਨੰਦ ਦੀ ਉਤਪਤੀ ਦਾ ਸੰਬੰਧ ਉਹ ਗਿਆਨ ਨਾਲ ਜੋੜਦਾ ਹੈ। ਇਹ ਅਨੰਦ ਸਾਧਾਰਨ ਦਰਸ਼ਕ ਅਤੇ ਦਾਰਸ਼ਨਿਕ ਦੋਹਾਂ ਨੂੰ ਹੀ ਪ੍ਰਾਪਤ ਹੁੰਦਾ ਹੈ। ਇਸ ਸੰਬੰਧ ਵਿਚ ਉਸ ਦੇ ਉਦਾਹਰਣ ਮਹੱਤਵਪੂਰਨ ਹਨ। ਇਹ ਉਦਾਹਰਣ ਹਨ, ਲਾਸ਼ ਅਤੇ ਘ੍ਰਿਣਿਤ ਪਸ਼ੂ ਦੀ ਰੂਪ-ਆਕ੍ਰਿਤੀ ਦਾ। ਇਸ ਆਨੰਦ ਦਾ ਉਦੈ ਉਨ੍ਹਾਂ ਘਟਨਾਵਾਂ ਅਤੇ ਵਸਤੂਆਂ ਰਾਹੀਂ ਹੁੰਦਾ ਹੈ ਜਿਹੜੀਆਂ ਰੋਜ਼ਾਨਾਂ ਜੀਵਨ ਵਿਚ ਸਾਡੇ ਲਈ ਅਸਹਿ ਅਤੇ ਦੁਖਦਾਈ ਹੁੰਦੀਆਂ ਹਨ। ਇਸ ਲਈ ਅਸੀਂ ਇਸ ਨੂੰ ਵਿਰੋਧਾਭਾਸੀ ਆਨੰਦ ਦਾ ਨਾਮ ਦੇ ਸਕਦੇ ਹਾਂ। ਇਹ ਵਿਰੋਧਾਭਾਸ ਤ੍ਰਾਸਦੀ ਵਿਚਲੇ ਵਿਰੋਧਾਭਾਸ ਵਲ ਹੀ ਪੂਰਵ ਸੰਕੇਤ ਸੀ। ਤ੍ਰਾਸਦ ਘਟਨਾਵਾਂ ਕਰੁਣਾ ਅਤੇ ਤ੍ਰਾਸ ਭਰਪੂਰ ਹੁੰਦੀਆਂ ਹਨ। ਤ੍ਰਾਸਦੀ ਵਿਚ, ਨਾਇਕ ਦੇ ਆਪਣੇ ਆਪ ਨੂੰ ਅੰਨ੍ਹੇ ਕਰ ਲੈਣ (ਈਡੀਪਸ) ਪਤਨੀ ਦੇ ਪਤੀ ਨੂੰ ਕਤਲ ਕਰਨ (ਐਗਾਮੈਮਨਨ) ਅਤੇ ਮਾਂ ਦੇ ਆਪਣੇ ਬੱਚਿਆਂ ਦੇ ਕਤਲ (ਮੇਦੀਆ) ਜਿਹੀਆਂ ਘਟਨਾਵਾਂ ਸਾਨੂੰ ਦੁਖੀ ਅਤੇ ਵਿਕਰਸ਼ਿਤ ਨਹੀਂ ਕਰਦੀਆਂ, ਪਰ ਜ਼ਿੰਦਗੀ ਵਿਚ ਇਸ ਪ੍ਰਕਾਰ ਦੀਆਂ ਘਟਨਾਵਾਂ ਅਤੇ ਸਥਿਤੀਆਂ ਸਾਨੂੰ ਦੁੱਖ ਪਹੁੰਚਾਉਂਦੀਆ ਹਨ। ਪਰ, ਇਹ ਅਰਸਤੂ ਯੁਗ ਦੇ ਦਰਸ਼ਕਾਂ ਬਾਰੇ ਵੀ ਸਚ ਸੀ ਅਤੇ ਅੱਜ ਦੇ ਦਰਸ਼ਕਾਂ ਬਾਰੇ ਵੀ, ਕਿ ਨਾਟਕ ਵਿਚ ਇਸ ਪ੍ਰਕਾਰ ਦੀਆਂ ਘਟਨਾਵਾਂ ਦੀ ਪੇਸ਼ਕਾਰੀ ਉਨ੍ਹਾਂ ਨੂੰ ਆਨੰਦ ਦੇਂਦੀ ਹੈ।

ਕਾਵਿ-ਸ਼ਾਸਤ੍ਰ ਦੇ ਚੌਥੇ ਅਧਿਆਇ ਦੇ ਆਰੰਭ ਵਿਚ ਹੀ 'ਆਨੰਦ' ਅਨੁਕਰਣ-ਕਲਾ ਦੇ ਚੌਥੇ ਮਹੱਤਵਪੂਰਨ ਤੱਤ ਦੇ ਰੂਪ ਵਜੋਂ ਪ੍ਰਗਟ ਹੁੰਦਾ ਹੈ। ਕਿਉਂਕਿ ਛੇਵੇਂ ਅਧਿਆਇ ਵਿਚ ਦਿਤੀ ਗਈ ਤ੍ਰਾਸਦੀ ਦੀ ਪਰਿਭਾਸ਼ਾ ਵਿਚ ਇਸ ਚੌਥੇ ਸਾਮਾਨਿਯ ਤੱਤ ਤੋਂ ਛੁਟ ਬਾਕੀ ਦੇ ਤਿੰਨ ਤੱਤ (ਮਾਧਿਅਮ, ਵਿਸ਼ਾ ਅਤੇ ਵਿਧੀ) [illegible] ਇਸ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੌਥੇ ਤੱਤ ਦੀ ਸਮੂਲੀਅਤ ਦੀ ਵੀ ਆਸ ਕੀਤੀ ਜਾ ਸਕਦੀ ਹੈ। ਪ੍ਰਤੀਤ ਹੁੰਦਾ ਹੈ ਕਿ ਅਰਸਤੂ ਕੈਥਾਰਸਿਸ-ਵਾਕ ਰਾਹੀਂ ਇਹੀ ਕਰਦਾ ਹੈ। ਇਸ ਲਈ ਕੈਥਾਰਸਿਸ ਨੂੰ ਇਸ ਆਨੰਦ ਦਾ ਤ੍ਰਾਸਦ ਰੂਪ ਹੀ ਸਵੀਕਾਰ ਕਰਨਾ ਚਾਹੀਦਾ ਹੈ। ਅਤੇ ਇਸ ਨੂੰ 'ਕਾਵਿ-ਸ਼ਾਸਤ੍ਰ' ਦੇ ਚੌਥਵੇਂ ਅਧਿਆਇ ਵਿਚ ਤ੍ਰਾਸਦੀ ਦੇ ਪ੍ਰਯੋਜਨ ਸੰਬੰਧੀ ਕੀਤੇ ਗਏ ਜ਼ਿਕਰ ਨਾਲ ਜੋੜ ਕੇ ਗਲ ਹੋਰ ਵੀ ਸਪਸ਼ਟ ਹੋ ਜਾਂਦੀ ਹੈ। ਅਧਿਆਇ ਚੌਦਾਂ ਵਿਚ ਅਰਸਤੂ ਇਹ ਗੱਲ ਪੂਰਨ ਰੂਪ ਵਿਚ ਨਿਸ਼ਚਿਤ ਕਰ ਦਿੰਦਾ ਹੈ ਕਿ ਕੈਥਾਰਸਿਸ ਆਨੰਦ ਦੀ ਹੀ ਇਕ ਪ੍ਰਕਾਰ ਹੈ :

'ਤ੍ਰਾਸਦੀ ਤੋਂ ਸਾਨੂੰ ਉਸ ਦੇ ਆਪਣੇ ਖਾਸ ਪ੍ਰਕਾਰ ਦੇ ਆਨੰਦ ਦੀ ਹੀ ਆਸ ਰਖਣੀ ਚਾਹੀਦੀ ਹੈ, ਹਰ ਪ੍ਰਕਾਰ ਦੇ ਆਨੰਦ ਦੀ ਨਹੀਂ। ਅਤੇ, ਕਿਉਂਕਿ ਇਹ ਆਨੰਦ ਅਨੁਕਰਣ ਦੇ ਮਾਧਿਅਮ ਰਾਹੀਂ ਕਰੁਣਾ ਅਤੇ ਤ੍ਰਾਸ ਜਗਾ ਕੇ ਹੀ ਸਿਰਜਿਆ ਜਾ ਸਕਦਾ ਹੈ। ਇਸ ਲਈ ਸਪਸ਼ਟ ਹੈ ਕਿ ਇਸ ਗੁਣ ਦੀ ਸਥਿਤੀ ਘਟਨਾਵਾਂ ਵਿਚ ਹੀ ਹੋਣੀ ਚਾਹੀਦੀ ਹੈ।[1]

ਕੈਥਾਰਸਿਸ ਵਾਲੇ ਵਾਕ ਦੇ ਬਹੁਤੇ ਅਨੁਵਾਦ ਕੈਥਾਰਸਿਸ ਦਾ ਸੰਬੰਧ ਨਾਟਕ ਦੀਆਂ ਘਟਨਾਵਾਂ ਨਾਲ ਜੋੜਨ ਦੀ ਥਾਂ ਕਰੁਣਾ ਅਤੇ ਤ੍ਰਾਸ ਦੇ ਮਨੋਵਿਕਾਰਾਂ ਨਾਲ ਜੋੜਦੇ ਹਨ। ਉਪਰ ਅਸੀਂ ਇਸ ਪ੍ਰਕਾਰ ਦੇ ਅਨੁਵਾਦਾਂ ਦਾ ਵਿਵੇਚਨ ਦੋ ਸਿਧਾਂਤਾਂ, ਵਿਰੇਚਨ ਅਤੇ ਸ਼ੁਧੀਕਰਣ ਸਿਧਾਂਤ, ਦੇ ਰੂਪ ਵਿਚ ਕਰ ਆਏ ਹਾਂ। ਪਰ ਉਪਰੋਕਤ ਟੂਕ ਤੋਂ ਸਪਸ਼ਟ ਹੈ ਕਿ ਤ੍ਰਾਸਦੀ ਤੋਂ ਪ੍ਰਾਪਤ ਆਨੰਦ ਦੀ 'ਸਥਿਤੀ ਘਟਨਾਵਾਂ ਵਿਚ ਹੀ ਹੋਣੀ ਚਾਹੀਦੀ ਹੈ।' ਇਸ ਸਥਿਤੀ ਨੂੰ ਸਵੀਕਾਰ ਕਰ ਲੈਣ ਨਾਲ ਕੈਥਾਰਸਿਸ ਦਰਸ਼ਕ-ਮਨੋਵਿਗਿਆਨ ਨਾਲ ਸੰਬੰਧਿਤ ਨਾ ਹੋ ਕੇ ਤ੍ਰਾਸਦੀ ਦੀ ਆਪਣੀ ਸੰਰਚਨਾ ਨਾਲ ਸੰਬੰਧਿਤ ਹੋ ਜਾਂਦਾ ਹੈ। 'ਕਾਵਿ-ਸ਼ਾਸਤ੍ਰ' ਦਰਸ਼ਕ-ਅਨੁਕਿਰਿਆ ਦਾ ਅਧਿਐਨ ਨਾ ਹੋ ਕੇ ਤ੍ਰਾਸਦੀ ਦੀ ਪ੍ਰਕਿਰਤੀ ਦਾ ਅਧਿਐਨ ਪੇਸ਼ ਕਰਦਾ ਹੈ ਇਸ ਲਈ ਕੈਥਾਰਸਿਸ ਨੂੰ ਨਾਟਕ ਦੀਆਂ ਘਟਨਾਵਾਂ ਨਾਲ ਸੰਬੰਧਿਤ ਸਮਝਣਾ ਵਧੇਰੇ ਯੋਗ ਪ੍ਰਤੀਤ ਹੁੰਦਾ ਹੈ। ਇਹ ਅਨੁਵਾਦ ਸੰਭਵ ਵੀ ਹੈ ਅਤੇ ਇਸ ਦੀ ਪ੍ਰੋੜਤਾ 'ਕਾਵਿ-ਸ਼ਾਸਤ੍ਰ' ਵੀ ਕਰਦਾ ਹੈ। ਕੈਥਾਰਸਿਸ ਨੂੰ ਘਟਨਾਵਾਂ ਨਾਲ ਜੋੜਨ ਵਾਲਾ ਅਨੁਵਾਦਕ ਲਿਓਨ ਗੋਲਡਨ ਹੈ। ਉਸ ਨੇ 'ਕਾਵਿ-ਸ਼ਾਸਤ੍ਰ' ਦੇ ਅਨੁਵਾਦ ਵਿਚ ਇਸ ਵਾਕ ਨੂੰ ਇਸ ਪ੍ਰਕਾਰ ਪੇਸ਼ ਕੀਤਾ ਹੈ : 'ਕਰੁਣਾ ਅਤੇ ਤ੍ਰਾਸ ਭਰਪੂਰ ਘਟਨਾਵਾਂ ਦੀ ਪੇਸ਼ਕਾਰੀ ਰਾਹੀਂ ਇਨ੍ਹਾਂ ਘਟਨਾਵਾਂ ਦਾ ਕੈਥਾਰਸਿਸ (ਸਪਸ਼ਟੀਕਰਣ) ਕੀਤਾ ਜਾਂਦਾ ਹੈ।'[2]

'ਕਰੁਣਾ ਅਤੇ ਤ੍ਰਾਸ ਭਰਪੂਰ ਘਟਨਾਵਾਂ ਦੇ ਕੈਥਾਰਸਿਸ' ਤੋਂ ਕੀ ਭਾਵ ਹੈ? ਇਸ ਪ੍ਰਸ਼ਨ ਦੇ ਉਤਰ ਲਈ ਦੋ ਗੱਲਾਂ ਧਿਆਨ ਦੀ ਮੰਗ ਕਰਦੀਆਂ ਹਨ। ਯੂਨਾਨੀ ਸ਼ਬਦ ਕੈਥਾਰਸਿਸ ਦੇ ਤਿੰਨੇ ਅਰਥ ਹੋ ਸਕਦੇ ਹਨ – ਸਪਸ਼ਟੀਕਰਣ, ਵਿਰੇਚਨ ਅਤੇ ਸ਼ੁਧੀਕਰਣ। ਦੂਸਰੇ, ਚੌਥੇ ਅਧਿਆਇ ਵਿਚ ਅਰਸਤੂ ਇਸ ਗੱਲ ਉਪਰ ਬਲ ਦੇਂਦਾ ਪ੍ਰਤੀਤ ਹੁੰਦਾ ਹੈ ਕਿ ਅਨੁਕਰਣ ਤੋਂ ਪ੍ਰਾਪਤ ਆਨੰਦ ਸਾਧਾਰਣ ਪ੍ਰਕਾਰ ਦਾ ਆਨੰਦ ਨਹੀਂ। ਇਹ ਉਹ ਆਨੰਦ ਹੈ ਜਿਸ ਦੀ ਪ੍ਰਾਪਤੀ ਗਿਆਨ ਨਾਲ ਸੰਬੰਧਿਤ ਹੈ। ਉਹ ਇਹ ਵੀ ਕਹਿੰਦਾ ਹੈ ਕਿ ਇਸ

---

1. ਡਾ. ਨਗੇਂਦ੍ਰ: *ਅਰਸਤੂ ਦਾ ਕਾਵਿ-ਸ਼ਾਸਤ੍ਰ*, ਪੰਨਾ 28 (ਅਨੁਵਾਦ ਭਾਗ-ਪੰਜਾਬੀ ਰੂਪਾਂਤਰ)
2. Leon Golden and O.B. Hardison, *Aristotle's Poetics*, P-11

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆਨ ਦਾ ਉਦੈ ਅਨੁਕ੍ਰਿਤ ਵਸਤੂ ਅਤੇ ਉਹ ਵਸਤੂ ਜਿਸਦਾ ਇਹ ਅਨੁਕਰਣ ਹੈ, ਵਿਚ ਕੁਝ ਸਾਝੇ ਤੱਤਾਂ ਦੀ ਹੋਂਦ ਦੇ ਆਪਸੀ ਸੰਬੰਧਾਂ ਦੀ ਪਛਾਣ ਤੋਂ ਬਾਅਦ ਹੁੰਦਾ ਹੈ। ਨੌਵੇਂ ਅਧਿਆਇ ਵਿਚ ਇਤਿਹਾਸਕਾਰ ਅਤੇ ਕਵੀ ਵਿਚਲੇ ਅੰਤਰ ਨੂੰ ਸਪਸ਼ਟ ਕਰਦਿਆਂ ਅਰਸਤੂ ਇਸ ਵਿਚਾਰ ਸੰਬੰਧੀ ਥੋੜੀ ਹੋਰ ਵਿਸਤ੍ਰਿਤ ਚਰਚਾ ਕਰਦਾ ਹੈ। ਉਸ ਦਾ ਕਥਨ ਹੈ ਕਿ ਇਤਿਹਾਸਕਾਰ ਅਤੇ ਕਵੀ ਵਿਚਾਲੇ 'ਅਸਲ ਭੇਦ ਇਹ ਹੈ ਕਿ ਇਕ ਤਾਂ ਉਸ ਦਾ ਵਰਣਨ ਕਰਦਾ ਹੈ ਜੋ ਵਾਪਰ ਚੁਕਾ ਹੈ ਅਤੇ ਦੂਸਰਾ ਉਸ ਦਾ ਜੋ ਵਾਪਰ ਸਕਦਾ ਹੈ। ਇਸੇ ਕਰਕੇ ਕਵਿਤਾ ਵਿਚ ਦਰਸ਼ਨ-ਤੱਤ ਵਧੇਰੇ ਹੁੰਦਾ ਹੈ। ਉਸ ਦਾ ਸਰੂਪ ਇਤਿਹਾਸ ਤੋਂ ਉਚੇਰਾ ਹੈ ਕਿਉਂਕਿ ਕਾਵਿ ਵਿਚ ਸਰਬ-ਸਾਂਝੇ (ਸਰਬ-ਵਿਆਪੀ) ਦਾ ਪ੍ਰਗਟਾਵਾਂ ਹੁੰਦਾ ਹੈ ਅਤੇ ਇਤਿਹਾਸ ਵਿਚ ਵਿਸ਼ੇਸ਼ ਦਾ। ਸਰਬ-ਸਾਂਝੇ (ਸਰਬ-ਵਿਆਪੀ) ਤੋ ਮਤਲਬ ਇਹ ਹੈ ਕਿ 'ਵਿਸ਼ੇਸ ਪ੍ਰਕਾਰ ਦਾ ਕੋਈ ਵਿਅਕਤੀ ਸੰਭਾਵਿਤਾ ਅਤੇ ਅਵਸ਼ਕਤਾ ਦੇ ਨੇਮ ਅਨੁਸਾਰ ਕਿਸੇ ਮੌਕੇ ਦੇ ਕਿਸ ਤਰ੍ਹਾਂ ਗਲਬਾਤ ਜਾਂ ਵਿਹਾਰ ਕਰੇਗਾ, ਵਿਸ਼ੇਸ਼ ਨਾਮ ਰੂਪ ਵਾਲੇ ਵਿਅਕਤੀਆਂ ਦੇ ਮਾਧਿਅਮ ਰਾਹੀਂ ਇਸੇ ਸਰਬ-ਸਾਂਝ ਦੀ ਸਿੱਧੀ ਕਾਵਿ ਦਾ ਲਕਸ਼ ਹੈ।' ਤ੍ਰਾਸਦੀ ਵਿਚ ਪੇਸ਼ ਕਰੁਣਾ ਅਤੇ ਤ੍ਰਾਸ ਭਰਪੂਰ ਘਟਨਾਵਾਂ ਦੀ ਦਿਸ਼ਾ 'ਵਿਸ਼ੇਸ਼ ਨਾਮ ਰੂਪ ਵਾਲੇ ਵਿਅਕਤੀਆਂ ਦੇ ਮਾਧਿਅਮ ਰਾਹੀਂ ਇਸੇ ਸਰਬ-ਸਾਂਝ ਦੀ ਸਿਧੀ' ਵਲ ਹੀ ਹੁੰਦੀ ਹੈ। ਤ੍ਰਾਸਦੀ ਦੇ ਕਥਾਨਕ ਵਿਚ ਘਟਨਾਵਾਂ ਸਰਬ-ਸਾਂਝੇ ਸੱਚ ਦੀ ਪਛਾਣ ਵਲ ਹੀ ਵਧਦੀਆਂ ਹਨ। ਤ੍ਰਾਸਦੀ ਦੀ ਪਰਿਭਾਸ਼ਾ ਵਿਚ ਕੈਥਾਰਸਿਸ ਸ਼ਬਦ ਵੀ ਕਥਾਨਕ ਦੇ ਇਸੇ ਸੱਚ ਵਲ ਸੰਕੇਤ ਕਰਦਾ ਹੈ। ਤ੍ਰਾਸਦੀ ਦਾ ਪ੍ਰਯੋਜਨ ਆਨੰਦ ਦੇਣਾ ਹੀ ਹੈ, ਜਿਸ ਦੀ ਪ੍ਰਾਪਤੀ ਗਿਆਨ ਪ੍ਰਾਪਤੀ ਨਾਲ ਸੰਬੰਧਿਤ ਹੈ। ਤ੍ਰਾਸਦੀਕਾਰ ਤ੍ਰਾਸ ਅਤੇ ਕਰੁਣਾ ਭਰਪੂਰ ਘਟਨਾਵਾਂ ਦੀ ਚੋਣ ਤੋਂ ਆਪਣਾ ਕਾਰਜ ਆਰੰਭ ਕਰਦਾ ਹੈ। ਇਨ੍ਹਾਂ ਘਟਨਾਵਾਂ ਨੂੰ ਉਹ ਇਤਿਹਾਸ ਵਿਚੋਂ ਵੀ ਲੈ ਸਕਦਾ ਹੈ ਅਤੇ ਪੁਰਾ-ਕਥਾਵਾਂ ਵਿਚੋਂ ਵੀ, ਉਹ ਇਨ੍ਹਾਂ ਘਟਨਾਵਾਂ ਨੂੰ ਕਲਪਨਾ ਰਾਹੀਂ ਆਪ ਵੀ ਸਿਰਜ ਸਕਦਾ ਹੈ, ਜਿਵੇਂ ਆਧੁਨਿਕ ਲੇਖਕ ਕਰਦੇ ਹਨ। ਇਨ੍ਹਾਂ ਘਟਨਾਵਾਂ ਨੂੰ ਉਹ ਸੰਭਾਵਿਤਾ ਅਤੇ ਅਵਸ਼ਕਤਾ ਦੇ ਨੇਮ ਅਨੁਸਾਰ ਇਸ ਪ੍ਰਕਾਰ ਪੇਸ਼ ਕਰਦਾ ਹੈ ਕਿ ਉਹ ਉਨ੍ਹਾਂ ਨੂੰ ਇਕ ਸੰਜੁਗਤ ਕਾਰਜ ਦਾ ਰੂਪ ਦੇ ਦਿੰਦਾ ਹੈ। ਕਥਾਨਕ ਜਦੋਂ ਆਦਿ ਤੋਂ ਅੰਤ ਵਲ ਵਧਦਾ ਹੈ ਤਾਂ ਉਹ ਇਨ੍ਹਾਂ ਘਟਨਾਵਾਂ ਦੇ ਇਸ ਕਾਰਜ ਨਾਲ ਸੰਬੰਧ ਨੂੰ ਨਿਸ਼ਚਿਤ ਕਰਦਾ ਹੈ। ਜਦੋਂ ਦਰਸ਼ਕ ਇਸ ਪਕਾਰ ਦੀ ਤ੍ਰਾਸਦੀ ਨੂੰ ਵੇਖਦਾ ਹੈ ਤਾਂ ਉਸ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ – ਘਟਨਾਵਾਂ ਸਪਸ਼ਟ ਹੋ ਜਾਂਦੀਆਂ ਹਨ ਅਰਥਾਤ ਉਨ੍ਹਾਂ ਦੇ ਸਰਬ-ਸਾਂਝੇ ਤੱਤਾਂ ਨਾਲ ਸੰਬੰਧ ਪ੍ਰਗਟ ਹੋ ਜਾਂਦੇ ਹਨ। ਇਸ ਪਛਾਣ ਨਾਲ ਆਨੰਦਾਇਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਗਿਆਨ-ਪ੍ਰਾਪਤੀ ਦੀ ਪ੍ਰਕਿਰਿਆ ਨੂੰ ਹੀ ਅਰਸਤੂ ਤ੍ਰਾਸ ਅਤੇ ਕਰੁਣਾ ਭਰਪੂਰ ਘਟਨਾਵਾਂ ਦੇ ਕੈਥਾਰਸਿਸ ਦਾ ਨਾਮ ਦਿੰਦਾ ਹੈ।

ਉਪਰੋਕਤ [illegible] ਵਧੇਰੇ ਯੋਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਤੀਤ ਹੁੰਦੀ ਹੈ, ਕਿਉਂਕਿ ਇਕ ਤਾਂ ਇਹ ਕਾਵਿ-ਬਾਹਰੀ ਵਿਆਖਿਆ ਹੋਣ ਦੀ ਬਜਾਇ ਤ੍ਰਾਸਦੀ ਦੀ ਆਪਣੀ ਸੰਰਚਨਾ ਦੇ ਵਿਸ਼ਲੇਸ਼ਨ ਨਾਲ ਸੰਬੰਧਿਤ ਹੋਣ ਕਰਕੇ ਕਾਵਿ-ਸ਼ਾਸਤ੍ਰੀ ਵਿਆਖਿਆ ਹੈ। ਇਥੇ ਗੱਲ ਦਰਸ਼ਕ-ਮਨੋਵਿਗਿਆਨ ਦੀ ਨਹੀਂ ਤ੍ਰਾਸਦੀ ਦੀ ਸੰਰਚਨਾ ਦੇ ਅਨਿਖੜ ਅੰਗ, ਘਟਨਾਵਾਂ ਦੇ ਸਪਸ਼ਟੀਕਰਣ ਰਾਹੀਂ: ਤ੍ਰਾਸਦੀ ਦੀ ਹੀ ਗੱਲ ਹੋਈ ਹੈ। ਦੂਸਰੇ ਇਸਦੀ ਪ੍ਰੋੜ੍ਹਤਾ ਲਈ ਸਾਨੂੰ 'ਕਾਵਿ-ਸ਼ਾਸਤ੍ਰ' ਤੋਂ ਬਾਹਰ ਜਾਣ ਦੀ ਲੋੜ ਨਹੀਂ। ਇਸਦੀ ਪ੍ਰੋੜ੍ਹਤਾ ਤਾਂ ਅਰਸਤੂ ਦੇ 'ਕਾਵਿ-ਸ਼ਾਸਤ੍ਰ' ਦੇ ਵਿਭਿੰਨ ਅਧਿਆਵਾਂ ਵਿਚ ਪਈ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਦਾਤ ਦਾ ਸਰੂਪ

ਸੁਹਜ-ਸਾਸਤ੍ਰੀ ਖੇਤਰ ਵਿਚ 'ਉਦਾਤ' ਦੀ ਪ੍ਰਸਿੱਧੀ ਦਾ ਨਿਸ਼ਚਿਤ ਆਧਾਰ ਲੌਨਜਾਈਨਸ ਦੇ ਨਾਮ ਨਾਲ ਸੰਬੰਧਿਤ ਇਕ ਨਿਬੰਧ ਹੈ। ਇਸ ਨਿਬੰਧ ਦਾ ਸਿਰਲੇਖ ਹੈ, 'ਉਦਾਤ ਬਾਰੇ' (On the Sublime) ਇਸ ਵਿਚ ਉਦਾਤ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਨਹੀਂ ਹੋਇਆ, ਪਰ ਇਸ ਦੇ ਅਧਿਐਨ ਤੋਂ ਇਹ ਸੰਕੇਤ ਜ਼ਰੂਰ ਮਿਲਦਾ ਹੈ ਕਿ ਇਸ ਨਿਬੰਧ ਤੋਂ ਪਹਿਲੇ ਕਿਸੇ ਕੈਕਿਲਿਉਸ ਦੀ ਰਚਨਾ ਵਿਚ ਉਦਾਤ ਦੇ ਸਰੂਪ ਨੂੰ ਉਦਾਹਰਣਾਂ ਸਹਿਤ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। 'ਉਦਾਤ ਬਾਰੇ' ਕੈਕਿਲਿਉਸ ਦੀ ਇਸ ਪੂਰਵ-ਰਚਨਾ ਦੇ ਉਤਰ ਵਿਚ ਹੀ ਲਿਖੀ ਗਈ ਰਚਨਾ ਹੈ। ਨਿਬੰਧਕਾਰ ਦਾ ਮਤ ਹੈ ਕਿ ਉਦਾਤ ਏਨਾ ਜਾਣਿਆਂ ਪਛਾਣਿਆਂ ਸ਼ਬਦ ਹੈ ਕਿ ਇਸ ਦਾ ਸਪਸ਼ਟੀਕਰਣ ਬੇਲੋੜਾ ਹੈ। ਇਸ ਨਿਬੰਧਕਾਰ ਦੀ ਦ੍ਰਿਸ਼ਟੀ ਵਿਚ ਕੈਕਿਲਿਉਸ ਦੀ ਰਚਨਾ ਦਾ ਇਹ ਦੋਸ਼ ਹੈ ਕਿ ਉਸ ਨੇ 'ਅਨੇਕ ਉਦਾਹਰਣਾਂ ਰਾਹੀਂ ਇਹ ਦੱਸਣ ਦਾ ਯਤਨ ਤਾਂ ਕੀਤਾ ਹੈ ਕਿ ਉਦਾਤ ਹੈ ਕੀ (ਜਿਵੇਂ ਸਾਨੂੰ ਇਹ ਵੀ ਪਤਾ ਨਾ ਹੋਵੇ) ਪਰ, ਕਿਸ ਅਮਲ ਰਾਹੀਂ ਸਹਜ-ਸਾਧਾਰਣ ਸ਼ਕਤੀ ਲੋੜੀਂਦੇ ਪੱਧਰ ਤਕ ਉਤਾਂਹ ਉਠ ਸਕਦੀ ਹੈ? ਇਸ ਵਿਸ਼ੇ ਨੂੰ ਉਸ ਨੇ ਅਕਾਰਣ ਹੀ ਬੇਲੋੜਾ ਸਮਝ ਕੇ ਛੱਡ ਦਿੱਤਾ ਹੈ।[1] ਤੇ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਲੌਨਜਾਈਨਸ ਦੀ ਦ੍ਰਿਸ਼ਟੀ ਉਦਾਤ-ਸਿਰਜਣ ਦੇ 'ਅਮਲ' ਉਪਰ ਹੀ ਰਹੀ। ਕੈਕਿਲਿਉਸ ਦੀ ਉਪਰੋਕਤ ਰਚਨਾ ਅਪ੍ਰਾਪਤ ਹੈ, ਨਹੀਂ ਤਾਂ ਉਦਾਤ ਦਾ ਸਰੂਪ ਸ਼ਾਇਦ ਸਪਸ਼ਟ ਹੋ ਸਕਦਾ। ਲੌਨਜਾਈਨਸ ਨੇ ਗੱਲ ਉਦਾਤ ਦੀ ਨਹੀਂ ਉਦਾਤ-ਕਲਾ ਦੀ ਕੀਤੀ ਹੈ। ਪਰ, ਉਦਾਤ-ਕਲਾ ਸੰਬੰਧੀ ਜਾਣਨ ਤੋਂ ਪਹਿਲਾਂ ਉਦਾਤ ਬਾਰੇ ਜਾਣ ਲੈਣਾ ਜ਼ਰੂਰੀ ਬਣਦਾ ਹੈ। ਹਥਲੇ ਨਿਬੰਧ ਵਿਚ ਉਦਾਤ ਨੂੰ ਇਕ ਸੁਹਜ-ਪ੍ਰਕਾਰ (aesthetic catagory) ਵਜੋਂ ਸਮਝਣ ਦਾ ਯਤਨ ਕੀਤਾ ਜਾ ਰਿਹਾ ਹੈ।

ਬਹੁਤ ਸਾਰੇ ਵਿਦਵਾਨਾਂ ਲਈ ਉਦਾਤ ਪ੍ਰਕਿਰਤੀ ਜਾਂ ਕਾਲਪਨਿਕ ਕਲਾਂ-ਕਿਰਤਾਂ ਤੋਂ

1. ਡਾ. ਹਰਿਭਜਨ ਸਿੰਘ (ਅਨੁ.) ਉਦਾਤ ਬਾਰੇ, ਪੰਨਾ 51

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਪਤ ਹੋਣ ਵਾਲਾ ਸੁੰਦਰਤਾ (Beauty) ਦਾ ਉਚਤਮ ਰੂਪ ਹੈ। ਜਦੋਂ ਅਸੀਂ ਉਦਾਤ ਨੂੰ ਸੁੰਦਰਤਾ ਦਾ ਇਕ ਰੂਪ ਕਹਿੰਦੇ ਹਾਂ ਤਾਂ ਅਸੀਂ ਸੁੰਦਰਤਾ ਸ਼ਬਦ ਦਾ ਪ੍ਰਯੋਗ ਵਿਸ਼ਾਲ ਅਰਥਾਂ ਵਿਚ ਕਰ ਰਹੇ ਹੁੰਦੇ ਹਾਂ। ਇਨ੍ਹਾਂ ਵਿਸ਼ਾਲ ਅਰਥਾਂ ਵਿਚ ਸੁਹਜ-ਤ੍ਰਿਪਤੀ ਪ੍ਰਦਾਨ ਕਰਨ ਵਾਲੀ ਕੋਈ ਵੀ ਵਸਤੂ ਇਸ ਦੇ ਘੇਰੇ ਤੋਂ ਬਾਹਰ ਨਹੀਂ। ਪਰ, ਸੁੰਦਰ ਜਾਂ ਸੁੰਦਰਤਾ ਨੂੰ ਕਈ ਵਾਰ ਸੀਮਿਤ ਅਰਥਾਂ ਵਾਲੇ ਸ਼ਬਦ ਵਜੋਂ ਵੀ ਗ੍ਰਹਿਣ ਕੀਤਾ ਜਾਂਦਾ ਹੈ। ਜਦੋਂ ਕੋਈ ਕਹਿੰਦਾ ਹੈ ਕਿ ਫਲਾਣੀ ਵਸਤੂ ਪਰੈਟੀ ਹੈ ਸੁੰਦਰ ਨਹੀਂ ਜਾਂ ਸੁੰਦਰ ਹੈ ਉਦਾਤ ਨਹੀਂ ਤਾਂ ਉਸ ਨੂੰ ਸੀਮਿਤ ਅਰਥਾਂ ਵਿਚ ਵਰਤਿਆ ਜਾ ਰਿਹਾ ਹੁੰਦਾ ਹੈ। ਇਥੇ ਸੁੰਦਰਤਾ ਵੀ ਉਦਾਤ ਜਾਂ ਪਰੈਟੀ (Pretty) ਵਾਂਗ ਸੁੰਦਰਤਾ ਦੀ ਹੀ ਇਕ ਪ੍ਰਕਾਰ ਹੈ। ਇਸ ਤਰ੍ਹਾਂ ਸੁੰਦਰ ਅਤੇ ਸੁੰਦਰਤਾ ਦੇ ਇਕ ਤੋਂ ਵਧੀਕ ਅਰਥ ਹਨ।

ਸਪਸ਼ਟ ਹੈ ਕਿ ਹਰ ਸੁੰਦਰਤਾ-ਰੂਪ ਜਾਂ ਸੁੰਦਰਤਾ ਦੀ ਹਰ ਪ੍ਰਕਾਰ ਕਿਸੇ ਹਦ ਤਕ ਆਪਣੀ ਪ੍ਰਕਿਰਤੀ ਵਜੋਂ ਇਕ ਹੋਵੇਗੀ। ਸੁੰਦਰਤਾ ਦੀ ਪ੍ਰਕਿਰਤੀ ਬਾਰੇ ਲੰਮੀ ਬਹਿਸ ਕਰਨੀ ਇਥੇ ਯੋਗ ਨਹੀਂ ਕਿਉਂਕਿ ਇਸ ਸੰਬੰਧੀ ਵੀ ਦਾਰਸ਼ਿਕ ਇਕ ਰਾਇ ਨਹੀਂ। ਸਾਡਾ ਇਥੇ ਮਕਸਦ ਸੁੰਦਰਤਾ ਨੂੰ ਪ੍ਰਭਾਸ਼ਿਤ ਕਰਨਾ ਹੈ ਵੀ ਨਹੀਂ। ਅਸੀਂ ਤੇ ਉਦਾਤ ਦੇ ਵਿਲੱਖਣ ਚਰਿਤ੍ਰ ਦੀ ਪਛਾਣ ਕਰਨੀ ਹੈ। ਅਸੀਂ ਤੇ ਇਹ ਵੇਖਣਾ ਹੈ ਕਿ ਜਦੋਂ ਅਸੀਂ ਕਿਸੇ ਵਸਤੂ ਨੂੰ ਉਦਾਤ ਕਹਿਣ ਲਈ ਮਜਬੂਰ ਹੁੰਦੇ ਹਾਂ ਤਾਂ ਉਸ ਸਮੇਂ ਸਾਡੀ ਮਾਨਸਿਕਤਾ ਉਪਰ ਕਿਸ ਪ੍ਰਕਾਰ ਦਾ ਵਿਸ਼ੇਸ਼ ਪ੍ਰਭਾਵ ਪੈਂਦਾ ਹੈ।

ਅਸੀਂ ਚਰਚਾ ਦਾ ਆਰੰਭ ਅੰਗਰੇਜ਼ੀ ਭਾਸ਼ਾ ਦੇ ਪੰਜ ਸੰਕੇਤਾਂ (terms) ਨੂੰ ਇਕ ਦੂਜੇ ਦੇ ਨਾਲ ਰਖ ਕੇ ਕਰਦੇ ਹਾਂ। ਇਹ ਪੰਜ ਸੰਕੇਤ ਹਨ – Sublime, Grand, Beautiful, Graceful ਅਤੇ Pretty (ਇਨ੍ਹਾਂ ਵਿਚੋਂ Sublime ਅਤੇ Beautiful ਲਈ ਸਾਡੇ ਪਾਸ ਸ਼ਬਦ ਹਨ – ਉਦਾਤ ਅਤੇ ਸੁੰਦਰ। ਇਨ੍ਹਾਂ ਤੋਂ ਇਲਾਵਾ ਬਾਕੀ ਦੇ ਤਿੰਨ ਸੰਕੇਤਾਂ ਦੇ ਸਾਡੇ ਪਾਸ ਯੋਗ ਪੰਜਾਬੀ ਬਦਲ ਨਹੀਂ। ਇਨ੍ਹਾਂ ਲਈ ਨਵੇਂ ਸ਼ਬਦਾਂ ਦੇ ਪ੍ਰਯੋਗ ਦੀ ਬਜਾਇ ਅਸੀਂ ਅੰਗਰੇਜ਼ੀ ਸ਼ਬਦਾਂ ਦੀ ਹੀ ਵਰਤੋਂ ਕਰਾਂਗੇ।) ਅੰਗਰੇਜ਼ੀ ਭਾਸ਼ਾ ਦੇ ਇਹ ਪੰਜ ਸੰਕੇਤ ਸੁੰਦਰਤਾ ਦੇ ਬਹੁਤ ਸਾਰੇ ਰੂਪਾਂ ਵਿਚੋਂ ਪੰਜ ਰੂਪਾਂ ਦੀ ਪ੍ਰਤੀਨਿਧਤਾ ਕਰਦੇ ਹਨ। 'ਸੁੰਦਰ' ਨੂੰ ਇਥੇ ਦਰਮਿਆਨ ਵਿਚ ਰਖਿਆ ਗਿਆ ਹੈ। ਇਸ ਤੋਂ ਪਹਿਲੇ ਦੇ ਦੋ ਸੰਕੇਤ ਹਨ – Sublime ਅਤੇ Grand. ਇਸ ਦੇ ਬਾਅਦ ਵਾਲੇ ਦੋ ਸੰਕੇਤ ਹਨ – Graceful ਅਤੇ Pretty. ਪ੍ਰਤੀਤ ਹੋਵੇਗਾ ਕਿ ਪਹਿਲੇ ਦੋ ਸੰਕੇਤ ਇਕ ਦੂਸਰੇ ਨਾਲੋਂ ਭਿੰਨ ਹੁੰਦੇ ਹੋਏ ਵੀ ਇਕ ਦੂਜੇ ਦੇ ਨੇੜੇ ਹਨ। ਇਹੋ ਗੱਲ ਅੰਤਮ ਦੋ ਸੰਕੇਤਾਂ ਸੰਬੰਧੀ ਵੀ ਕਹੀ ਜਾ ਸਕਦੀ ਹੈ। ਪਰ, ਇਹ ਦੋਵੇਂ ਜੋੜੇ ਇਕ ਦੂਜੇ ਤੋਂ ਦੂਰ ਹੀ ਨਹੀਂ, ਇਕ ਦੂਜੇ ਦੇ ਵਿਰੋਧੀ ਵੀ ਲਗਦੇ ਹਨ। 'ਸੁੰਦਰ' ਦਾ ਝੁਕਾਅ ਅੰਤਮ ਦੋ ਸੰਕੇਤਾਂ ਵਲ ਭਾਵੇਂ ਵਧੇਰੇ ਹੈ ਫਿਰ ਵੀ ਉਸ ਦੀ ਸਥਿਤੀ ਮੁਕਾਬਲਤਨ ਵਧੇਰੇ ਨਿਊਟਰਲ ਹੈ। ਇਸ ਦ੍ਰਿਸ਼ਟੀ ਤੋਂ ਵੇਖਿਆਂ ਪਹਿਲਾ ਅਤੇ ਅੰਤਮ ਸੰਕੇਤ ਉਦਾਤ ਅਤੇ ਪਰੈਟੀ ਇਕ ਦੂਜੇ ਤੋਂ ਸਭ ਨਾਲੋਂ ਵਧ ਦੂਰ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਪ੍ਰਕਾਰ ਇਹ ਪੰਜ ਸੰਕੇਤ ਇਕ ਤਰ੍ਹਾਂ ਨਾਲ ਘਟਦੇ ਮਹੱਤਵ ਦੇ ਕ੍ਰਮ ਵਿਚ ਰਖੇ ਪ੍ਰਤੀਤ ਹੁੰਦੇ ਹਨ। ਇਹ ਘਾਟਾ ਜ਼ਰੂਰੀ ਨਹੀਂ ਮੁੱਲ ਦੇ ਰੂਪ ਵਿਚ ਹੋਵੇ। ਇਹ ਘਾਟਾ ਵਿਸ਼ੇਸ਼ ਦ੍ਰਿਸ਼ਟੀ ਤੋਂ ਹੈ ਜਿਸ ਨੂੰ ਅਜੇ ਨਾਮ ਨਹੀਂ ਦਿਤਾ ਜਾ ਸਕਦਾ।

ਸੋ ਸਭ ਤੋਂ ਪਹਿਲਾਂ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਦਾਤ ਤੇ ਗਰੈਂਡ ਇਕ ਦੂਜੇ ਦੇ ਨੇੜੇ ਅਤੇ ਗਰੇਸ ਤੇ ਪਰੈਟੀ ਤੋਂ ਇਨੇ ਦੂਰ ਅਤੇ ਵਖਰੇ ਕਿਉਂ ਹਨ? ਇਸ ਦਾ ਉਤਰ ਹੈ - ਮਹਾਨਤਾ। ਅਣਗਿਣਤ ਵਸਤਾਂ 'ਸੁੰਦਰ', ਗਰੇਸਫੁਲ ਜਾਂ ਪਰੈਟੀ ਹੁੰਦੀਆਂ ਹਨ ਪਰ ਮਹਾਨਤਾ ਦਾ ਪ੍ਰਭਾਵ ਨਹੀਂ ਪਾਉਂਦੀਆ। ਕਈ ਵਾਰ ਤਾਂ ਮਹਾਨਤਾ ਦਾ ਪ੍ਰਭਾਵ ਗਰੇਸ ਅਤੇ ਪਰੈਟੀਨੈਸ ਦੇ ਪ੍ਰਭਾਵ ਦਾ ਵਿਰੋਧੀ ਪ੍ਰਤੀਤ ਹੁੰਦਾ ਹੈ ਅਤੇ ਕਈ ਵਾਰ ਤਾਂ ਪਰੈਟੀ ਵਸਤੂ ਜੇ ਮਹਾਨਤਾ ਦਾ ਪ੍ਰਭਾਵ ਦੇਵੇ ਤਾਂ ਤੁਸੀਂ ਉਸ ਨੂੰ ਪਰੈਟੀ ਕਹਿਣ ਤੋ ਝਿਜਕੋਗੇ। ਪਰ, ਉਦਾਤ ਵਸਤੂ ਦੀ ਜਿਹੜੀ ਵਿਸ਼ੇਸਤਾ ਸਾਡਾ ਧਿਆਨ ਖਿਚਦੀ ਹੈ ਉਹ ਮਹਾਨਤਾ ਨਹੀਂ ਸਗੋਂ ਅਸੀਮ ਮਹਾਨਤਾ ਹੈ। ਮਹਾਨਤਾ ਉਦਾਤ ਦੀ ਸਾਧਾਰਣ ਸੰਗੀ ਨਹੀਂ, ਅਵਸ਼ਕਤਾ ਹੈ। ਭਵਯਤਾ (Grandeur) ਵਿਚ ਵੀ ਮਹਾਨਤਾ ਹੁੰਦੀ ਹੈ ਭਾਵੇਂ ਉਦਾਤ ਜਿੰਨੀ ਅਸੀਮ ਨਹੀਂ। ਮਹਾਨਤਾ ਦਾ ਹੋਣਾ ਨਾ ਹੋਣਾ 'ਸੁੰਦਰਤਾ' ਲਈ ਜ਼ਰੂਰੀ ਨਹੀਂ। ਪਰ, ਇਸ ਦਾ ਹੋਣਾ ਗਰੇਸ ਅਤੇ ਪਰੈਟੀਨੈਸ ਲਈ ਘਾਤਕ ਹੈ।

ਮੌਜੂਦਾ ਸਥਿਤੀ ਵਿਚ 'ਮਹਾਨਤਾ' ਦੇ ਸਹੀ ਅਰਥ ਨੂੰ ਜਾਨਣ ਦੀ ਏਨੀ ਲੋੜ ਨਹੀਂ। ਪਰ, ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਚਰਚਾ ਅਧੀਨ ਮਹਾਨਤਾ ਦੇ ਇਕ ਤੋਂ ਵਧੀਕ ਪ੍ਰਕਾਰ ਹਨ। ਇਸ ਨੂੰ ਅਸੀਂ ਇਕ ਸੰਕੇਤ ਰਾਹੀਂ ਸਮਝਣ ਦਾ ਯਤਨ ਕਰਦੇ ਹਾਂ। ਇਹ ਸੰਕੇਤ ਹੈ - ਵਿਸਥਾਰ ਦੀ ਮਹਾਨਤਾ (ਇਸ ਵਿਚ ਆਕਾਰ ਗਿਣਤੀ ਮਿਣਤੀ ਜਾਂ ਵਕਫੇ ਦੀ ਮਹਾਨਤਾ ਆ ਜਾਂਦੀ ਹੈ)। ਕੀ ਉਦਾਤ ਵਸਤੂਆਂ ਇਨ੍ਹਾਂ ਅਰਥਾਂ ਵਿਚ ਮਹਾਨ ਹੁੰਦੀਆਂ ਹਨ? ਘਟੋ ਘਟ ਕੁਝ ਤੇ ਜ਼ਰੂਰ ਹੀ ਹੁੰਦਆਂ ਹਨ। ਦਿਸ-ਹਿੱਦੇ ਤਕ ਫੈਲਿਆ ਹੋਇਆ ਅਤੇ ਉਸ ਤੋਂ ਵੀ ਪਰ੍ਹਾਂ ਤਕ ਜਾਂਦਾ ਹੋਇਆ ਸਮੁੰਦਰ, ਉਪਰੋਂ ਸ਼ੀਸ਼ੇ ਵਾਂਗ ਚਮਕਦਾਰ ਸਮਤਲ ਪਾਣੀ ਜਾਂ ਜਿਸ ਉਪਰ ਅਣਗਿਣਤ ਲਹਿਰਾਂ ਉਠ ਰਹੀਆਂ ਹੋਣ, ਵਕਤ, ਜਿਸ ਦੇ ਆਦਿ ਅਤੇ ਅੰਤ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ - ਇਹ ਉਦਾਤ ਦੇ ਕੁਝ ਕੁ ਆਮ ਉਦਾਹਰਣ ਹਨ। ਇਨ੍ਹਾਂ ਨੂੰ ਮਹਾਨ ਕਹਿਣਾ ਮਜ਼ਾਕ ਪ੍ਰਤੀਤ ਹੋਵੇਗਾ ਕਿਉਂਕਿ ਇਹ ਅਮਿਣਵੇਂ ਆਕਾਰ ਦੇ ਬਿੰਬ ਹਨ। ਜਦੋਂ ਅਸੀਂ ਮਾਨਵੀ ਸੰਸਾਰ ਵਲ ਮੁੜਦੇ ਹਾਂ ਤਾਂ ਮਹਾਨਤਾ ਦੇ ਮਿਆਰ ਵਿਚ ਅੰਤਰ ਆ ਜਾਂਦਾ ਹੈ। ਪਰ, ਇਥੇ ਵੀ ਜਦੋਂ ਅਸੀਂ ਖੇਤਰ ਵਿਸ਼ੇਸ਼ ਦੇ ਮਿਆਰ ਨੂੰ ਅਪਨਾਉਂਦੇ ਹਾਂ ਤਾਂ ਪਤਾ ਚਲਦਾ ਹੈ ਕਿ ਉਦਾਤ ਵਸਤੂਆਂ ਆਪਣੇ ਖੇਤਰ ਦੀਆਂ ਹੋਰ ਵਸਤੂਆਂ ਨਾਲੋਂ ਬਹੁਤ ਮਹਾਨ ਹਨ। ਉਦਾਹਰਣ ਲਈ ਦਰੱਖ਼ਤਾਂ ਵਿਚੋਂ ਜਿਹੜਾ ਦਰੱਖ਼ਤ ਬਹੁਤ ਵੱਡਾ ਹੋਵੇਗਾ, ਉਹੀ ਉਦਾਤ ਹੋ ਸਕਦਾ ਹੈ। ਪੰਛੀਆਂ ਵਿਚੋਂ ਬਾਜ਼, ਮੱਛੀਆਂ ਵਿਚੋਂ ਮਗਰਮੱਛ ਅਤੇ ਜਾਨਵਰਾਂ ਵਿਚੋਂ ਬੱਬਰ ਸ਼ੇਰ ਜਾਂ ਹਾਥੀ ਹੀ ਉਦਾਤ ਦੇ ਉਦਾਹਰਣ ਹੋ ਸਕਦੇ ਹਨ। ਮਨੁੱਖਾਂ ਵਿਚੋਂ ਸਾਧਾਰਣ ਜਾਂ ਸਾਧਾਰਣ ਤੋਂ ਵੀ ਘਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਦ-ਬੁੱਤ ਵਾਲਾ ਮਨੁੱਖ ਉਦਾਤ ਨਹੀਂ ਹੋ ਸਕਦਾ, ਸੁੰਦਰ ਹੋ ਸਕਦਾ ਹੈ। ਇਨ੍ਹਾਂ ਉਦਾਹਰਣਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਦਾਤ ਦਾ ਦਾਰੋਮਦਾਰ ਵਿਸਥਾਰ ਦੀ ਮਹਾਨਤਾ ਹੈ। ਪਰ, ਕੇਵਲ ਮਹਾਨ ਵਿਸਥਾਰ ਜਾਂ ਵੱਡਾਪਨ ਹੀ ਉਦਾਤ ਨਹੀਂ ਹੋ ਸਕਦਾ, ਕਿਉਂਕਿ ਵੱਡੇਪਨ ਲਈ ਸੁੰਦਰ ਹੋਣਾ ਕੋਈ ਜ਼ਰੂਰੀ ਨਹੀਂ ਅਤੇ ਉਦਾਤ ਸੁੰਦਰਤਾ ਦੀ ਹੀ ਇਕ ਪ੍ਰਕਾਰ ਹੈ। ਪਰ, ਸੁੰਦਰਤਾ ਦਾ ਇਹ ਰੂਪ ਲਾਜ਼ਮੀ ਤੋਰ ਤੇ ਇਸ ਮਹਾਨਤਾ ਨਾਲ ਸੰਬੰਧਿਤ ਹੁੰਦਾ ਹੈ।

ਤਾਂ ਫਿਰ ਕੀ ਇਸ ਮਹਾਨਤਾ ਦੀ ਗੈਰਹਾਜ਼ਰੀ ਵਿਚ ਉਦਾਤ ਦਾ ਪ੍ਰਭਾਵ ਨਹੀਂ ਪੈ ਸਕਦਾ? ਜੇ ਪੈ ਸਕਦਾ ਹੈ ਤਾਂ ਕੀ ਉਦਾਤ ਦੇ ਪ੍ਰਭਾਵ ਲਈ ਇਹ ਜ਼ਰੂਰੀ ਨਹੀਂ ਕਿ ਉਸ ਵਿਚ ਕਿਸੇ ਹੋਰ ਤਰ੍ਹਾਂ ਦੀ ਮਹਾਨਤਾ ਹੋਵੇ? ਇਨ੍ਹਾ ਦੋਹਾਂ ਸਵਾਲਾਂ ਦਾ ਜਵਾਬ ਹਾਂ ਵਿਚ ਹੀ ਹੋਵੇਗਾ। ਚਿੜੀ ਆਪਣੇ ਆਕਾਰ ਵਜੋਂ ਬਹੁਤ ਛੋਟੀ ਹੈ। ਪਰ, ਗੁਰੂ ਗੋਬਿੰਦ ਸਿੰਘ ਜਦੋਂ ਕਹਿੰਦੇ ਹਨ-

ਚਿੜੀਉਂ ਸੇ ਮੈਂ ਬਾਜ ਤੁੜਾਊਂ,
ਤਬੀ ਗੋਬਿੰਦ ਸਿੰਘ ਨਾਮ ਕਹਾਊਂ।

ਤਾਂ ਬਾਜ਼ ਦਾ ਮੁਕਾਬਲਾ ਕਰਨ ਵਾਲੀ ਚਿੜੀ ਨਿਸ਼ਚੇ ਹੀ ਉਦਾਤ ਹੋਵੇਗੀ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਬਾਜ਼ ਨਾਲ ਲੜਨ ਵਾਲੀ ਚਿੜੀ ਆਪਣੇ ਆਕਾਰ ਵਜੋਂ ਛੋਟੀ ਹੁੰਦੀ ਹੋਈ ਵੀ ਉਦਾਤ ਕਿਉਂ ਹੈ? ਸਪਸ਼ਟ ਉੱਤਰ ਹੈ ਕਿ ਉਸ ਦੇ ਉਦਾਤ ਹੋਣ ਦਾ ਕਾਰਣ ਉਸ ਦਾ ਆਕਾਰ ਨਹੀਂ ਸ਼ਕਤੀ ਅਤੇ ਹਿੰਮਤ ਹੈ। ਇਹ ਹਿੰਮਤ ਅਤੇ ਸ਼ਕਤੀ ਵੀ ਸਾਧਾਰਣ ਨਹੀਂ ਅਸਾਧਾਰਣ ਹੈ। ਇਹ ਅਸਾਧਾਰਣ ਸ਼ਕਤੀ ਦੀ ਮਹਾਨਤਾ ਹੀ ਉਸ ਚਿੜੀ ਨੂੰ ਉਦਾਤ ਬਣਾਉਂਦੀ ਹੈ। ਇਸ ਸ਼ਕਤੀ ਦੀ ਅਸਾਧਾਰਨਤਾ ਦਾ ਪਤਾ ਸਾਨੂੰ ਤਦ ਚਲਦਾ ਹੈ ਜੇ ਇਸ ਨੂੰ ਬਾਜ਼ ਦੇ ਸੰਦਰਭ ਵਿਚ ਵੇਖੀਏ। ਬਾਜ਼ ਨੂੰ ਅਸੀਂ ਉਪਰ ਪੰਛੀਆਂ ਵਿਚ ਉਦਾਤ ਕਿਹਾ ਸੀ ਅਤੇ ਉਸੇ ਉਦਾਤ ਪੰਛੀ ਨਾਲ ਸਫਲ ਮੁਕਾਬਲਾ ਕਰਨ ਵਾਲੀ ਚਿੜੀ ਆਪਣੀ ਅਸਾਧਾਰਣਤਾ ਦਾ ਪਤਾ ਦੇਂਦੀ ਹੈ ਤਾਂ ਨਿਸ਼ਚੇ ਹੀ ਉਹ ਉਦਾਤ ਹੈ, ਹਾਰ ਖਾਣ ਵਾਲਾ ਬਾਜ਼ ਉਦਾਤ ਨਹੀਂ ਹੋ ਸਕਦਾ। ਇਹ ਚਿੜੀ ਚਿੜੀਆਂ ਵਿਚੋਂ ਤਾਂ ਬਹਾਦਰ ਹੈ ਹੀ, ਬਾਜ਼ ਦੇ ਮੁਕਾਬਲੇ ਦੇ ਪੰਛੀਆਂ ਵਿਚੋਂ ਵੀ ਮਹਾਨ ਹੈ। ਇਸ ਪ੍ਰਕਾਰ ਇਹ ਚਿੜੀ ਆਕਾਸ਼ ਜਾਂ ਸਮੁੰਦਰ ਵਾਂਗ ਹੀ ਉਦਾਤ ਹੈ, ਆਕਾਰ ਦੀ ਮਹਾਨਤਾ ਕਾਰਣ ਨਹੀਂ, ਅਸਾਧਾਰਣ ਸ਼ਕਤੀ ਦੀ ਮਹਾਨਤਾ ਕਾਰਣ। ਵਿਸਥਾਰ ਦੀ ਮਹਾਨਤਾ ਦੀ ਗੈਰਹਾਜ਼ਰੀ ਦੀ ਹਾਲਤ ਵਿਚ ਵੀ ਉਦਾਤ-ਪ੍ਰਭਾਵ ਦੀ ਸਿਰਜਣਾ ਹੋ ਸਕਦੀ ਹੈ, ਪਰ ਇਸ ਲਈ ਦੂਸਰੀ ਪ੍ਰਕਾਰ ਦੀ ਮਹਾਨਤਾ ਲੋੜੀਂਦੀ ਹੈ - ਸ਼ਕਤੀ ਦੀ ਮਹਾਨਤਾ। ਇਸ ਦੂਸਰੀ ਮਹਾਨਤਾ ਦੇ ਉਦਾਹਰਣ ਸਾਹਿਤ ਅਤੇ ਵਸਤੂ ਜਗਤ ਵਿਚ ਏਨੇ ਵਿਆਪਕ ਹਨ ਕਿ ਇਸ ਦੀ ਅਣਹੋਂਦ ਵਿਚ ਸਿਰਫ ਵਿਸਥਾਰ ਦੀ ਮਹਾਨਤਾ ਪਾਸੋਂ ਹੀ ਉਦਾਤ ਦੀ ਸੰਭਾਵਨਾ ਉਪਰ ਸ਼ੰਕਾ ਹੋਣ ਲਗ ਪੈਂਦੀ ਹੈ। ਜ਼ੀਵੰਤ ਵਸਤਾਂ ਦੇ ਸੰਬੰਧ ਵਿਚ ਇਹ ਸ਼ੰਕਾ ਨਿਰਮੂਲ ਵੀ ਨਹੀਂ। ਦਰੱਖ਼ਤ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਕੇ ਹੀ ਉਦਾਤ ਨਹੀਂ ਕਿ ਉਸ ਨੇ ਧਰਤੀ ਦਾ ਕਾਫੀ ਸਾਰਾ ਹਿੱਸਾ ਮੱਲਿਆ ਹੋਇਆ ਹੈ। ਉਸ ਦੇ ਉਦਾਤ-ਪ੍ਰਭਾਵ ਦਾ ਕਾਰਣ ਉਸ ਦੀ ਉਹ ਸ਼ਕਤੀ ਹੈ, ਜਿਹੜੀ ਉਸ ਨੂੰ ਉੱਚਿਆਂ ਕਰਦੀ ਹੈ, ਹਜ਼ਾਰਾਂ ਟਹਿਣੀਆਂ ਅਤੇ ਅਸੰਖ ਪੱਤੇ ਫੈਲਾਉਂਦੀ ਹੈ ਜਾਂ ਜਿਸ ਦੇ ਸਹਾਰੇ ਉਹ ਸਦੀਆਂ ਤੋਂ ਕਿੰਨੇ ਸ਼ਕਤੀਸ਼ਾਲੀ ਝਖੜਾ ਅਤੇ ਤੂਫਾਨਾਂ ਦਾ ਮੁਕਾਬਲਾ ਕਰਦਾ ਰਿਹਾ ਹੈ। ਸ਼ੇਰ ਅਤੇ ਬਾਜ਼ ਵੀ ਸਿਰਫ ਕਦ ਬੁਤ ਕਰਕੇ ਹੀ ਨਹੀਂ ਸ਼ਕਤੀ ਕਰਕੇ ਵੀ ਉਦਾਤ ਹਨ। ਜੀਵਾਂ ਦੇ ਸੰਸਾਰ ਤੋਂ ਬਾਹਰਲੇ ਸੰਸਾਰ ਵਿਚ ਵੀ ਸਾਡੀ ਉਪਰੋਕਤ ਸ਼ੰਕਾ ਬਣੀ ਰਹਿੰਦੀ ਹੈ, ਪਹਾੜ ਅਤੇ ਸਮੁੰਦਰ ਵੀ ਉਨੀ ਦੇਰ ਤਕ ਉਦਾਤ ਨਹੀਂ ਪ੍ਰਤੀਤ ਹੁੰਦੇ ਜਿੰਨੀ ਦੇਰ ਤਕ ਉਨ੍ਹਾਂ ਨੂੰ ਸ਼ਕਤੀ ਦੇ ਪ੍ਰਤੀਕ ਵਜੋਂ ਗ੍ਰਹਿਣ ਨਾ ਕੀਤਾ ਜਾਵੇ। ਇਨ੍ਹਾਂ ਨੂੰ ਵੇਖ ਕੇ ਸਾਨੂੰ ਅਸਾਧਾਰਣ ਸ਼ਕਤੀ ਦਾ ਗਿਆਨ ਹੁੰਦਾ ਹੈ। ਉਹ ਸ਼ਕਤੀ ਜਿਸ ਨੇ ਇਨ੍ਹਾਂ ਦੀ ਸਿਰਜਣਾ ਕੀਤੀ ਹੈ। ਜੇ ਇਹ ਸ਼ੰਕੇ ਸਚ ਹਨ ਤਾਂ ਇਹ ਨਿਰਣਾ ਨਿਸ਼ਚਿਤ ਹੈ - ਉਦਾਤ ਲਈ ਜਿਸ ਅਸਾਧਾਰਣ ਮਹਾਨਤਾ ਦੀ ਲੋੜ ਹੁੰਦੀ ਹੈ ਉਹ ਸਦਾ ਹੀ ਕਿਸੇ ਨਾ ਕਿਸੇ ਰੂਪ ਵਿਚ ਸ਼ਕਤੀ ਦੀ ਮਹਾਨਤਾ ਹੈ। ਇਹ ਵੀ ਹੋ ਸਕਦਾ ਹੈ ਕਿ ਕੁਝ ਹਾਲਤਾਂ ਵਿਚ ਇਸ ਮਹਾਨਤਾ ਦਾ ਅਹਿਸਾਸ ਉਸ ਦੇ ਅਸਾਧਾਰਣ ਵਿਸਥਾਰ ਤੋਂ ਹੋਵੇ।

ਕੁਲ ਮਿਲਾ ਕੇ, ਅਸੀਂ ਹੁਣ ਤਕ ਦੀ ਚਰਚਾ ਤੋਂ ਇਸ ਸਿਟੇ ਤੇ ਪੁੱਜਦੇ ਹਾਂ ਕਿ ਅਸਾਧਾਰਣ ਮਹਾਨਤਾ ਉਦਾਤ ਦੀ ਵਿਸ਼ੇਸ਼ਤਾ ਹੈ। ਤਾਂ ਕੀ ਇਸ ਦਾ ਕੋਈ ਵੀ ਅਪਵਾਦ ਨਹੀਂ? ਉਦਾਤ ਦੇ ਕਈ ਉਦਾਹਰਣਾ ਵਿਚ ਪਹਿਲੀ ਨਜ਼ਰੇ ਸ਼ਕਤੀ ਜਾਂ ਕਿਸੇ ਦੂਸਰੀ ਤਰ੍ਹਾਂ ਦੀ ਮਹਾਨਤਾਂ ਦੀ ਅਣਹੋਂਦ ਪ੍ਰਤੀਤ ਹੋਵੇਗੀ - ਰਾਤ ਦੀ ਖਾਮੋਸ਼ੀ, ਤੂਫਾਨ ਦਾ ਇਕ ਦਮ ਰੁਕ ਜਾਣਾ, ਜਾਂ ਮੌਤ ਦੀ ਖਾਮੋਸ਼ੀ ਅਤੇ ਗਤੀਹੀਨਤਾ, ਇਹ ਸਾਰੇ ਉਦਾਤ ਦੇ ਉਦਾਹਰਣ ਹਨ। ਕਿਹਾ ਜਾ ਸਕਦਾ ਹੈ ਕਿ ਆਵਾਜ਼ ਅਤੇ ਗਤੀ ਦੇ ਨਾ ਹੋਣ ਵਿਚ ਵੀ ਅਸਾਧਾਰਣ ਮਹਾਨਤਾ ਦਾ ਪਰਦਰਸ਼ਨ ਹੁੰਦਾ ਹੈ। ਇਨ੍ਹਾਂ ਅਰਥਾਂ ਵਿਚ ਸ਼ਾਇਦ ਇਨ੍ਹਾਂ ਉਦਾਹਰਣਾਂ ਵਿਚ ਮਹਾਨਤਾ ਦਾ ਪ੍ਰਦਰਸ਼ਨ ਨਹੀਂ ਹੁੰਦਾ। ਪਰ ਇਨ੍ਹਾਂ ਅਰਥਾਂ ਵਿਚ ਇਹ ਉਦਾਤ ਦੇ ਉਦਾਹਰਣ ਵੀ ਨਹੀਂ ਹਨ। ਜੇ ਇਨ੍ਹਾਂ ਉਦਾਹਰਣਾਂ ਵਿਚ ਖਾਮੋਸ਼ੀ ਨੂੰ ਅਣਹੋਂਦ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਜਾਵੇਗਾ ਤਾਂ ਤੁਹਾਡੇ ਮਨ ਵਿਚ ਉਦਾਤ-ਭਾਵ ਪੈਦਾ ਨਹੀਂ ਹੋਣਗੇ। ਪਰ, ਜੇ ਤੁਸੀਂ ਇਨ੍ਹਾਂ ਵਿਚੋਂ ਉਦਾਤ-ਭਾਵ ਗ੍ਰਹਿਣ ਕਰਦੇ ਹੋ ਤਾਂ ਇਹ ਨਿਸ਼ਚਿਤ ਰੂਪ ਵਿਚ ਤੁਹਾਡੇ ਲਈ ਅਸਾਧਾਰਨ ਮਹਾਨਤਾ ਦੇ ਚਿੰਨ੍ਹ ਹਨ। ਤੂਫਾਨ ਦੇ ਇਕ ਦਮ ਰੁਕਣ ਵਿਚ ਸ਼ਕਤੀਵਰ ਹਵਾਵਾਂ ਦੀ ਅਣਹੋਂਦ ਨਹੀਂ, ਸ਼ਕਤੀਵਰ ਹਵਾਵਾਂ ਦਾ ਇਕ ਪਲ ਲਈ ਰੁਕਣਾ ਹੈ। ਸਾਨੂੰ ਅਹਿਸਾਸ ਹੁੰਦਾ ਹੈ ਕਿ ਦੂਜੇ ਹੀ ਪਲ ਇਨ੍ਹਾਂ ਸ਼ਕਤੀਸ਼ਾਲੀ ਹਵਾਵਾਂ ਨੇ ਆਪਣਾ ਤੂਫਾਨੀ ਕਾਰਜ ਫਿਰ ਸ਼ੁਰੂ ਕਰ ਦੇਣਾ ਹੈ। ਜਾਂ ਇਸ ਨੂੰ ਇਸ ਤਰ੍ਹਾਂ ਵੀ ਗ੍ਰਹਿਣ ਕੀਤਾ ਜਾ ਸਕਦਾ ਹੈ ਕਿ ਆਵਾਜ਼ ਦੀ ਅਣਹੋਂਦ ਉਨ੍ਹਾਂ ਦੀ ਇੱਛਾ ਨਹੀਂ, ਇਹ ਅਣਹੋਂਦ ਉਨ੍ਹਾਂ ਉਪਰ ਕਿਸੇ ਹੋਰ ਵਧੇਰੇ ਮਹਾਨ ਸ਼ਕਤੀ ਨੇ ਠੋਸੀ ਹੋਈ ਹੈ। ਇਨ੍ਹਾਂ ਦੋਹਾਂ ਹਾਲਤਾਂ ਵਿਚ ਉਦਾਤ ਦਾ ਪ੍ਰਭਾਵ ਪੈ ਸਕਦਾ ਹੈ, ਪਰ ਇਨ੍ਹਾਂ ਦੋਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਲਤਾਂ ਵਿਚ ਹੀ ਅਸਾਧਾਰਨ ਸ਼ਕਤੀ ਦਾ ਅਹਿਸਾਸ ਹੁੰਦਾ ਹੈ। ਇਸੇ ਪ੍ਰਕਾਰ ਰਾਤ ਦੀ ਖ਼ਾਮੋਸ਼ੀ ਦੇ ਉਦਾਤ-ਪ੍ਰਭਾਵ ਦਾ ਕਾਰਣ ਵੀ ਅਣਹੋਂਦ ਨਹੀਂ ਕਿਸੇ ਉਸ ਅਸਾਧਾਰਣ ਸ਼ਕਤੀ ਦੀ ਹੋਂਦ ਹੈ ਜਿਸ ਦੇ ਪ੍ਰਭਾਵ ਨੇ ਦਿਨ ਦੇ ਸਾਰੇ ਸ਼ੋਰ ਨੂੰ ਚੁਪ ਕਰਾ ਦਿਤਾ ਹੈ। ਇਨ੍ਹਾ ਅਰਥਾਂ ਵਿਚ ਹੀ ਮਿਰਤਕ ਗਤੀਹੀਨ ਨਹੀਂ ਹੋਇਆ, ਗਤੀਯੋਗ ਨਹੀਂ ਰਿਹਾ।

ਸੰਖੇਪ ਵਿਚ, ਅਸਾਧਾਰਣ ਮਹਾਨਤਾ ਦੀ ਹੋਂਦ ਉਦਾਤ ਦੇ ਪ੍ਰਭਾਵ ਲਈ ਅਤਿ ਅਵਸ਼ਕ ਹੈ। ਇਹ ਹੀ ਨਹੀਂ ਅਸਾਧਾਰਣ ਮਹਾਨਤਾ ਉਦਾਤ ਦਾ ਪ੍ਰਮੁੱਖ ਲਛਣ ਹੈ। ਵਿਦਵਾਨਾਂ ਨੇ ਇਸ ਤੋਂ ਇਲਾਵਾ ਵੀ ਕੁਝ ਲਛਣਾ ਵਲ ਸੰਕੇਤ ਕੀਤਾ ਹੈ। ਪਰ, ਅਸਾਧਾਰਣ ਮਹਾਨਤਾ ਵਾਂਗ ਉਨ੍ਹਾਂ ਦੀ ਹੋਂਦ ਸਦਾ ਹੀ ਇਨੀ ਜ਼ਰੂਰੀ ਨਹੀਂ ਹੁੰਦੀ। ਇਹ ਤੇ ਸੀ ਉਦਾਤ ਦਾ ਇਕ ਲੱਛਣ। ਪਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਦਾਤ ਕਲਾ ਕਿਹੜੀ ਹੈ, ਜਿਸ ਦਾ ਜ਼ਿਕਰ ਲੌਨਜਾਈਨਸ ਨੇ ਆਪਣੇ ਨਿਬੰਧ ਵਿਚ ਕੀਤਾ? ਉਦਾਤ ਦੇ ਉਪਰੋਕਤ ਲੱਛਣ ਦੀ ਦ੍ਰਿਸ਼ਟੀ ਤੋਂ ਜੇ ਕਲਾ ਨੂੰ ਵੇਖੀਏ ਤਾਂ ਉਦਾਤ ਕਲਾ ਉਹ ਹੈ ਜਿਹੜੀ ਅਸੀਮ ਮਹਾਨਤਾ ਦਾ ਪ੍ਰਮਾਣ ਹੋਵੇ। ਲੌਨਜਾਈਨਸ ਦੇ ਅਨੁਸਾਰ ਮਹਾਨਤਾ ਉਦਾਤ-ਰਚਨਾ ਦਾ ਵੀ ਲੱਛਣ ਹੈ ਅਤੇ ਉਦਾਤ ਰਚਨਾ ਦੇ ਰਚਨਹਾਰ ਦਾ ਵੀ। ਲੌਨਜਾਈਨਸ ਕਹਿੰਦਾ ਹੈ ਕਿ 'ਪ੍ਰਤਿਭਾਵਾਨ ਲੇਖਕ ਆਪਣੇ ਨਾਲ ਅਜੇਹੀ ਪ੍ਰਬਲ ਅਤੇ ਅਰੋਕ ਸ਼ਕਤੀ ਲੈ ਕੇ ਆਉਂਦਾ ਹੈ ਜਿਸ ਦੇ ਵੇਗ ਤੋਂ ਬਚਣਾ ਸ੍ਰੋਤੇ ਦੇ ਵਸ ਦੀ ਗੱਲ ਨਹੀਂ।[1] ਉਦਾਤ-ਰਚਨਾ ਸੰਬੰਧੀ ਲੌਨਜਾਈਨਸ ਦੇ ਵਿਚਾਰਾਂ ਦੇ ਆਧਾਰ ਉਪਰ ਜੇ ਉਦਾਤ ਦੀ ਪਰਿਭਾਸ਼ਾ ਕਰਨੀ ਹੋਵੇ ਤਾਂ ਇਸ ਪ੍ਰਕਾਰ ਕੀਤੀ ਜਾ ਸਕਦੀ ਹੈ - ਉਦਾਤ ਕਿਸੇ ਰਚਨਾ ਦੀ ਅਜਿਹੀ ਪ੍ਰਬਲ ਅਤੇ ਅਰੋਕ ਸ਼ਕਤੀ ਹੈ ਜੋ ਸ੍ਰੋਤੇ ਨੂੰ ਉਮਾਹ ਭਰੇ ਉਨਮਾਦ ਦੀ ਅਵਸਥਾ ਵਿਚ ਲੈ ਜਾਂਦੀ ਹੈ। ਇਹ ਸ਼ਕਤੀ ਆਪਣਾ ਕੰਮ ਹੌਲੀ ਹੌਲੀ ਨਹੀਂ ਕਰਦੀ, ਅਤੇ ਨਾ ਹੀ ਇਹ ਖੰਡਾਂ, ਅੰਸ਼ਾਂ ਵਿਚ ਪ੍ਰਗਟ ਹੁੰਦੀ ਹੈ। ਇਸ ਦਾ ਜ਼ਹੂਰ ਇਕੋ ਛਿਣ ਵਿਚ ਹੋ ਜਾਂਦਾ ਹੈ ਅਤੇ ਇਸ ਦਾ ਪ੍ਰਭਾਵ ਵੀ ਅਚਾਨਕ ਪੈਂਦਾ ਹੈ।[2]

ਲੌਨਜਾਈਨਸ ਦੇ ਨਿਬੰਧ ਦੀ ਮਹਤੱਤਾ ਇਸ ਗੱਲ ਵਿਚ ਹੈ ਕਿ ਉਸ ਵਿਚ ਪੂਰਵਵਰਤੀ ਸਾਹਿਤ-ਸਿਧਾਤਕਾਰਾਂ - ਪਲੈਟੋ ਅਤੇ ਅਰਸਤੂ - ਨਾਲੋਂ ਵੱਖਰੀ ਤਰ੍ਹਾਂ ਦੇ ਪ੍ਰਸ਼ਨ ਪੁੱਛੇ ਗਏ ਹਨ ਅਤੇ ਉਨ੍ਹਾਂ ਦੇ ਯੋਗ ਉਤਰ ਦਿੱਤੇ ਗਏ ਹਨ। ਅਰਸਤੂ ਨੇ ਕਾਵਿ ਦੇ ਆਪਣੇ ਵਿਸ਼ੇਸ਼ ਆਨੰਦ ਦੀ ਗੱਲ ਕੀਤੀ ਸੀ। ਲੌਨਜਾਈਨਸ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਅਤੇ ਉਸ ਆਨੰਦਦਾਇਕ ਪ੍ਰਭਾਵ ਦੇ ਵਿਸ਼ਲੇਸ਼ਨ ਵਲ ਧਿਆਨ ਦਿਤਾ। ਅਤੇ ਇਸ ਪ੍ਰਕਾਰ ਉਸ ਨੇ ਸਾਹਿਤ-ਚਿੰਤਨ ਦੇ ਇਤਿਹਾਸ ਵਿਚ ਪਹਿਲੀ ਵਾਰ ਪ੍ਰਭਾਵ-ਸਿਧਾਂਤ ਦੀ ਸਥਾਪਨਾ ਕੀਤੀ। ਉਸ ਦਾ ਮੱਤ ਹੈ ਕਿ ਸਾਹਿਤਕ ਕਲਾ-ਕਿਰਤ ਦਾ ਮੁਲੰਕਣ ਪਾਠਕ ਦੀ ਅੰਤਰ-ਦ੍ਰਿਸ਼ਟੀ ਰਾਹੀਂ ਕੀਤਾ ਜਾ ਸਕਦਾ ਹੈ, ਜਿਹੜੀ ਰਚਨਾ ਦੇ ਪਾਠ ਨਾਲ ਜਾਂ ਸੁਣਨ

1. ਹਰਿਭਜਨ ਸਿੰਘ (ਅਨੁ.) ਉਦਾਤ ਬਾਰੇ, ਪੰਨਾ, 52
2. ਉਹੀ, ਪੰਨਾ, 5

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਪਾਠਕ ਜਾ ਸਰੋਤਾ ਇਕ ਵਖਰੇ ਅਤੇ ਮਹਾਨਤਾ ਦੇ ਸੰਸਾਰ ਵਿਚ ਪਹੁੰਚ ਜਾਵੇ, ਅਤੇ ਉਨਮਾਦ ਦੀ ਅਵਸਥਾ ਵਿਚ ਪ੍ਰਵੇਸ਼ ਕਰ ਜਾਵੇ. ਉਹ ਰਚਨਾ ਨਿਸਚੇ ਹੀ ਉਦਾਤ ਹੈ। ਉਸ ਅਨੁਸਾਰ ਸਾਹਿਤ ਦਾ ਅੰਤਮ ਪ੍ਰਯੋਜਨ ਪਾਠਕ ਨੂੰ ਇਸੇ ਉਦਾਤ-ਪ੍ਰਭਾਵ ਤਕ ਪਹੁੰਚਾਉਣਾ ਹੈ।

ਸਾਹਿਤ ਵਿਚ ਉਦਾਤ-ਬਿੰਬ ਦੀ ਸਿਰਜਣਾ ਕਿਉਂਕਿ ਸ਼ਬਦਾਂ ਰਾਹੀਂ ਹੀ ਹੋ ਸਕਦੀ ਹੈ, ਇਸ ਕਰਕੇ ਲੌਨਜਾਈਨਸ ਲਈ ਕਾਵਿ ਵਿਚ ਉਦਾਤ 'ਭਾਸ਼ਾ ਦੀ ਉਚਤਾ ਤੇ ਉਤੱਮਤਾ' ਹੀ ਹੈ। ਇਸ ਕਰਕੇ ਉਹ ਸ਼ੈਲੀ ਉਦਾਤ-ਸ਼ੈਲੀ ਹੈ ਜਿਸ ਨਾਲ ਉਦਾਤ-ਪ੍ਰਭਾਵ ਲਈ ਲੋੜੀਂਦਾ ਵਾਤਾਵਰਣ ਪੈਦਾ ਕੀਤਾ ਜਾ ਸਕੇ। ਪੰਜਾਬੀ ਸਾਹਿਤ ਵਿਚ ਇਸ ਪ੍ਰਕਾਰ ਦੀ ਉਦਾਤ-ਰਚਨਾ ਦੇ ਉਦਾਹਰਣ ਲਭ ਸਕਣੇ ਖਾਸੇ ਕਠਿਨ ਹਨ। ਪਰ, ਗੁਰੂ ਨਾਨਕ ਦੇਵ ਜੀ ਦੀ 'ਆਰਤੀ' ਨੂੰ ਕਿਸੇ ਹਦ ਤਕ ਉਦਾਤ-ਬਿੰਬ ਦੇ ਉਦਾਹਰਣ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਲੌਨਜਾਈਨਸ ਉਦਾਤ ਸ਼ੈਲੀ ਦੇ ਗੁਣਾਂ ਦੇ ਨਾਲ ਨਾਲ ਉਸਦੇ ਵਿਪਰੀਤ-ਲਛਣਾਂ ਦੀ ਰਚਨਾ ਵੀ ਕਰਦਾ ਹੈ। ਪਰ ਉਸਦਾ ਬਲ ਸਹਿਜ ਅਤੇ ਪ੍ਰਸੰਗ ਸਾਪੇਖਤਾ ਉਪਰ ਹੈ। ਜੇ ਰਚਨਾ ਸਹਿਜ ਨਾ ਹੋ ਕੇ ਜਤਨ ਦਾ ਪ੍ਰਭਾਵ ਦੇਵੇਗੀ ਤਾਂ ਉਹ ਉਦਾਤ ਪ੍ਰਭਾਵ ਤੋਂ ਊਣੀਂ ਰਹਿ ਜਾਵੇਗੀ। ਇਸੇ ਪ੍ਰਕਾਰ ਜੇ ਗੱਲ ਕਿਸੇ ਵਿਸ਼ੇਸ਼ ਪ੍ਰਸੰਗ ਦੀ ਅਣਹੋਂਦ ਵਿਚ ਕਹੀਂ ਜਾਵੇਗੀ ਤਾ ਵੀ ਉਹ ਉਦਾਤ ਪ੍ਰਭਾਵ ਤਕ ਨਹੀਂ ਪਹੁੰਚ ਸਕੇਗੀ। ਕਵੀ ਨੇ ਕਿਉਂਕਿ ਸ਼ਬਦਾ ਰਾਹੀਂ ਉਦਾਤ-ਪ੍ਰਭਾਵ ਦੀ ਸਿਰਜਣਾ ਕਰਦੀ ਹੁੰਦੀ ਹੈ ਇਸ ਲਈ ਉਹ ਆਮ ਤੌਰ ਤੇ ਵੱਡੇ ਵੱਡੇ ਸ਼ਬਦ ਵਰਤੇਗਾ। ਪਰਿਣਾਮ ਸਰੂਪ ਸੰਭਵ ਹੈ ਕਿ ਉਦਾਤ-ਰਚਨਾ ਕਰਨ ਵਿਚ ਜਤਨਸ਼ੀਲ ਕਵੀ ਸ਼ਬਦ-ਆਡੰਬਰ ਦਾ ਸ਼ਿਕਾਰ ਹੋ ਜਾਵੇ। ਸ਼ਬਦ-ਆਡੰਬਰ ਦੇ ਦੋਸ਼ ਤੋਂ ਬਚਣ ਲਈ ਆਵਸ਼ਕ ਹੈ ਕਿ ਫਰਿਸ਼ਤਾ, ਖੁਦਾ ਜਿਹੇ ਸ਼ਬਦਾਂ ਦੀ ਵਰਤੋਂ ਵਿਸ਼ੇਸ਼ ਪ੍ਰਸੰਗ ਵਿਚ ਹੀ ਕੀਤੀ ਜਾਵੇ। ਮਿਰਜਾ ਉਦਾਤ-ਰਚਨਾ ਨਹੀਂ, ਪਰ ਉਸ ਵਿਚੋਂ ਉਦਾਹਰਣ ਨਾਲ ਗੱਲ ਸਪਸ਼ਟ ਹੋ ਸਕਦੀ ਹੈ। ਮਿਰਜ਼ਾ ਕਹਿੰਦਾ ਹੈ :

ਦਸ ਮਹੀਆਂ ਦਾ ਘਿਉ ਦਿੱਤਾ ਬੱਕੀ ਦੇ ਢਿੱਡ ਪਾ।
ਮੇਰੀ ਬੱਕੀ ਤੋਂ ਡਰਨ ਫਰਿਸ਼ਤੇ ਤੇ ਮੈਥੋਂ ਡਰੇ ਖ਼ੁਦਾ।

ਇਹ ਸ਼ਬਦ ਸ਼ਬਦ-ਆਡੰਬਰ ਦਾ ਹੀ ਉਦਾਹਰਣ ਲਗਣੇ ਸਨ ਜੇ ਇਨ੍ਹਾਂ ਦੀ ਵਰਤੋਂ ਉਸ ਸਥਿਤੀ ਵਿਚ ਨਾ ਕੀਤੀ ਜਾਂਦੀ ਜਿਸ ਵਿਚ ਪੇਸ਼ ਮਿਰਜ਼ਾ ਇਹ ਸ਼ਬਦ ਬੋਲਦਾ ਹੈ। ਅਤੇ ਫਿਰ ਅੰਤ ਵੀ ਮਹਤਵਪੂਰਣ ਹੈ - ਖ਼ੁਦਾ ਦੀ ਬਰਾਬਰੀ ਕਰਨ ਵਾਲਾ ਵਿਅਕਤੀ ਮਾਰਿਆ ਜਾਂਦਾ ਹੈ। ਇਥੇ ਮਿਰਜ਼ੇ ਦੇ ਬੋਲ ਇਸ ਕਰਕੇ ਪ੍ਰਭਾਵਕਾਰੀ ਲਗਦੇ ਹਨ ਕਿਉਂਕਿ ਇਨ੍ਹਾਂ ਬੋਲਾਂ ਨੂੰ ਵਿਸ਼ੇਸ਼ ਪ੍ਰਸੰਗ ਵਿਚ ਪੇਸ਼ ਕੀਤਾ ਗਿਆ ਹੈ। ਇਹੋ ਗੱਲ ਭਾਵਾਂ ਦੀ ਪੇਸ਼ਕਾਰੀ ਬਾਰੇ ਵੀ ਕਹੀ ਜਾ ਸਕਦੀ ਹੈ ਅਤੇ ਵਿਚਾਰਾਂ ਦੀ ਪੇਸ਼ਕਾਰੀ ਬਾਰੇ ਵੀ। ਇਥੇ ਵੀ, ਸਹਿਜ ਦੀ ਲੋੜ ਹੈ। ਸਹਿਜ ਦਾ ਲੜ ਛੁੱਟਿਆ ਨਹੀਂ ਕਿ ਉਦਾਤ-ਪ੍ਰਭਾਵ ਸਿਰਜਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਚਨਾ-ਸ਼ੈਲੀ ਆਡੰਬਰ ਦਾ ਸ਼ਿਕਾਰ ਹੋਈ ਨਹੀਂ। ਇਹ ਆਡੰਬਰੀ ਰਚਨਾਂ-ਸ਼ੈਲੀ ਦੇ ਲਛਣ ਹੀ ਲੌਂਨਜਾਈਨਸ ਅਨੁਸਾਰ ਉਦਾਤ-ਸੈਲੀ ਦੇ ਵਿਪਰੀਤ ਲੱਛਣ ਹਨ।

ਕੁਲ ਮਿਲਾ ਕੇ, ਉਦਾਤ-ਰਚਨਾ ਉਹ ਜਿਹੜੀ ਕਿਸੇ ਕਿਸਮ ਦੇ ਆਡੰਬਰ ਤੋਂ ਮੁਕਤ ਮਹਾਨਤਾ ਦਾ ਸਿਰਜਣ ਕਰੇ। ਉਹ ਮਹਾਨਤਾ ਜਿਹੜੀ ਪਾਠਕ, ਸਰੋਤੇ ਜਾਂ ਦਰਸ਼ਕ ਨੂੰ ਉਨਮਾਦ ਦੀ ਹਦ ਤਕ ਪ੍ਰਭਾਵਤ ਕਰ ਸਕੇ। ਪਰ, ਇਸ ਸੰਬੰਧ ਵਿਚ ਇਕ ਹੋਰ ਗੱਲ ਵੀ ਮਹਤਵਪੂਰਨ ਹੈ, ਉਹ ਇਹ ਕਿ ਲੌਂਨਜਾਈਨਸ ਅਨੁਸਾਰ ਅਸਲੋਂ ਨਿਰਦੋਸ਼ ਮਹਾਨ ਰਚਨਾ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਇਸ ਕਰਕੇ ਉਸਦਾ ਵਿਚਾਰ ਹੈ ਕਿ ਅਸਲੋਂ ਦੋਸ਼ ਰਹਿਤ ਰਚਨਾ ਹੀ ਨਿਸ਼ਚਿਤ ਰੂਪ ਵਿਚ ਉਦਾਤ ਰਚਨਾ ਹੋਵੇ, ਇਹ ਵੀ ਜਰੂਰੀ ਨਹੀਂ। ਉਸਦੇ ਇਸ ਸੰਬੰਧ ਵਿਚ ਇਹ ਸ਼ਬਦ ਬਹੁਤ ਮਹਤਵਪੂਰਨ ਹਨ - ''ਜੋ ਕੁਝ ਵੀ ਮਹਾਨ ਹੈ, ਉਹ ਆਪਣੀ ਮਹਾਨਤਾ ਸਦਕਾ ਹੀ ਸੰਕਟ ਵਿਚ ਗ੍ਰਸਿਆ ਰਹਿੰਦਾ ਹੈ। ਅਤੇ, ਜੋ ਕੁਝ ਵੀ ਨਿਮਾਣਾ ਅਤੇ ਮੱਧਮ ਦਰਜੇ ਦਾ ਹੈ, ਉਹ ਦੋਸ਼ ਤੋਂ ਬਚਦਾ ਹੈ। ਨਿਮਾਣੀ ਅਤੇ ਮੱਧਮ ਦਰਜੇ ਦੀ ਪ੍ਰਤਿਭਾ ਜੋ ਕਿਸੇ ਜੋਖੋਂ ਵ੍ਰਿਚ ਨਹੀਂ ਪੈਂਦੀ, ਜੋ ਕਦੀ ਵਡਿੱਤਣ ਨੂੰ ਨਹੀਂ ਤਾਂਘਦੀ, ਬਹੁਤ ਕਰਕੇ ਅਸਫਲ਼ਤਾ ਤੋਂ ਬਚੀ ਰਹਿੰਦੀ ਹੈ, ਪਰ ਮਹਾਨਤਾ ਨੂੰ ਨਹੀਂ ਪੁਜਦੀ।[1]

1. ਡਾ. ਹਰਿਭਜਨ ਸਿੰਘ (ਅਨੁ), ਉਦਾਤ ਬਾਰੇ, ਪੰਨਾ, 9-10

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਧੁਨਿਕ ਪੰਜਾਬੀ ਕਵਿਤਾ ਦੇ ਅਧਿਐਨ, ਅਧਿਆਪਨ ਅਤੇ ਖੋਜ ਦੀਆਂ ਸਮੱਸਿਆਵਾਂ

ਅਸੀਂ ਅਧਿਐਨ. ਅਧਿਆਪਨ ਅਤੇ ਖੋਜ ਦੀਆਂ ਸਮੱਸਿਆਵਾਂ ਨੂੰ ਸਹਿਜ ਰੂਪ ਵਿਚ ਜਾਣਦੇ ਹਾਂ. ਉਨ੍ਹਾਂ ਬਾਰੇ ਕਦੀ ਚਿੰਤਨ ਦੀ ਲੋੜ ਮਹਿਸੂਸ ਨਹੀਂ ਕੀਤੀ। ਪਰ. ਇਨ੍ਹਾ ਨੂੰ ਪਛਾਣਨ ਦੀ ਲੋੜ ਹੈ. ਵਿਚਾਰਨ ਦੀ ਲੋੜ ਹੈ ਅਤੇ ਇਸ ਪੱਤਰ ਨੇ ਮੈਨੂੰ ਇਸ ਦਿਸ਼ਾ ਵਲ ਸੋਚਣ ਦਾ ਮੌਕਾ ਦਿਤਾ ਹੈ। ਸਾਹਿਤ ਦੇ ਅਧਿਐਨ ਅਧਿਆਪਨ ਅਤੇ ਖੋਜ ਦੀ ਇਕ ਧਿਰ ਤਾਂ ਅਧਿਆਪਕ ਹੈ. ਨਿਗਰਾਨ ਹੈ ਅਤੇ ਦੂਜੀ ਸਾਹਿਤ ਦਾ ਵਿਦਿਆਰਥੀ. ਖੋਜ-ਵਿਦਿਆਰਥੀ। ਇਸ ਗਲ ਨੂੰ ਧਿਆਨ ਵਿਚ ਰਖਦਿਆਂ ਹੋਇਆ ਮੈਂ ਇਸ ਪੱਤਰ ਵਿਚ ਕੁਝ ਗੱਲਾਂ ਤਾ ਆਪਣੇ ਆਪ ਨਾਲ ਕੀਤੀਆਂ ਹਨ ਅਤੇ ਕੁਝ ਗੱਲਾਂ ਸਾਹਿਤ ਦੇ ਆਪਣੇ ਵਿਦਿਆਰਥੀਆਂ ਨਾਲ ਜਾਂ ਉਨ੍ਹਾਂ ਸੰਭਾਵਿਤ ਖੋਜ ਵਿਦਿਆਰਥੀ ਨਾਲ ਜਿਨ੍ਹਾਂ ਕਲ੍ਹ ਨੂੰ ਆਧੁਨਿਕ ਪੰਜਾਬੀ ਕਵਿਤਾ ਉਪਰ ਖੋਜ ਕਾਰਜ ਕਰਨਾ ਹੈ. ਜਾਂ ਜੋ ਇਹ ਕਾਰਜ ਕਰ ਰਹੇ ਹਨ।

ਜਦੋਂ ਵੀ ਗੱਲ ਆਧੁਨਿਕ ਕਵਿਤਾ ਬਾਰੇ ਕੀਤੀ ਜਾਵੇਗੀ ਤਾਂ ਇਨ੍ਹਾਂ ਦੋਹਾ ਸ਼ਬਦਾਂ ਨੂੰ ਹੀ ਸਮਝਣ ਦੀ ਲੋੜ ਪਵੇਗੀ - 'ਆਧੁਨਿਕ' ਅਤੇ 'ਕਵਿਤਾ'। ਆਧੁਨਿਕ ਕਵਿਤਾ ਦੇ ਅਧਿਐਨ. ਅਧਿਆਪਨ ਅਤੇ ਖੋਜ ਦੀ ਯਾਤ੍ਰਾ ਇਨ੍ਹਾ ਸ਼ਬਦਾ ਨੂੰ ਸਮਝਣ ਦੀ ਸਮੱਸਿਆ ਦੇ ਰੂਬਰੂ ਹੋਣ ਤੋਂ ਹੀ ਸ਼ੁਰੂ ਹੋਵੇਗੀ। ਪਰ. ਇਸ ਸੰਬੰਧ ਵਿਚ ਜਿਹੜੇ ਸਾਨੂੰ Readymade ਉੱਤਰ ਪ੍ਰਾਪਤ ਹੁੰਦੇ ਹਨ ਉਨ੍ਹਾ ਨਾਲ ਇਸ ਗਿਆਨ-ਯਾਤ੍ਰਾ ਦਾ ਆਰੰਭ ਨਹੀਂ ਹੋ ਸਕਦਾ।

ਆਧੁਨਿਕਤਾ ਨੂੰ ਪਰੰਪਰਾ ਦੇ ਵਿਰੋਧ ਵਿਚ ਰਖਕੇ ਵਿਚਾਰਨ ਦੀ ਸਲਾਹ ਦਿੱਤੀ ਜਾਂਦੀ ਹੈ - ਜੋ ਪਰੰਪਰਾ ਅਨੁਸਾਰ ਨਹੀਂ ਉਹ ਆਧੁਨਿਕ ਹੈ। ਪਰ. ਕੀ ਇਸ ਤਰ੍ਹਾਂ ਦੀ ਜਾਂ ਇਸ ਤਰ੍ਹਾਂ ਦਾ ਭਰਮ ਪੈਦਾ ਕਰਨ ਵਾਲੀ ਸਾਰੀ ਕਵਿਤਾ ਨੂੰ ਆਧੁਨਿਕ ਕਿਹਾ ਜਾ ਸਕਦਾ ਹੈ ਜਾਂ ਕਵਿਤਾ ਵੀ ਕਿਹਾ ਜਾ ਸਕਦਾ ਹੈ - ਇਸ ਦਾ ਉੱਤਰ ਲਭਣ ਦੀ ਵੀ ਲੋੜ ਹੈ। ਲੌਨਜਾਈਨਸ ਇਸ ਪ੍ਰਕਾਰ ਦੀ ਰੁਚੀ ਨੂੰ ਉਦਾਤ ਵਿਰੋਧੀ ਰੁਚੀ ਮੰਨਦਾ ਹੈ। ਉਸ ਅਨੁਸਾਰ ਇਹ ਉਹ ਦੋਸ਼ ਹੈ 'ਜਿਸ ਪਿੱਛੇ ਉਸਦੀ ਸਮਕਾਲੀ ਪੀੜ੍ਹੀ ਪਾਗਲ ਹੋਈ ਫਿਰਦੀ ਹੈ'।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਡਾ. ਹਰਿਭਜਨ ਸਿੰਘ ਅਨੁਸਾਰ ਜਿਸ ਔਗਣ ਵਲ ਲੌਨਜਾਈਨਸ ਨੇ ਸੰਕੇਤ ਕੀਤਾ ਹੈ, ਸਾਡੀ ਅਜੋਕੀ ਕਵੀ ਪੀੜੀ ਵੀ ਇੰਨ ਬਿੰਨ ਉਸੇ ਔਗੁਣ ਦੀ ਸੱਪ-ਵਲ੍ਹੇਟ ਵਿਚ ਗ੍ਰਸੀ ਹੋਈ ਹੈ।[1] ਸੋ ਆਧੁਨਿਕਤਾ ਦੇ ਸੰਬੰਧ ਵਿਚ ਇਹ ਪੂਰਨ ਸੱਚ ਨਹੀਂ। ਪਰ, ਪੂਰਨ ਸੱਚ ਇਹ ਵੀ ਨਹੀ ਕਿ ਆਧੁਨਿਕ ਸਮੇਂ ਵਿਚ ਵਿਕਸਿਤ ਸਨਅਤੀਕਰਣ ਕਾਰਣ ਜੋ ਮਹਾਂਨਗਰੀ ਸਭਿਆਚਾਰ ਪੈਦਾ ਹੋ ਰਿਹਾ ਹੈ ਉਸਦੀ ਪੇਸ਼ਕਾਰੀ ਨੂੰ ਹੀ ਆਧੁਨਿਕਤਾ ਦੇ ਰੂਪ ਵਜੋਂ ਗ੍ਰਹਿਣ ਕੀਤਾ ਜਾਵੇ। ਗੱਲ ਇਸ ਤੋਂ ਵਧੇਰੇ ਗੰਭੀਰ ਹੈ। ਇਸਦੇ ਕਈ ਹੋਰ ਆਧਾਰ ਹੋ ਸਕਦੇ ਹਨ। ਮਹਾਂਨਗਰੀ ਸਭਿਆਚਾਰ ਦੇ ਪਛਾਣ-ਚਿਹਨਾਂ ਪਿੱਛੇ ਕੰਮ ਕਰਦੀ ਹੋਈ ਹੋਂਦ ਵਿਧੀ ਹੀ ਨਹੀਂ ਅਜੋਕੇ ਮਨੁੱਖ ਦੇ ਚਿੰਤਨ ਨੂੰ ਪ੍ਰਭਾਵਿਤ ਕਰਨ ਵਾਲੀ ਵਿਸ਼ਵ-ਦ੍ਰਿਸ਼ਟੀ ਵੀ ਇਸ ਪਛਾਣ ਦਾ ਆਧਾਰ ਬਣ ਸਕਦੀ ਹੈ। ਸੋ ਆਧੁਨਿਕ ਚਿੰਤਨ ਦੇ ਇਸ ਵਿਚਾਰਧਾਰਾਈ ਆਧਾਰ ਨੂੰ ਵੀ ਸਮਝਣ ਦੀ ਲੋੜ ਹੈ। ਇਸ ਦੀ ਪਛਾਣ ਜਾਂ ਸਮਝ ਹੋਰ ਸੋਮਿਆਂ ਤੋਂ ਵੀ ਲਈ ਜਾ ਸਕਦੀ ਹੈ ਪਰ, ਕਵਿਤਾ ਦੀ ਆਧੁਨਿਕਤਾ ਦਾ ਨਿਰਣਾ ਕਵਿਤਾ ਦੇ ਪਾਠ ਦੇ ਅੰਦਰਲੇ ਪ੍ਰਸੰਗ ਨਾਲ ਹੀ ਹੋ ਸਕਦਾ ਹੈ। ਸੁਰਜੀਤ ਪਾਤਰ, ਪਾਸ਼ ਜਾਂ ਦੇਵ ਦੀ ਕਵਿਤਾ ਵਿਚ ਭਾਈ ਵੀਰ ਸਿੰਘ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਜਾਂ ਮਧਕਾਲੀ ਕਵਿਤਾ ਨਾਲੋਂ ਭਿੰਨਤਾ ਕੀ ਹੈ, ਇਸਦਾ ਨਿਰਣਾ ਤਾਂ ਸਿਧਾਂਤਕ ਚਰਚਾ ਨਹੀਂ ਕਰ ਸਕਦੀ। ਇਨ੍ਹਾਂ ਦੀ ਕਵਿਤਾ ਦੀ ਟੈਕਸਟ ਹੀ ਕਰੇਗੀ। ਪਰ, ਇਹ ਕੰਮ ਬਹੁਤ ਕਠਨ ਹੈ ਕਿਉਂਕਿ ਇਸ ਲਈ ਕਵਿਤਾ ਦਾ ਸੁਹਿਰਦ ਪਾਠਕ ਬਣਨਾ ਪਵੇਗਾ। ਕਵਿਤਾ ਦੇ ਵਿਦਿਆਰਥੀ ਨੂੰ ਕਵਿਤਾ ਪੜ੍ਹਨ ਦੀ ਯੋਗਤਾ ਪ੍ਰਾਪਤ ਕਰਨੀ ਪਵੇਗੀ।

ਕਵਿਤਾ ਦਾ ਅਧਿਐਨ ਕਵਿਤਾ ਦਾ ਪਾਠ ਕਰਨਾ ਹੈ ਅਤੇ ਕਵਿਤਾ ਦੇ ਅਧਿਆਪਨ ਦਾ ਅਰਥ ਕਵਿਤਾ ਦੇ ਪਾਠਕ ਪੈਦਾ ਕਰਨਾ ਹੈ। ਜੇ ਪਾਠਕ ਤਿਆਰ ਹੋ ਗਏ ਤਾਂ ਸਮਝੋ ਅਧਿਏਤਾ ਤਿਆਰ ਹੋ ਗਏ, ਖੋਜੀ ਤਿਆਰ ਹੋ ਗਏ। ਆਧੁਨਿਕ ਕਵਿਤਾ ਦੇ ਸੰਚਾਰ ਦੀ ਸਮੱਸਿਆ ਕਵਿਤਾ ਪੜ੍ਹਨ ਦੀ ਯੋਗਤਾ ਜਾਂ ਅਯੋਗਤਾ ਨਾਲ ਹੀ ਜੁੜੀ ਹੋਈ ਹੈ। Lyrical Ballads ਦੇ Preface ਵਿਚ ਵਰਡਸਵਰਥ ਨੇ ਕਿਹਾ ਸੀ ਜਦੋਂ ਆਧੁਨਿਕ ਜੀਵਨ ਦੀਆਂ ਵਸਤਾਂ (ਜਿਸ ਤੋਂ ਉਸਦਾ ਅਰਥ Industrial Revolution ਨਾਲ ਆਏ ਸਮਾਜਕ ਪਰਿਵਰਤਨ ਤੋਂ ਸੀ) ਮਨੁੱਖ ਲਈ ਓਨੀਆਂ ਸੁਭਾਵਕ ਹੋ ਜਾਣਗੀਆਂ ਜਿਨੀਆਂ ਪੁਰਾਣੀ ਕਵਿਤਾ ਦੀਆਂ ਮਿਥਾਂ ਤਾਂ ਨਵੀਂ ਕਵਿਤਾ ਨੂੰ ਸਮਝਣ ਅਤੇ ਸੰਚਾਰ ਦੀ ਸਮੱਸਿਆ ਹਲ ਹੋ ਜਾਵੇਗੀ। ਪਰ, ਇੰਜ ਨਹੀਂ ਹੋਇਆ। ਨਾਂ ਤਾਂ ਕੋਈ ਕਵੀ ਹੀ ਵਰਡਸਵਰਥ ਦੇ ਇਸ ਸੰਕੇਤਕ ਗਿਆਨ ਨੂੰ ਪੂਰੀ ਤਰ੍ਹਾਂ ਜਾਣ ਸਕਿਆ ਹੈ ਜਾਂ ਜਾਣ ਸਕਦਾ ਹੈ ਅਤੇ ਨਾ ਹੀ ਸਮਾਜ ਹੀ ਇਸ ਸਮੁੱਚੇ ਪਰਿਵਰਤਨ ਦੀ ਹਾਥ ਪਾ ਸਕਿਆ ਹੈ। ਇਹ ਸ਼ਾਇਦ ਸੰਭਵ ਵੀ ਨਹੀਂ।[2]

---

1. ਉਦਾਤ ਬਾਰੇ, ਪੰਨੇ 7-8

CC-0. In Public Domain. Gurukul Kangri Collection, Haridwar

2. Allen Tate, *Essays of Four Decades*, P-155

Digitized by Arya Samaj Foundation Chennai and eGangotri

ਪਰ ਇਹ ਨਵੀ ਕਵਿਤਾ ਦੀ ਸਮੱਸਿਆ ਵੀ ਨਹੀਂ। ਇਸ ਦੀ ਸਮੱਸਿਆ ਤਾਂ ਇਸ ਵਿਚ ਹੈ ਕਿ ਇਸ ਦੇ ਪਾਠ-ਅਧਿਐਨ ਲਈ ਜਿਸ ਵੱਖਰੇ ਅਨੁਸ਼ਾਸਨ ਦੀ ਲੋੜ ਹੈ, ਉਸ ਲਈ ਅਸੀ ਤਿਆਰ ਨਹੀ। ਇਸ ਕਵਿਤਾ ਦੀਆ ਸਮੱਸਿਆਵਾ ਰੋਮਾਂਚਿਕ ਕਵਿਤਾ ਨਾਲੋਂ ਵੱਖਰੀਆਂ ਹਨ। ਉਹ ਕਵਿਤਾ ਭਾਵੁਕ ਪ੍ਰਤੀਉੱਤਰ ਦੀ ਮੰਗ ਕਰਦੀ ਸੀ। ਪਰ, ਆਧੁਨਿਕ ਕਵਿਤਾ ਦੇ ਪਾਠਕ ਕੋਲੋਂ ਇਸ ਤਰ੍ਹਾਂ ਦੇ ਪ੍ਰਤੀਉੱਤਰ ਦੀ ਆਸ ਨਹੀਂ ਰਖੀ ਜਾ ਸਕਦੀ। ਉਸ ਕਵਿਤਾ ਦੇ ਵਿਸ਼ੇ ਸੀਮਿਤ ਸਨ ਅਤੇ ਉਸਦੀਆਂ ਪਹੁੰਚ ਵਿਧੀਆਂ ਵੀ ਸੀਮਿਤ ਸਨ।

ਪਰ, ਆਧੁਨਿਕ ਕਵਿਤਾ ਦਾ ਵਿਸ਼ਾ ਸੱਮੁਚਾ ਅਨੁਭਵ ਹੈ ਅਤੇ ਪਾਠਕ ਲਈ ਸੰਸਾਰ ਨੂੰ ਸਮਝਣ ਦੀ ਵਿਧੀ ਹੈ। ਕਿਉਂਕਿ ਇਹ ਸੰਸਾਰ ਸਾਰਾ ਖ਼ੂਬਸੂਰਤ ਵੀ ਨਹੀਂ ਅਤੇ ਸਮਝਣਯੋਗ ਵੀ ਨਹੀਂ ਇਸ ਕਰਕੇ ਇਸ ਦੇ ਅਧਿਐਨ ਦੀ ਸਮੱਸਿਆ ਗੰਭੀਰ ਹੋ ਜਾਂਦੀ ਹੈ। ਇਸ ਨੂੰ ਲਿਖਣ ਲਈ ਵੀ ਅਤੇ ਪੜ੍ਹਨ ਲਈ ਵੀ ਸਾਰੀਆਂ ਬੌਧਿਕ ਸ਼ਕਤੀਆਂ ਦੀ ਲੋੜ ਹੈ। ਪਰ, ਕਿਉਂਕਿ ਸਾਡੇ ਅਵਚੇਤਨ ਵਿਚ ਕਿਤੇ ਇਹ ਗੱਲ ਪਈ ਹੋਈ ਹੈ ਕਿ ਕਵਿਤਾ ਉਪਰ ਦਿਮਾਗ ਖਰਚ ਕਰਨ ਦੀ ਲੋੜ ਨਹੀਂ। ਦਿਮਾਗ ਤਾਂ ਦੂਸਰੇ ਵਿਗਿਆਨਕ ਅਨੁਸ਼ਾਸਨਾਂ ਲਈ ਰਾਖਵਾਂ ਹੈ ਅਤੇ ਕਵਿਤਾ ਲਈ ਭਾਵਾਂ ਦੀ ਖੇਡ ਹੀ ਕਾਫ਼ੀ ਹੈ। ਸਾਡੇ ਅਵਚੇਤਨ ਵਿਚ ਪਈ ਇਹ ਧਾਰਨਾ ਆਧੁਨਿਕ ਕਵਿਤਾ ਦੇ ਅਧਿਐਨ, ਅਧਿਆਪਨ ਦੀ ਬਹੁਤ ਵੱਡੀ ਸਮੱਸਿਆ ਹੈ। ਸਾਨੂੰ ਇਸ ਧਾਰਨਾ ਨੂੰ ਬਦਲਨਾ ਪਵੇਗਾ। ਪਰ, ਇਹ ਬਦਲਾਓ ਯੂਨੀਵਰਸਿਟੀ ਪੱਧਰ ਤੋਂ ਵੀ ਬਹੁਤ ਪਹਿਲਾਂ ਲਿਆਉਣਾ ਪਵੇਗਾ, ਸਕੂਲ ਪੱਧਰ ਤੋਂ ਗੱਲ ਸ਼ੁਰੂ ਕਰਨੀ ਪਵੇਗੀ।

ਸਾਡੀ ਸਾਰੀ ਪੜ੍ਹਾਈ ਕਵਿਤਾ ਦੀ ਪੜ੍ਹਾਈ ਦੇ ਸੰਦਰਭ ਵਿਚ ਅਨਪੜ੍ਹ ਪੈਦਾ ਕਰਦੀ ਹੈ। ਜਿਵੇਂ, ਮੈਂ ਉਪਰ ਕਿਹਾ ਹੈ, ਕਵਿਤਾ ਨੂੰ ਪੜ੍ਹਨ ਲਈ ਪਾਠਕ ਦੇ ਸਾਰੇ ਬੌਧਿਕ ਸੋਮਿਆਂ ਦੇ ਸਹਿਯੋਗ ਦੀ ਲੋੜ ਹੈ। ਇਸ ਸੰਸਾਰ ਨਾਲ ਸੰਬੰਧਿਤ ਸਾਰੇ ਗਿਆਨ ਅਤੇ ਚੇਤੰਨਤਾ ਦੀ ਲੋੜ ਹੈ। ਸੰਖੇਪ ਵਿਚ ਇਹ ਕਵਿਤਾ ਪਾਠਕ ਦੀ ਪ੍ਰਭਾਵੀ ਸ਼ਾਮੂਲੀਅਤ ਦੀ ਮੰਗ ਕਰਦੀ ਹੈ। ਪਰ, ਕਵਿਤਾ ਤਾਂ ਸਾਡੇ ਲਈ ਮਨੋਰੰਜਨ ਦਾ ਸਾਧਨ ਹੈ ਜਾਂ ਭਾਵ ਉਤੇਜਨਾ ਦੀ ਵਸਤੂ ਹੈ। ਇਸ ਤੋਂ ਵਧ ਤੋਂ ਵਧ ਭਾਵੁਕ ਪ੍ਰਤੀਕਰਮ ਦੀ ਆਸ ਰਖੀ ਜਾ ਸਕਦੀ ਹੈ।

ਸਾਡੇ ਅਧਿਆਪਨ ਲਈ ਇਹ ਸਮੱਸਿਆ ਹੋਰ ਵੀ ਗੰਭੀਰ ਹੈ। ਇਕ ਤਾਂ ਉਹ ਸਾਹਿਤ ਦੇ ਵਿਦਿਆਰਥੀ ਹਨ ਤੇ ਉਨ੍ਹਾਂ ਕੋਲ ਕਵਿਤਾ ਨੂੰ ਪੜ੍ਹਨ ਦੀ ਯੋਗਤਾ ਨਹੀਂ, ਪਰ ਸਾਡੇ ਕੋਲ ਤਾਂ ਉਹ ਵੀ ਵਿਦਿਆਰਥੀ ਆਉਂਦੇ ਹਨ ਜਿਨ੍ਹਾਂ ਲਈ ਸਾਹਿਤ ਪਹਿਲੀ ਪਸੰਦ ਨਹੀਂ। ਉਹ ਸਾਡੇ ਕੋਲ ਮਜਬੂਰੀ ਵਸ ਆ ਜਾਂਦੇ ਹਨ ਜਾਂ ਅਵਚੇਤਨ ਵਿਚ ਵੱਸੀ ਉਸੇ ਧਾਰਨਾ ਕਾਰਣ ਕਿ ਪੰਜਾਬੀ ਸਾਹਿਤ ਦੀ ਪੜ੍ਹਾਈ ਕਿਹੜਾ ਮੁਸ਼ਕਲ ਕੰਮ ਹੈ। ਸੋ ਸਾਡਾ ਅਧਿਐਨ ਕਾਰਜ ਉਨ੍ਹਾਂ ਨੂੰ ਪਹਿਲਾਂ ਸਾਹਿਤ ਦਾ ਪਾਠਕ ਬਣਾਉਣਾ ਹੈ। ਕਵਿਤਾ ਨੂੰ ਪੜ੍ਹਨ ਦਾ ਉਨ੍ਹਾਂ ਜੋ ਤਰੀਕਾ ਸਿਖਿਆ ਹੈ, ਉਸਨੂੰ ਬਦਲਦਾ ਹੈ ਤਾਂ ਹੀ ਅੱਗੇ ਜਾ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਸਾਹਿਤ-ਅਧਿਐਨ ਦੇ ਯੋਗ ਹੋ ਸਕਣਗੇ।

ਕਵਿਤਾ ਦੇ ਅਧਿਐਨ ਲਈ ਕਈ ਆਲੋਚਨਾ-ਵਿਧੀਆਂ ਦੀ ਗੱਲ ਕੀਤੀ ਜਾਂਦੀ ਹੈ - ਮਾਰਕਸਵਾਦ, ਰੂਪਵਾਦ, ਸੰਰਚਨਾਵਾਦ, ਪਾਰ ਸੰਰਚਨਾਵਾਦ, ਸ਼ੈਲੀ ਵਿਗਿਆਨ, ਚਿਹਨ ਵਿਗਿਆਨ, ਉਥਾਪਨਾ ਵਿਧੀ ਅਤੇ ਇਹ ਸੂਚੀ ਸਾਹਿਤ-ਚਿੰਤਨ ਵਿਚ ਵਾਪਰ ਰਹੀ ਕ੍ਰਾਂਤੀ ਦੇ ਫਲਸਰੂਪ ਹੋ ਰਹੇ ਵਿਕਾਸ ਨਾਲ ਵਧਦੀ ਜਾਵੇਗੀ। ਇਨ੍ਹਾਂ ਨਾਲ ਸਾਂਝ ਪਾਉਣ ਦੀ ਵੀ ਲੋੜ ਹੈ। ਪਰ, ਇਸ ਤੋਂ ਪਹਿਲਾਂ ਕਵਿਤਾ ਦੀ ਪਛਾਣ ਆਉਣੀ ਚਾਹੀਦੀ ਹੈ। ਇਸ ਲਈ ਸਿਖਲਾਈ ਦੀ ਲੋੜ ਹੈ ਅਤੇ ਮੈਨੂੰ ਲਗਦਾ ਹੈ ਕਿ ਸਾਹਿਤ-ਵਿਦਿਆਰਥੀ ਦੀ ਕਾਵਿ-ਅਧਿਐਨ ਦੀ ਸਿਖਲਾਈ ਦਾ ਆਰੰਭ ਅਮਰੀਕੀ ਨਵ-ਆਲੋਚਨਾ ਦੀਆ ਅੰਤਰ-ਦ੍ਰਿਸ਼ਟੀਆਂ ਤੋਂ ਹੀ ਹੋਣਾ ਚਾਹੀਦਾ ਹੈ। ਇਸ ਸੰਬੰਧ ਵਿਚ ਕਲੀਂਥ ਬਰੁਕਸ ਦੀ ਕਵਿਤਾ ਬਾਰੇ ਸਾਧਾਰਣ ਜਿਹੀ ਅੰਤਰ-ਦ੍ਰਿਸ਼ਟੀ ਤੋਂ ਗੱਲ ਸ਼ੁਰੂ ਕੀਤੀ ਜਾ ਸਕਦੀ ਹੈ :

> "Poetry is not merely emotive, therefore, but congnitive. It gives us truth and Characteristically gives its truth through its metaphors."[1]

ਬਰੁਕਸ ਦੇ ਕਾਵਿ-ਸਿਧਾਂਤ ਦੀ ਵਿਸ਼ੇਸ਼ਤਾ ਕਾਵਿ-ਗਿਆਨ ਅਤੇ ਵਿਗਿਆਨ ਵਿਚਾਲੇ ਅੰਤਰ ਹੈ ਅਤੇ ਇਸ ਪ੍ਰਕਾਰ ਦੇ ਚਿੰਤਨ ਦਾ ਆਧਾਰ ਕਾਂਤ ਦਾ ਦਰਸ਼ਨ ਹੈ ਜਿਹੜਾ ਵਿਗਿਆਨ ਦੀ ਮਨੁੱਖੀ ਗਿਆਨ ਨੂੰ ਪੇਸ਼ ਕਰਨ ਦੀ ਸੀਮਾ ਵਲ ਸੰਕੇਤ ਕਰਦਾ ਹੈ। ਕਾਂਤ ਤੋਂ ਪ੍ਰਾਪਤ ਇਸ ਅੰਤਰ-ਦ੍ਰਿਸ਼ਟੀ ਨੂੰ ਹੀ ਨਵ-ਆਲੋਚਨਾ ਨੇ ਵਿਸਤਾਰ ਦਿੱਤਾ :

> "The terms of science are abstrct symbols which do not change under the pressure of context. They are pure (or aspire to be pure) denotations; they are defined in advance. They are not to be wraped into new meanings. But where is the dictionary which contains the terms of a poem?"[2]

ਇਸੇ ਦੇ ਆਧਾਰ ਉਪਰ ਕਵਿਤਾ ਦੀ ਭਾਸ਼ਾ ਅਤੇ ਵਿਗਿਆਨਕ ਅਨੁਸ਼ਾਸਨਾ ਦੀ ਭਾਸ਼ਾ ਵਿਚ ਅੰਤਰ ਕੀਤਾ ਗਿਆ। ਵਿਗਿਆਨ ਦੀ' ਭਾਸ਼ਾ ਅਮੂਰਤਨ ਦੀ ਭਾਸ਼ਾ ਹੈ, ਵਿਸ਼ਲੇਸ਼ਨ-ਮੁੱਖ ਹੈ ਅਤੇ ਇਕ-ਸ਼ਬਦ-ਇਕ ਅਰਥ ਦੇ ਨੇਮ ਦਾ ਪਾਲਨ ਕਰਦੀ ਹੈ, ਪਰ ਇਸਦੇ ਮੁਕਾਬਲੇ ਵਿਚ ਕਾਵਿ-ਭਾਸ਼ਾ ਸਮੂਰਤਨ ਦੀ ਭਾਸ਼ਾ ਹੈ, ਸੰਸਲੇਸ਼ਨ-ਮੁਖ ਹੈ ਅਤੇ ਅਨੇਕਾਰਥੀ ਹੈ। ਕਵਿਤਾ ਦੀ ਗੱਲ ਕਰਦਿਆਂ Ransom, Allen Tate ਜਾਂ ਬਰੁਕਸ ਵਿਗਿਆਨ ਦਾ ਜਿਵੇਂ ਵਿਰੋਧ ਕਰਦੇ ਪ੍ਰਤੀਤ ਹੁੰਦੇ ਹਨ, ਉਹ ਵਿਰੋਧ ਵਿਗਿਆਨਕ-ਗਿਆਨ

1 *Well Wrought Urn*, p-232

2. ਉਹੀ, ਪੰਨਾ 192

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਅਸਵੀਕ੍ਰਿਤੀ ਵਲ ਸੰਕੇਤ ਨਹੀਂ ਕਰਦਾ ਉਸਦੀ ਸੀਮਾ ਵਲ ਸੰਕੇਤ ਕਰਦਾ ਹੈ। ਉਸਦੇ ਗਿਆਨ ਦੀ ਸੰਪੂਰਨਤਾ ਅਗੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਪਰ, ਇਸ ਚਿੰਤਨ ਵਿਚ ਵਿਗਿਆਨ ਅਤੇ ਕਵਿਤਾ ਇਕ ਦੂਜੇ ਦੇ ਪੂਰਕ ਹਨ। ਵਿਗਿਆਨ ਆਪਣੀਆਂ ਸੀਮਾਵਾ ਕਾਰਣ ਜਿਹੜਾ ਗਿਆਨ ਪੇਸ਼ ਕਰਨ ਵਿਚ ਅਸਮਰਥ ਰਹਿੰਦੀ ਹੈ, ਕਾਵਿ ਦੀ ਸਮੂਰਤਨ-ਮੁਖ ਭਾਸ਼ਾ ਉਸਨੂੰ ਸਹਿਜੇ ਹੀ ਪੇਸ਼ ਕਰ ਦੇਂਦੀ ਹੈ। ਜੇ ਪੂਰਨ ਸੱਚ ਤਕ ਪਹੁੰਚਣਾ ਹੈ ਤਾਂ ਵਿਗਿਆਨ ਅਤੇ ਕਾਵਿ ਨੂੰ ਇਕ ਦੂਜੇ ਦੇ ਪੂਰਕ ਸਮਝਣਾ ਪਵੇਗਾ :

> "The poetic act is an act of knowledge. The scientific and aesthetic ways of knowledge should Illuminate each other, perhaps they are alternative knowledges."[1]

ਸੋ ਸਾਹਿਤ ਅਧਿਏਤਾ ਨੇ ਕਵਿਤਾ ਵਿਚ ਪੇਸ਼ ਇਸ ਗਿਆਨ ਤਕ ਪਹੁੰਚਣਾ ਹੈ ਜਿਸਦੀ ਪੇਸ਼ਕਾਰੀ ਏਥੇ ਸਸਰੀਰ ਅਨੁਭਵ ਦੇ ਰੂਪ ਵਿਚ ਹੋਈ ਹੈ। ਇਹ ਕੰਮ ਭਾਸ਼ਾ ਦੇ ਵੱਖਰੇ ਚਰਿਤ੍ਰ ਨੂੰ ਪਛਾਣ ਕੇ ਕੀਤਾ ਜਾ ਸਕਦਾ ਹੈ। ਇਹ ਕਵਿਤਾ ਦੀਆਂ ਆਪਣੀਆਂ ਵਿਸ਼ੇਸ਼ ਜੁਗਤਾਂ ਰਾਹੀਂ ਉਸਦੀ ਸੰਰਚਨਾ ਤਕ ਪਹੁੰਚ ਕੇ ਗਿਆਨ ਪ੍ਰਾਪਤ ਕਰਨ ਦੀ ਵਿਧੀ ਹੈ। ਪਰ, ਇਹ ਵਿਧੀ ਸਾਨੂੰ ਕਿਤਿਓਂ ਵੀ readymade ਨਹੀਂ ਮਿਲ ਸਕਦੀ। ਨਾ ਹੀ ਅਧਿਆਪਕ ਇਨ੍ਹਾਂ ਦੀ ਪਛਾਣ ਕਰਾ ਸਕਦਾ ਹੈ ਕਿਉਂਕਿ ਹਰ ਕਵਿਤਾ ਆਪਣੇ ਆਪ ਵਿਚ ਵਿਲੱਖਣ ਸੰਰਚਨਾ ਦੀ ਸਵਾਮੀ ਹੈ ਅਤੇ ਉਸ ਤਕ ਪਹੁੰਚਣ ਲਈ ਉਸ ਵਿਚੋਂ ਹੀ ਗੁਜ਼ਰਕੇ ਜਾਣਾ ਪਵੇਗਾ। ਇਹ ਰਸਤਾ ਅਭਿਆਸ ਦਾ ਹੈ ਅਤੇ ਅਧਿਆਪਕ ਵਿਦਿਆਰਥੀ ਨੂੰ ਇਸ ਅਭਿਆਸ ਦੇ ਰਾਹੇ ਪਾਉਣ ਦਾ ਜ਼ੁੰਮੇਵਾਰ ਹੈ। ਅੰਤਮ ਤੌਰ ਤੇ ਅਧਿਏਤਾ ਨੂੰ ਆਪ ਹੀ ਪਛਾਣ ਕਰਨੀ ਪਵੇਗੀ। ਗੱਲ ਪੰਜਾਬੀ ਕਵਿਤਾ ਦੇ ਕਾਵਿ-ਸ਼ਾਸਤ੍ਰ ਤੋਂ ਬਾਅਦ ਕਵੀ ਦੇ ਕਾਵਿ-ਸ਼ਾਸਤ੍ਰ ਅਤੇ ਕਵਿਤਾ ਵਿਸ਼ੇਸ਼ ਦੇ ਕਾਵਿ-ਸ਼ਾਸਤ੍ਰ ਦੀ ਤਲਾਸ਼ ਕਰਨ ਦੀ ਹੈ। ਉਧਾਰ ਲਏ ਕਾਵਿ-ਸ਼ਾਸਤ੍ਰਾਂ ਨਾਲ ਅਤੇ ਬਾਹਰੋਂ ਆਰੋਪਿਤ ਕੀਤੀਆਂ ਅਧਿਐਨ ਵਿਧੀਆਂ ਨਾਲ ਅਸੀਂ ਪਰੰਪਰਾਗਤ ਅਧਿਐਨ ਤੋਂ ਕਿਸੇ ਤਰ੍ਹਾਂ ਵੀ ਵੱਖਰਾ ਅਧਿਐਨ ਪੇਸ਼ ਨਹੀਂ ਕਰ ਸਕਦੇ।

ਕਵਿਤਾ ਦੇ ਕਾਵਿ-ਸਾਸਤ੍ਰ ਦੀ ਤਾਲਾਸ਼ ਨਾਲ ਹੀ ਕਵਿਤਾ ਦੇ ਖੋਜ ਕਾਰਜ ਦੀ ਪ੍ਰਕਿਰਿਆ ਦਾ ਸੰਬੰਧ ਹੈ। ਇਸੇ ਨਾਲ ਹੀ ਪੁਰਾਣੀ ਅਤੇ ਨਵੀਂ ਖੋਜ ਵਿਧੀ ਵਿਚਲੇ ਅੰਤਰ ਨੂੰ ਪਛਾਣਿਆ ਜਾ ਸਕਦਾ ਹੈ। ਦੋਵੇਂ ਪ੍ਰਕਾਰ ਦੀਆਂ ਖੋਜ-ਵਿਧੀਆਂ ਦਾ ਪਰਿਚੈ ਦੇਣ ਵਾਲੇ ਖੋਜ-ਪ੍ਰਬੰਧ ਪ੍ਰਾਪਤ ਹਨ ਅਤੇ ਹੁਣ ਵੀ ਤਿਆਰ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚੋਂ ਕੁਝ ਦੀ ਗੱਲ ਹੀ ਮੈਂ ਇਥੇ ਉਦਾਹਰਣ ਦੇ ਰੂਪ ਵਿਚ ਕਰ ਰਿਹਾ ਹਾਂ। ਪੁਰਾਣੀ ਤੇ ਨਵੀਂ ਖੋਜ-ਵਿਧੀ ਵਿਚਾਲੇ ਪ੍ਰਮੁੱਖ ਅੰਤਰ ਅਧਿਐਨ ਵਿਧੀਆਂ ਵਿਚਾਲੇ ਅੰਤਰ ਹੈ। ਪਰ, ਇਕ ਅੰਤਰ ਅਧਿਐਨ ਨਾਲ ਸੰਬੰਧਿਤ ਸੰਕਲਪ-ਚੇਤਨਾ ਦਾ ਵੀ ਹੈ। ਪੁਰਾਣੀ ਸਮੀਖਿਆ ਦੇ

1. John Crowe Ranson, *The New Criticism*, p-294

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਕਾਬਲੇ ਜਦੋਂ ਅੱਜ ਦਾ ਵਿਦਵਾਨ ਨਵੀਆਂ ਅਧਿਐਨ ਵਿਧੀਆਂ ਦੇ ਮੁਹਾਵਰੇ ਵਿਚ ਗੱਲ ਕਰਦਾ ਹੈ ਤਾਂ ਉਹ ਆਪਣੇ ਮੁਹਾਵਰੇ ਤੋਂ ਭਲੀ ਪ੍ਰਕਾਰ ਪਰਿਚਿਤ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਆਧੁਨਿਕ ਕਵਿਤਾ ਦੇ ਅਧਿਐਨ ਨਾਲ ਸੰਬੰਧਿਤ ਮੇਰੇ ਸਾਹਮਣੇ ਦੋ ਖੋਜ-ਪ੍ਰਬੰਧ ਹਨ– ਡਾ. ਦਵਿੰਦਰ ਕੌਰ ਦਾ 'ਵੀਰ ਸਿੰਘ-ਕਾਵਿ ਦਾ ਰੂਪ ਵਿਗਿਆਨਕ ਅਧਿਐਨ', ਅਤੇ ਡਾ. ਸੁਤਿੰਦਰ ਸਿੰਘ ਨੂਰ ਦਾ 'ਮੋਹਨ ਸਿੰਘ ਦਾ ਕਾਵਿ-ਜਗਤ'। ਇਹ ਆਧੁਨਿਕ ਕਵਿਤਾ ਨਾਲ ਸੰਬੰਧਿਤ ਆਦਰਸ਼ ਸ਼ੋਧ-ਪ੍ਰਬੰਧ ਹੋਣ ਇਹ ਕੋਈ ਜ਼ਰੂਰੀ ਨਹੀਂ, ਪਰ ਇਹ ਦੋਵੇਂ ਖੋਜ-ਪ੍ਰਬੰਧ ਆਪਣੇ ਅਧਿਐਨ-ਵਿਸ਼ੇ ਦੀ ਪਛਾਣ ਦੇ ਸੂਚਕ ਹਨ, ਆਪਣੀਆਂ ਅਧਿਐਨ ਵਿਧੀਆਂ ਦੀ ਤਾਲਾਸ਼ ਕਰਦੇ ਹਨ ਅਤੇ ਆਪਣੇ ਅਧਿਐਨ ਲਈ ਮਾਡਲ ਦੀ ਸਿਰਜਣਾ ਕਰਦੇ ਜਾਂ ਕਰਨ ਦਾ ਯਤਨ ਕਰਦੇ ਹਨ। ਡਾ. ਦਵਿੰਦਰ ਕੌਰ ਆਪਣੇ ਅਧਿਐਨ-ਵਿਸ਼ੇ ਪ੍ਰਤੀ ਚੇਤੰਨ ਹੈ। ਰੂਪ ਵਿਗਿਆਨਕ ਅਧਿਐਨ ਨੂੰ ਉਹ ਰੂਪਵਾਦੀ ਅਧਿਐਨ ਤੋਂ ਨਿਖੇੜਦੀ ਹੈ। ਉਹ ਲਿਖਦੀ ਹੈ :

> 'ਰੂਪ ਵਿਗਿਆਨ' ਦਾ ਸੰਬੰਧ ਕਿਸੇ ਵਾਦ ਨਾਲ ਨਹੀਂ, ਇਹ ਤਾਂ ਰਚਨਾ ਦਾ ਸਾਹਿਤਕ ਅਧਿਐਨ ਕਰਨ ਦੀ ਇਕ ਵਿਧੀ ਹੈ। ਇਸ ਵਿਧੀ ਨੂੰ ਅਸੀਂ 'ਰੂਪਵਾਦ', 'ਪਰਾਗ ਸਰਕਲ ਦੇ ਭਾਸ਼ਾ-ਵਿਗਿਆਨ', 'ਸੌਸਿਊਰ ਦੇ ਭਾਸ਼ਾ ਵਿਗਿਆਨ', ਸੰਰਚਨਾਵਾਦ ਅਤੇ 'ਸੰਰਚਨਾ-ਵਾਦੀ ਮਾਰਕਵਾਦ' ਆਦਿ ਨਾਲ ਸੰਬੰਧਿਤ ਨਵੀਆਂ ਵਿਆਖਿਆਵਾਂ ਵਿਚੋਂ ਗ੍ਰਹਿਣ ਕਰਨ ਦਾ ਯਤਨ ਕੀਤਾ ਹੈ। ਅਧਿਐਨ ਦੇ ਇਨ੍ਹਾਂ ਭਿੰਨ ਭਿੰਨ ਸਕੂਲਾਂ ਵਿਚ ਅਸੀਂ ਜਿਹੜੀ ਸਾਝ ਪਛਾਣੀ ਹੈ, ਉਸਦਾ ਨਾ ਰੂਪ-ਵਿਗਿਆਨ ਰਖਿਆ ਹੈ....
>
> ਅਸੀਂ ਇਤਿਹਾਸਕ ਸਮੀਖਿਆ ਨਾਲੋਂ ਵਿਗਿਆਨਕ ਸਮੀਖਿਆ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਤਿਹਾਸਕ ਸਮੀਖਿਆ ਜ਼ਿਆਦਾਤਰ 'ਵਸਤੂ' ਅਤੇ 'ਰੂਪ' ਦੇ ਦਵੈਤੀ ਰਿਸ਼ਤੇ ਉਪਰ ਆਧਰਿਤ ਹੈ। ਅਸੀਂ ਵੀਰ ਸਿੰਘ-ਕਾਵਿ ਨੂੰ 'ਵਸਤੂ' ਅਤੇ 'ਰੂਪ' ਦੀ ਅਦ੍ਵੈਤ ਵਿਚ ਪਛਾਣਨ ਦਾ ਯਤਨ ਕੀਤਾ ਹੈ।[1]

ਆਪਣੇ ਇਸ manifesto ਉਪਰ ਡਾ. ਦਵਿੰਦਰ ਕੌਰ ਕਿੰਨੀ ਕੁ ਪੂਰੀ ਉਤਰਦੀ ਹੈ, ਇਹ ਦੂਸਰਾ ਪ੍ਰਸ਼ਨ ਹੈ ਅਤੇ ਕਿਸੇ ਹੋਰ ਪੱਤਰ ਦਾ ਵਿਸ਼ਾ ਹੋ ਸਕਦਾ ਹੈ। ਪਰ, ਇਸ ਚੇਤੰਨਤਾ ਦਾ ਪਰਿਚੈ ਦੇਣ ਦਾ ਵੀ ਆਪਣਾ ਮਹੱਤਵ ਹੈ। ਇਥੋਂ ਦੋ ਗੱਲਾਂ ਦਾ ਪਤਾ ਚਲਦਾ ਹੈ। ਇਕ ਤਾਂ ਇਹ ਕਿ ਇਸ ਅਧਿਐਨ ਦੀ ਦਿਸ਼ਾ ਸਾਹਿਤਿਕਤਾ ਦੀ ਪਛਾਣ ਵਲ ਹੋਣੀ ਚਾਹੀਦੀ ਹੈ - ਇਹ ਸਾਹਿਤਕ ਅਧਿਐਨ ਦੀ ਵਿਧੀ ਹੈ ਅਤੇ ਦੂਜਾ ਇਹ

1. *ਵੀਰ ਸਿੰਘ-ਕਾਵਿ ਦਾ ਰੂਪ-ਵਿਗਿਆਨਕ ਅਧਿਐਨ* (ਆਦਿਕਾ) ਪੰਨਾ-ਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਕਵਿਤਾ ਦਾ ਚਰਿਤ੍ਰ ਅਦ੍ਵੈਤੀ ਹੁੰਦਾ ਹੈ। ਇਹ ਕਵਿਤਾ ਦੇ ਖੋਜੀ ਲਈ ਬਹੁਤ ਮਹੱਤਵ ਵਾਲੀਆਂ ਅੰਤਰ-ਦ੍ਰਿਸ਼ਟੀਆਂ ਹਨ।

ਡਾ. ਸੁਤਿੰਦਰ ਸਿੰਘ ਨੂਰ ਦਾ ਥੀਸਿਸ ਮੋਹਨ ਸਿੰਘ ਦੇ ਕਾਵਿ-ਜਗਤ ਦੀ ਪਛਾਣ ਵਲ ਰੁਚਿਤ ਹੈ ਅਤੇ ਇਸ ਪਛਾਣ ਲਈ ਉਹ ਮੋਹਨ ਸਿੰਘ ਦੀਆਂ ਕਾਵਿ-ਰਚਨਾਵਾਂ ਦੇ ਪਾਠ (text) ਨੂੰ ਕੇਂਦਰ ਵਿਚ ਰਖਕੇ ਉਸਦੀਆਂ ਮੂਲ-ਇਕਾਈਆਂ ਦੀ ਪਛਾਣ ਤੋਂ ਅਧਿਐਨ-ਯਾਤ੍ਰਾ ਆਰੰਭ ਕਰਦਾ ਹੈ। ਹੁਣ ਇਹ ਆਪਣੇ ਆਪ ਵਿਚ ਬਹੁਤ ਮਹੱਤਵਪੂਰਨ ਗੱਲ ਹੈ ਕਿ ਤੁਸੀਂ ਇਧਰੋਂ ਓਧਰੋਂ ਸਿਧਾਂਤ ਲੈ ਕੇ ਘਟਾਉਣ-ਵਿਧੀ ਦੀ ਬਜਾਏ ਟੈਕਸਟ ਦੇ ਰੂਬਰੂ ਹੋ। ਇਸ ਤਰ੍ਹਾਂ ਅਧਿਐਨ ਕਰਦਿਆਂ ਜਦੋਂ ਉਹ ਮੋਹਨ ਸਿੰਘ-ਕਾਵਿ ਸੰਬੰਧੀ ਨਿਰਣਿਆਂ ਤਕ ਪੁੱਜਦਾ ਹੈ ਪੁਰਾਣੇ ਨਿਰਾਣੇ ਨਾਕਾਰੇ ਜਾਂਦੇ ਹਨ ਅਤੇ ਨਾਲ ਹੀ ਪੁਰਾਣੀ ਅਧਿਐਨ-ਵਿਧੀ ਵੀ ਨਾਕਾਰੀ ਜਾਂਦੀ ਹੈ ਜਿਹੜੀ ਕਿਸੇ ਨੂੰ ਕੁਝ ਵੀ ਸਿੱਧ ਕਰਨ ਦੀ ਸਮਰਥਾ ਰਖਦੀ ਸੀ। ਡਾ. ਨੂਰ ਮੋਹਨ ਸਿੰਘ-ਕਾਵਿ ਦੇ ਪ੍ਰਗਤੀਵਾਦ ਦੀ ਮਿੱਥ ਅੱਗੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ :

> "ਇਉਂ ਮੋਹਨ ਸਿੰਘ ਪ੍ਰਗਤੀਵਾਦੀ ਕਵਿਤਾ ਨੂੰ ਇਕ ਸਿਸਟਮ (ਜਿਸ ਵਿਚ ਸਮਾਜਕ-ਸੰਰਚਨਾ ਤੇ ਕਾਵਿ-ਸੰਰਚਨਾ ਦਾ ਤਾਲ ਮੇਲ ਸੰਯੁਕਤੀ ਦੀ ਪੱਧਰ ਤੇ ਪੇਸ਼ ਹੁੰਦਾ ਹੈ) ਦੇ ਤੌਰ ਤੇ ਗ੍ਰਹਿਣ ਕਰਨ ਤੋਂ ਅਸਮਰਥ ਰਹਿੰਦਾ ਹੈ ਤੇ ਉਪਰੋਕਤ ਮੂਲ ਇਕਾਈਆਂ ਉਸਦੀ ਕਥਿਤ ਪ੍ਰਗਤੀਵਾਦੀ ਕਵਿਤਾ ਨੂੰ ਅੰਦਰੋਂ ਖੰਡਿਤ ਕਰਦੀਆਂ ਹਨ। ਉਨ੍ਹਾਂ ਸਦਕਾ ਸੁਚੇਤ ਉਸਾਰਿਆ ਜਗਤ ਖੰਡਿਤ ਵੀ ਹੁੰਦਾ ਹੈ ਤੇ ਰੋਮਾਨੀਅਤ ਤੋਂ ਅਗੇਰੇ ਵਧਣ ਤੋਂ ਅਸਮਰਥ ਹੈ।"[1]

ਅਤੇ ਇਸ ਪ੍ਰਕਾਰ ਡਾ. ਨੂਰ ਕਵਿਤਾ ਦੇ ਪਾਠ-ਅਧਿਐਨ ਤੋਂ ਉਸ ਪਿੱਛੇ ਕੰਮ ਕਰਕੇ ਸਮੁੱਚੇ ਸਿਸਟਮ ਦੀ ਪਛਾਣ ਤੋਂ ਬਾਅਦ ਨਿਰਣੇ ਉਪਰ ਪੁੱਜਦਾ ਹੈ। ਇਹ ਮਹੱਤਵਪੂਰਨ ਹੈ। ਪਰ, ਜੇ ਗੱਲ ਕਾਵਿ-ਪਾਠ ਦੀ ਨਾ ਕਰਨੀ ਹੁੰਦੀ ਜਾਂ ਉਸ ਬਾਰੇ ਪ੍ਰਗਤੀਵਾਦ ਦੀ ਮਿੱਥ ਨੂੰ ਸਵੀਕਾਰ ਕਰਕੇ ਅਧਿਐਨ ਕੀਤਾ ਜਾਂਦਾ ਤਾਂ ਮੋਹਨ ਸਿੰਘ ਦਾ ਕਾਵਿ-ਸੰਸਾਰ ਪ੍ਰਗਤੀਵਾਦੀ ਕਾਵਿ-ਸੰਸਾਰ ਸੀ। ਗੱਲ ਕਾਵਿ-ਸ਼ਾਸਤ੍ਰੀ ਅਤੇ ਕਾਵਿ-ਬਾਹਰੀ ਅਧਿਐਨ ਵਿਧੀ ਦੀ ਹੈ। ਇਸ ਤੋਂ ਵੀ ਵੱਧ ਕਾਵਿ-ਕਿਰਤ ਨੂੰ ਅਧਿਐਨ ਦੀ ਵਸਤੂ ਮੰਨ ਕੇ ਉਸਦੇ ਚਰਿਤ੍ਰ ਦੀ ਪਛਾਣ ਕਰਨ ਦੀ ਗੱਲ ਹੈ। ਇਥੇ ਹੀ ਪੁਰਾਣੀ ਸਮੀਖਿਆ ਨਵੀ ਅਧਿਐਨ ਵਿਧੀ ਨਾਲੋਂ ਨਿੱਖੜ ਜਾਂਦੀ ਹੈ। ਸਾਹਿਤਕ-ਕਿਰਤ ਅਧਿਐਨ ਦੀ ਵਸਤੂ ਪਹਿਲਾਂ ਵੀ ਸੀ, ਪਰ ਅਧਿਏਤਾ ਉਸ ਵਿਚ ਪ੍ਰਵੇਸ਼ ਪੂਰਵ ਨਿਰਣਿਆਂ ਨੂੰ ਲੈ ਕੇ ਕਰਦਾ ਸੀ, ਉਨ੍ਹਾਂ ਨੂੰ ਉਹ ਸੱਚੇ ਜਾਂ ਝੂਠੇ ਸਿੱਧ ਕਰਦਾ ਸੀ। ਇਸ ਕਾਰਜ ਲਈ ਕਾਵਿ-ਪਾਠ ਨਾਲ ਸਾਂਝ ਪਾਉਣ ਦੀ ਲੋੜ ਨਹੀਂ ਸੀ ਕੁਝ ਕੁ ਕਾਵਿ ਟੋਟਿਆਂ ਨਾਲ ਹੀ ਕੰਮ ਸਾਰਿਆ ਜਾ ਸਕਦਾ ਸੀ ਅਤੇ

1. *ਮੋਹਨ ਸਿੰਘ ਦਾ ਕਾਵਿ-ਜਗਤ*, ਪੰਨਾ 65

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਵਿ-ਟੋਟਿਆ ਤਕ ਵੀ ਜਾਣ ਦੀ ਲੋੜ ਨਹੀਂ ਸੀ ਕਾਵਿ-ਬਾਹਰੇ ਵੇਰਵਿਆ ਨਾਲ ਵੀ ਨਿਰਣੇ ਪ੍ਰਾਪਤ ਕੀਤੇ ਜਾ ਸਕਦੇ ਸਨ। ਇਸ ਤਰ੍ਹਾ ਦਾ ਇਕ ਥੀਸਿਸ ਵੀ ਮੇਰੇ ਧਿਆਨ ਵਿਚ ਆ ਰਿਹਾ ਹੈ।

ਮਿਸਾਲ ਦੇ ਤੌਰ ਤੇ ਡਾ ਤ੍ਰਿਲੋਕ ਸਿੰਘ ਆਨੰਦ ਦਾ ਥੀਸਿਸ ਹੈ - 'ਕਵੀ ਪੂਰਨ ਸਿੰਘ : ਇਕ ਆਲੋਚਨਾਤਮਕ ਅਧਿਐਨ।' ਇਸ ਸੋਧ-ਪ੍ਰਬੰਧ ਦੇ ਛੇ ਅਧਿਆਇ ਹਨ। ਪਹਿਲੇ ਤਿੰਨ ਅਧਿਆਇ ਪੂਰਨ ਸਿੰਘ ਦੀ ਜੀਵਨੀ, ਉਸਦਾ ਯੁਗ ਅਤੇ ਜੀਵਨ ਦਰਸ਼ਨ ਨਾਲ ਸੰਬੰਧਿਤ ਹਨ। ਅੰਤਲੇ ਤਿੰਨ ਅਧਿਆਇ ਪੂਰਨ ਸਿੰਘ ਦੀਆਂ ਕਾਵਿ-ਪ੍ਰਵਿਰਤੀਆਂ, ਕਾਵਿ-ਕਲਾ ਅਤੇ ਉਸਦੀ ਪੰਜਾਬੀ ਸਾਹਿਤ ਨੂੰ ਦੇਣ ਨਾਲ ਸੰਬੰਧਿਤ ਹਨ। ਖੋਜੀ ਨੇ ਪੂਰਨ ਸਿੰਘ ਦੀ ਜੀਵਨੀ ਬਾਰੇ ਵੀ ਅਤੇ ਕਵਿਤਾ ਬਾਰੇ ਵੀ ਕਿਸੇ ਪੂਰਬ-ਨਿਰਣੇ ਉਪਰ ਕਿੰਤੂ ਨਹੀਂ ਕੀਤਾ। ਬਸ, ਜਿਉਂ ਦਾ ਤਿਉਂ ਲਿਆ ਹੈ ਅਤੇ ਉਦਾਹਰਣਾ ਨਾਲ ਦ੍ਰਿੜ ਕਰਵਾ ਦਿੱਤਾ ਹੈ। ਪਹਿਲੇ ਤਿੰਨ ਅਧਿਆਇ ਤਾਂ ਸਪਸ਼ਟ ਸਾਹਿਤ-ਬਾਹਰੇ ਅਧਿਐਨ ਨਾਲ ਸੰਬੰਧਿਤ ਹਨ ਅਤੇ ਖੋਜੀ ਦੀ ਕਾਵਿ-ਅਧਿਐਨ ਤੋਂ ਪਲਾਇਨ ਦੀ ਰੁਚੀ ਦਾ ਪਰਿਚੈ ਦੇਂਦੇ ਹਨ। ਖੋਜੀ ਦੀ ਸਭ ਤੋਂ ਮਹਤਵਪੂਰਨ ਧਾਰਨਾ 'ਕਵੀ ਦੀ ਮਹਾਨਤਾ' ਨਾਲ ਸੰਬੰਧਿਤ ਹੈ। ਇਸ ਧਾਰਣਾ ਤੋਂ ਬਾਅਦ ਕਾਵਿ-ਵਿਸ਼ਲੇਸ਼ਣ ਦੀ ਲੋੜ ਕਿੱਥੇ ਰਹਿ ਜਾਂਦੀ ਹੈ। ਸ਼ੋਧ-ਪ੍ਰਬੰਧ ਦੇ ਅੰਤਮ ਤਿੰਨ ਅਧਿਆਇ ਵੀ ਕਾਵਿ-ਅਧਿਐਨ ਵਲ ਰੁਚਿਤ ਨਹੀਂ। ਪੂਰਵ-ਪ੍ਰਾਪਤ ਨਿਰਣਿਆਂ ਜਿਵੇਂ ਕਵੀ ਦੇ ਰਹੱਸਾਤਮਕ ਅਨੁਭਵ, ਰੁਮਾਂਸਵਾਦ, ਪੰਜਾਬੀਅਤ, ਪ੍ਰਕਿਰਤੀ ਚਿਤ੍ਰਣ ਆਦਿ ਨੂੰ ਕਾਵਿ-ਟੂਕਾਂ ਦੀ ਸਹਾਇਤਾ ਨਾਲ ਦ੍ਰਿੜ ਕਰਾਉਣ ਵਲ ਰੁਚਿਤ ਹਨ। ਉਦਾਹਰਣ ਲਈ ਰੋਮਾਂਸਵਾਦੀ ਸਾਹਿਤ ਦੀਆਂ ਕੁਝ ਪੂਰਵ-ਨਿਸ਼ਚਿਤ ਵਿਸ਼ੇਸ਼ਤਾਵਾਂ ਜਿਵੇਂ ਸੁਤੰਤਰਤਾ ਦੀ ਭਾਵਨਾ, ਪਿਆਰ ਭਾਵਨਾ, ਪ੍ਰਕਿਰਤੀ ਵਲ ਝੁਕਾ, ਪਰਾਸਰੀਰਕਤਾ, ਰਹੱਸ ਭਾਵਨਾ ਆਦਿ ਨੂੰ ਦ੍ਰਿੜ ਕਰਾਉਣ ਵਾਲੀਆਂ ਟੂਕਾਂ ਪੇਸ਼ ਕਰ ਦਿੱਤੀਆਂ ਗਈਆਂ ਹਨ। ਇਸ ਪ੍ਰਕਾਰ ਦੀ ਘਟਾਉਣ-ਵਿਧੀ ਰਾਹੀਂ ਕਿਸੇ ਨੂੰ ਕੁਝ ਵੀ ਸਿੱਧ ਕੀਤਾ ਜਾ ਸਕਦਾ ਹੈ। ਪਰ, ਇਹ ਖੋਜ ਦਾ, ਅਧਿਐਨ ਦਾ ਰਾਹ ਨਹੀਂ। ਇਸ ਪ੍ਰਕਾਰ ਦੇ ਅਧਿਐਨ ਲਈ ਕਿਸੇ ਕਾਵਿ-ਸ਼ਾਸਤ੍ਰ ਦੀ ਲੋੜ ਨਹੀਂ, ਕਿਸੇ ਅੰਤਰ-ਦ੍ਰਿਸ਼ਟੀ ਦੀ ਲੋੜ ਨਹੀਂ। ਪਰ, ਇਹ ਕਾਵਿ-ਅਧਿਐਨ ਵੀ ਨਹੀਂ। ਪਰ, ਇਸ ਤਰ੍ਹਾਂ ਦੇ ਅਧਿਐਨ ਵੀ ਹੋ ਰਹੇ ਹਨ। ਇਸ ਦਾ ਕਾਰਣ ਕੀ ਹੈ?

ਖੋਜ ਕਾਰਜ ਵਿਚ ਪ੍ਰਵਿਰਤ ਹੋਣ ਤੋਂ ਪਹਿਲਾਂ ਖੋਜੀ ਕੋਲ ਕਾਵਿ ਦੀਆਂ ਅਧਿਐਨ-ਵਿਧੀਆਂ ਦਾ ਭਰੋਸੇਯੋਗ ਗਿਆਨ ਹੋਣਾ ਚਾਹੀਦਾ ਹੈ ਅਤੇ ਉਸਨੂੰ ਕਾਵਿ-ਅਧਿਐਨ ਦੀਆਂ ਭਾਰਤੀ ਅਤੇ ਪੱਛਮੀ ਪਰੰਪਰਾਵਾਂ ਬਾਰੇ ਵੀ ਜਾਣਕਾਰੀ ਹੋਣੀ ਚਾਹੀਦੀ ਹੈ। ਪਰ, ਪੱਛਮੀ ਪਰੰਪਰਾ ਦੇ ਗਿਆਨ ਲਈ ਜੇ ਫਰੈਂਚ, ਜਰਮਨ, ਯੂਨਾਨੀ ਆਦਿ ਮੂਲ ਭਾਸ਼ਾਵਾਂ ਦਾ ਗਿਆਨ ਨਾ ਵੀ ਹੋਵੇ ਤਾਂ ਅੰਗ੍ਰੇਜ਼ੀ ਵਿਚ ਇਸ ਗਿਆਨ ਨੂੰ ਗ੍ਰਹਿਣ ਕਰਨ ਦੀ ਯੋਗਤਾ ਉਸ ਵਿਚ ਹੋਣੀ ਬਹੁਤ ਜ਼ਰੂਰੀ ਹੈ ਅਤੇ ਭਾਰਤੀ ਪਰੰਪਰਾ [illegible] ਸੰਸਕ੍ਰਿਤ ਪਰੰਪਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ. ਪਰ ਹਿੰਦੀ ਰਾਹੀ ਵੀ ਅਸੀ ਇਸ ਗਿਆਨ ਨਾਲ ਸਾਂਝ ਪਾ ਸਕਦੇ ਹਾਂ। ਪਰ ਸਾਡੇ ਬਹੁਤੇ ਵਿਦਿਆਰਥੀ ਇਨ੍ਹਾਂ ਪਰੰਪਰਾਵਾਂ ਨਾਲ ਆਪ ਸਿੱਧੇ ਸਾਂਝ ਪਾ ਸਕਣ ਦੇ ਯੋਗ ਨਹੀ ਹੁੰਦੇ। ਜੋ ਅਧਿਆਪਕ ਨੇ ਕਲਾਸ ਵਿਚ ਪੜ੍ਹਾ ਦਿੱਤਾ, ਜਾਂ ਪੰਜਾਬੀ ਵਿਚ ਜੋ ਥੋੜਾ ਬਹੁਤ ਮਿਲ ਜਾਵੇ, ਉਨੇ ਨਾਲ ਹੀ ਸਾਡੇ ਵਿਦਿਆਰਥੀ ਸਬਰ ਕਰ ਲੈਂਦੇ ਹਨ। ਇਸ ਹਾਲਤ ਵਿਚ ਜੇ ਨਵੀਆਂ ਅਧਿਐਨ-ਵਿਧੀਆਂ ਦਾ ਭਰੋਸੇ-ਯੋਗ ਗਿਆਨ ਪ੍ਰਾਪਤ ਹੋਵੇ ਤਾਂ ਕਿਵੇ ਹੋਵੇ ਤੇ ਇਸ ਦੀ ਅਣਹੋਂਦ ਵਿਚ ਜੋ ਖੋਜ-ਕਾਰਜ ਹੋਵੇਗਾ ਉਸਦੀ ਪ੍ਰਮਾਣਿਕਤਾ ਯਕੀਨੀ ਕਿਵੇਂ ਹੋ ਸਕਦੀ ਹੈ?

ਫਿਰ ਦੋਸ਼ ਅਧਿਆਪਨ ਦਾ ਵੀ ਹੈ ਅਤੇ ਸਿਸਟਮ ਦਾ ਵੀ। ਜਿਥੇ ਸੈਮਿਸਟਰ ਸਿਸਟਮ ਹੈ, ਉਥੇ ਤਾਂ ਅਧਿਐਨ ਲਈ ਜਰੂਰੀ ਸੰਦਰਭਾ ਦੇ ਵਿਸਤ੍ਰਿਤ ਗਿਆਨ ਲਈ ਵਕਤ ਹੀ ਨਹੀਂ ਹੁੰਦਾ। ਮਿਸਾਲ ਵਜੋਂ ਕਵਿਤਾ ਦੇ ਪਰਚੇ ਦੇ ਅਧਿਆਪਨ ਸਮੇਂ ਪੰਜਾਬੀ ਕਵਿਤਾ ਦੀ ਸਮੁੱਚੀ ਪਰੰਪਰਾ ਬਾਰੇ ਹਲਕੀ ਜਿਹੀ ਜਾਣਕਾਰੀ ਹੀ ਦਿੱਤੀ ਜਾ ਸਕਦੀ ਹੈ। ਪਰੀਖਿਆ ਦੀਆਂ ਮਜਬੂਰੀਆਂ ਨੂੰ ਧਿਆਨ ਵਿਚ ਰਖਦਿਆਂ ਪਾਠ-ਕ੍ਰਮ ਵਿਚ ਸ਼ਾਮਿਲ ਕਵੀਆਂ ਬਾਰੇ ਹੀ ਜਾਂ ਉਨ੍ਹਾਂ ਦੀਆਂ ਸੰਬੰਧਿਤ ਪੁਸਤਕਾਂ ਬਾਰੇ ਹੀ ਗੱਲ ਹੋ ਸਕਦੀ ਹੈ ਅਤੇ ਉਹ ਵੀ ਬਹੁਤ ਸੀਮਿਤ।

ਅਧਿਆਪਨ ਅਤੇ ਕਾਵਿ-ਅਧਿਐਨ ਦੀਆਂ ਲੋੜਾਂ ਵਿਚ ਖੱਪੇ ਰਹਿ ਜਾਂਦੇ ਹਨ। ਇਸ ਕਰਕੇ ਖੋਜ ਵਲ ਆਉਣ ਤੋਂ ਪਹਿਲਾਂ ਇਨ੍ਹਾਂ ਖੱਪਿਆ ਨੂੰ ਭਰਨਾ ਬਹੁਤ ਜ਼ਰੂਰੀ ਹੈ। ਇਹੋ ਕਾਰਣ ਹੈ ਕਿ ਜਿਸ ਸਿਸਟਮ ਵਿਚ ਅਸੀਂ ਕੰਮ ਕਰ ਰਹੇ ਹਾਂ ਇਥੇ ਅਧਿਐਨ, ਅਧਿਆਪਨ ਨਾਲ ਸੰਬੰਧਿਤ Workshops ਅਤੇ ਸੈਮੀਨਾਰਾਂ ਦੀ ਅਹਿਮੀਅਤ ਵਧ ਜਾਂਦੀ ਹੈ।

ਖੋਜ ਦੇ ਮਿਆਰ ਜੇ ਕਾਇਮ ਕਰਨੇ ਹਨ ਤਾਂ ਖੋਜ-ਵਿਦਿਆਰਥੀ ਦੀ ਚੋਣ ਲਈ ਵੀ ਥੋੜੇ ਸਖ਼ਤ ਹੋਣਾ ਪਵੇਗਾ। ਸਿਰਫ ਭਾਸ਼ਾ-ਪਿਆਰ ਨਾਲ ਸਮੱਸਿਆ ਹਲ ਨਹੀਂ ਹੋ ਸਕਦੀ। ਸਾਡੇ ਕੋਲ ਖੋਜ ਲਈ ਜਿਹੜੇ ਵਿਦਿਆਰਥੀ ਆਉਂਦੇ ਹਨ ਉਹ ਸੰਭਾਵਿਤ ਨਿਗਰਾਨ ਕੋਲੋਂ ਪੁਛੱਦੇ ਹਨ - ਸਰ, ਖੋਜ ਲਈ ਟਾਪਿਕ ਦਸੋ। ਸਾਹਿਤ ਦਾ ਕੋਈ ਪਰਿਪੇਖ ਨਾ ਹੋਣ ਕਾਰਣ ਹੀ ਉਹ ਟਾਪਿਕ ਬਾਰੇ ਆਪ ਨਿਰਣਾ ਨਹੀਂ ਕਰ ਸਕਦੇ। ਮੇਰੀ ਦ੍ਰਿਸ਼ਟੀ ਵਿਚ ਜਿਹੜਾ ਵਿਦਿਆਰਥੀ ਟਾਪਿਕ ਬਾਰੇ ਨਿਸ਼ਚੇ ਦੀ ਸਥਿਤੀ ਵਿਚ ਹੈ, ਉਹ ਅਜੇ ਖੋਜ-ਕਾਰਜ ਲਈ ਤਿਆਰ ਨਹੀਂ। ਉਸ ਨੂੰ ਹੋਰ ਪੜ੍ਹਨ ਲਈ ਕਿਹਾ ਜਾਣਾ ਚਾਹੀਦਾ ਹੈ। ਉਹ ਨਿਠ ਕੇ ਪੜ੍ਹੇਗਾ ਤਾਂ ਵਿਸ਼ਾ ਆਪਣੇ ਆਪ ਉਸ ਤਕ ਪਹੁੰਚ ਜਾਵੇਂਗਾ। ਕਿਹਾ ਜਾਂਦਾ ਹੈ ਕਿ ਖੋਜ-ਅਧਿਐਨ ਦੀ ਸਥਿਤੀ ਵਿਆਹ ਵਰਗੀ ਹੋਣੀ ਚਾਹੀਦੀ ਹੈ, ਆਦਮੀ ਨੂੰ ਆਪਣੇ ਮਨ ਦਾ ਆਪ ਪਤਾ ਹੋਣਾ ਚਾਹੀਦਾ ਹੈ। ਪਰ, ਸਾਡੇ ਤਾਂ ਵਿਆਹ ਦੀ ਸਥਿਤੀ ਵਿਚ ਵੀ ਮਨ ਬਾਰੇ ਪਤਾ ਹੋਣਾ ਜ਼ਰੂਰੀ ਨਹੀਂ ਸਮਝਿਆ ਜਾਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤ ਵਿਚ ਮੈਂ ਕਹਾਂਗਾ ਕਿ ਪ੍ਰਮਾਣਿਕ ਕਾਵਿ-ਅਧਿਐਨ ਅਤੇ ਖੋਜ ਲਈ ਪ੍ਰਮਾਣਿਕ ਯੋਗਤਾ ਦੀ ਲੋੜ ਹੈ ਅਤੇ ਇਹ ਅਧਿਆਪਨ ਦੀ ਜ਼ੁੰਮੇਵਾਰੀ ਹੈ ਕਿ ਉਹ ਕਵਿਤਾ ਦੇ ਵਿਦਿਆਰਥੀਆਂ ਵਿਚ ਇਹ ਯੋਗਤਾ ਪੈਦਾ ਕਰੇ। ਇਹ ਬਹੁਤ ਕਠਨ ਕੰਮ ਹੈ। ਪਰ. ਇਹੀ ਤਾਂ ਵਿਚਾਰਨ ਦੀ ਲੋੜ ਹੈ ਕਿ ਇਹ ਕਠਨ ਕੰਮ ਆਸਾਨ ਕਿਵੇਂ ਹੋ ਸਕਦਾ ਹੈ। ਇਸ ਕਰਕੇ ਆਓ ਇਹ ਵਿਚਾਰੀਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਵੀਰ ਸਿੰਘ ਅਤੇ ਪੂਰਨ ਸਿੰਘ-ਕਾਵਿ : ਤੁਲਨਾਤਮਕ ਅਧਿਐਨ

ਭਾਈ ਵੀਰ ਸਿੰਘ ਅਤੇ ਪੂਰਨ ਸਿੰਘ ਸਮਕਾਲੀ ਕਵੀ ਹਨ। ਆਪਣੇ ਸਮੇਂ ਵਿਚ ਭਾਈ ਵੀਰ ਸਿੰਘ ਬਹੁਤ ਸਤਿਕਾਰਿਤ ਵਿਅਕਤੀ ਅਤੇ ਪ੍ਰਵਾਨਿਤ ਕਵੀ ਸੀ। ਉਸ ਦੇ ਸੰਪਰਕ ਵਿਚ ਆਉਣ ਵਾਲੇ ਵਿਅਕਤੀ ਬਾਰੇ ਇਹ ਕਹਿ ਦੇਣਾ ਅਤੇ ਇਸ ਨੂੰ ਸਵੀਕਾਰ ਕਰ ਲੈਣਾ ਬਹੁਤ ਸਹਿਜ ਸੀ ਕਿ ਉਹ ਭਾਈ ਸਾਹਿਬ ਤੋ ਪ੍ਰਭਾਵਿਤ ਹੈ। ਇਹ ਪੂਰਨ ਸਿੰਘ ਦੇ ਸੰਬੰਧ ਵਿਚ ਵੀ ਹੋਇਆ। ਪੂਰਨ ਸਿੰਘ ਸੰਬੰਧੀ ਇਸ ਨਿਰਣੇ ਦਾ ਸਪਸ਼ਟ ਆਧਾਰ ਪੂਰਨ ਸਿੰਘ ਦੀ ਜੀਵਨੀ ਹੈ। ਜੀਵਨੀ ਤੋ ਯਾਤ੍ਰਾ ਕਰਕੇ ਇਸ ਵਿਚਾਰ ਨੇ ਕਾਵਿ-ਸਮੀਖਿਆ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਹੈ। ਪਰ, ਜੀਵਨੀ- ਪਰਕ ਆਲੋਚਨਾ ਵਿਧੀ ਤੋਂ ਪ੍ਰਾਪਤ ਇਸ ਨਿਰਣੇ ਨੂੰ ਕੇਵਲ ਇਹ ਕਹਿ ਕੇ ਹੀ ਰੱਦ ਨਹੀਂ ਕੀਤਾ ਜਾ ਸਕਦਾ ਕਿ ਇਹ ਦੋਸ਼ਯੁਕਤ ਅਧਿਐਨ-ਵਿਧੀ ਦਾ ਸਿੱਟਾ ਹੈ। ਇਸ ਲਗਭਗ ਸਰਵ-ਸਵੀਕ੍ਰਿਤ ਵਿਚਾਰ ਦੀ ਪਰੀਖਿਆ ਯੋਗ ਪ੍ਰਤੀਤ ਹੁੰਦੀ ਹੈ। ਇਸ ਵਿਸ਼ਲੇਸ਼ਨ ਦੀ ਮਦਦ ਨਾਲ ਅਸੀਂ ਪੂਰਨ ਸਿੰਘ ਅਤੇ ਭਾਈ ਵੀਰ ਸਿੰਘ-ਕਾਵਿ ਵਿਚਾਲੇ ਕੁਝ ਬੁਨਿਆਦੀ ਸਮਾਨਤਾਵਾਂ ਅਤੇ ਭਿੰਨਤਾਵਾਂ ਸੰਬੰਧੀ ਗਿਆਨ ਪ੍ਰਾਪਤ ਕਰ ਸਕਦੇ ਹਾਂ।

ਉਪਰੋਕਤ ਨਿਰਣੇ ਉਪਰ ਪਹੁੰਚਣ ਵਾਲੀ ਸਮੀਖਿਆ ਪੂਰਨ ਸਿੰਘ ਦੀ ਧਾਰਮਿਕਤਾ ਨੂੰ ਵੀਰ ਸਿੰਘ ਦਾ ਪ੍ਰਭਾਵ ਦਸਦੀ ਹੈ। ਪਰ ਇਹੀ ਸਮੀਖਿਆ ਇਸ ਤੱਥ ਵਲ ਵੀ ਸਪਸ਼ਟ ਸੰਕੇਤ ਕਰਦੀ ਹੈ ਕਿ ਪੂਰਨ ਸਿੰਘ ਵੀਰ ਸਿੰਘ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਵੀ ਧਾਰਮਿਕਤਾ ਵਲ ਰੁਚਿਤ ਸੀ। ਇਸ ਕਥਿਤ ਪ੍ਰਭਾਵ ਤੋਂ ਪਹਿਲਾਂ ਉਹ ਬੁੱਧ ਧਰਮ ਦੇ ਪ੍ਰਭਾਵ ਅਧੀਨ ਵੀ ਰਿਹਾ। ਸਵਾਮੀ ਰਾਮ ਤੀਰਥ ਦਾ ਉਸ ਉਪਰ ਪ੍ਰਭਾਵ ਤਾਂ ਅਤਿ ਸਪਸ਼ਟ ਅਤੇ ਸਵੀਕ੍ਰਿਤ ਹੈ। ਇਸ ਪ੍ਰਭਾਵ ਦਾ ਪ੍ਰਮਾਣ ਅਤੇ ਪਰਿਣਾਮ ਪੂਰਨ ਸਿੰਘ ਦੁਆਰਾ ਲਿਖੀ ਗਈ ਸਵਾਮੀ ਰਾਮ ਤੀਰਥ ਦੀ ਜੀਵਨੀ ਹੈ। ਇਨ੍ਹਾਂ ਪ੍ਰਭਾਵਾਂ ਨੂੰ ਪੂਰਨ ਸਿੰਘ ਦੀਆਂ ਰਚਨਾਵਾਂ ਦੇ ਹਵਾਲਿਆਂ ਨਾਲ ਸਹਿਜੇ ਹੀ ਸਿੱਧ ਕੀਤਾ ਜਾ ਸਕਦਾ ਸੀ। ਪਰ, ਪੂਰਨ ਸਿੰਘ ਕਾਵਿ-ਸਮੀਖਿਆ ਦੇ ਇਤਿਹਾਸ ਵਿਚ ਇੰਜ ਨਹੀਂ ਹੋਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡੀ ਸਮੀਖਿਆ ਸ਼ਾਇਦ ਇਹ ਕਹਿਣਾ ਚਾਹ ਰਹੀ ਹੈ ਕਿ ਇਸ ਪ੍ਰਭਾਵ ਨੇ ਸਾਰੇ ਪੂਰਬ-ਪ੍ਰਭਾਵ ਦਬਾ ਦਿਤੇ। ਪਰ, ਇਹ ਸਚ ਨਹੀਂ। ਪੂਰਨ ਸਿੰਘ ਅਤੇ ਵੀਰ ਸਿੰਘ ਕਾਵਿ ਦਾ ਤੁਲਨਾਤਮਕ ਅਧਿਐਨ ਇਸ ਸਾਰੀ ਕਹਾਣੀ ਨੂੰ ਸਹਿਜੇ ਹੀ ਮਿਥਿਆ ਸਾਬਤ ਕਰ ਦੇਂਦਾ ਹੈ।

ਧਾਰਮਿਕ ਪੁਨਰ-ਜਾਗਰਣ ਦੇ ਸਮੇਂ ਤੋਂ ਪਹਿਲਾਂ ਤਕ ਪੰਜਾਬ ਦਾ ਸੱਮੁਚਾ ਸਾਹਿਤਕ ਦ੍ਰਿਸ਼ ਪੰਜਾਬ ਦੀ ਸਾਹਿਤਕ ਅਤੇ ਸਾਂਸਕ੍ਰਿਤਕ ਸਾਂਝ ਦਾ ਪ੍ਰਤੀਕ ਪ੍ਰਤੀਤ ਹੁੰਦਾ ਹੈ। ਇਹ ਸਾਹਿਤਕ ਅਤੇ ਸਾਂਸਕ੍ਰਿਤਕ ਸਾਂਝ ਦਾ ਇਤਿਹਾਸ ਪੰਜਾਬ ਵਿਚ ਅੰਗ੍ਰੇਜ਼ੀ ਰਾਜ ਦੀ ਸਥਾਪਤਾ ਤੋਂ ਪਹਿਲੇ ਤਕ ਨਿਰੰਤਰ ਚਲਦਾ ਰਿਹਾ। ਪੰਜਾਬ ਸਾਹਿਤਕ ਤੋਰ ਤੇ ਬਹੁਭਾਸ਼ਾਈ ਪਰੰਪਰਾ ਦਾ ਅਨੁਸਰਣ ਕਰਦਾ ਰਿਹਾ ਹੈ ਅਤੇ ਇਹ ਪਰੰਪਰਾ ਥੋੜੇ ਕੁ ਪਰਿਵਰਤਨ ਨਾਲ ਆਧੁਨਿਕ ਸਮੇਂ ਤਕ ਵੀ ਨਿਰੰਤਰ ਕਾਇਮ ਹੈ। ਪਰ, ਧਾਰਮਿਕ ਪੁਨਰ-ਜਾਗਰਣ ਨਾਲ ਸੰਬੰਧਿਤ ਵਿਭਿੰਨ ਲਹਿਰਾਂ ਦੇ ਉਦੈ ਨਾਲ ਉਪਰੋਕਤ ਸਥਿਤੀ ਬਦਲ ਗਈ। ਇਹ ਸਮਾਂ ਉਨ੍ਹੀਵੀਂ ਸਦੀ ਦੇ ਦੂਸਰੇ ਅੱਧ ਦਾ ਸੀ ਇਸ ਸਥਿਤੀ-ਪਰਿਵਰਤਨ ਤੋਂ ਸੰਕੇਤ ਮਿਲਦਾ ਹੈ ਕਿ ਪੰਜਾਬ ਦੇ ਵੱਖ ਵੱਖ ਧਰਮਾਂ ਦੇ ਲੋਕਾਂ ਵਿਚ ਆਪਣੀ ਵਿਲੱਖਣ ਪਹਿਚਾਨ ਸਥਾਪਿਤ ਕਰਨ ਦੇ ਯਤਨ ਹੋ ਰਹੇ ਸਨ। ਭਾਈ ਵੀਰ ਸਿੰਘ ਦਾ ਸਮੁੱਚਾ ਸਾਹਿਤ ਇਸੇ ਪਹਿਚਾਨ ਵਲ ਰੁਚਿਤ ਹੈ। ਇਕਬਾਲ ਦੀ ਕਾਵਿ-ਰਚਨਾ ਵੀ ਇਸ ਦੇ ਉਦਾਹਰਣ ਵਜੋਂ ਪੇਸ਼ ਕੀਤੀ ਜਾ ਸਕਦੀ ਹੈ।

ਪਰ, ਪੰਜਾਬ ਵਿਚ ਬਹੁਭਾਸ਼ਾਈ ਪਰੰਪਰਾ ਏਥੇ ਵੀ ਖ਼ਤਮ ਨਹੀਂ ਹੁੰਦੀ। ਆਧੁਨਿਕ ਸਮੇਂ ਤਕ ਵੀ ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਅਸ਼ਕ ਅਤੇ ਜਸ਼ਪਾਲ ਜਿਹੇ ਪੰਜਾਬੀ ਦੂਸਰੀਆਂ ਭਾਸ਼ਾਵਾਂ ਵਿਚ ਰਚਨਾ ਕਰਦੇ ਹਨ। ਪਰ, ਇਸ ਸਮੇਂ ਹਰ ਭਾਸ਼ਾ ਦੀ ਲਿਪੀ ਨਿਸ਼ਚਿਤ ਹੈ ਅਤੇ ਇਕ ਲੇਖਕ ਆਮ ਤੌਰ ਤੇ ਇਕ ਹੀ ਭਾਸ਼ਾ-ਸ਼ੈਲੀ ਵਿਚ ਰਚਨਾ ਕਰਨ ਵਲ ਰੁਚਿਤ ਹੈ।

ਪੰਜਾਬ ਦੇ ਉਪਰੋਕਤ ਵਿਲੱਖਣ ਪਹਿਚਾਨ ਦੇ ਕਾਲ ਵਿਚ ਪੂਰਨ ਸਿੰਘ ਪੰਜਾਬ ਦੇ ਪ੍ਰਮਾਣਿਕ ਚਰਿਤਰ ਨਾਲ ਜੁੜਨ ਦੀ ਕੋਸ਼ਿਸ਼ ਕਰਦਾ ਹੈ। ਉਹ ਆਪਣੇ ਤੋਂ ਪਹਿਲੇ ਦੇ ਅਖੰਡ ਪੰਜਾਬ ਦੀ ਸਾਹਿਤਕ ਪਰੰਪਰਾ ਨਾਲ ਜੁੜਦਾ ਹੈ। ਉਸ ਦੀ ਕਵਿਤਾ ਵਿਚ ਕ੍ਰਿਸ਼ਨ ਦੀ ਬਾਂਸੁਰੀ, ਕਲਗੀਆਂ ਵਾਲੇ ਦੇ ਘੋੜੇ ਦੀਆਂ ਟਾਪਾਂ ਦੀ ਆਵਾਜ਼, ਧਿਆਨੀ ਬੁੱਧ, ਹੀਰ ਰਾਂਝਾ ਜਾਂ ਹੋਰ ਲੋਕ-ਨਾਇਕਾਂ ਦੇ ਪ੍ਰਸੰਗ ਇਸ ਦੇ ਉਦਾਹਰਣ ਹਨ। ਇਸੇ ਦੀ ਪਹਿਚਾਣ ਨਾਲ ਹੀ ਉਸ ਦੀ ਕਵਿਤਾ ਵਿਚਲੇ ਰੋਲਘਚੋਲ ਦਾ ਭੇਦ ਪਾਇਆ ਜਾ ਸਕਦਾ ਹੈ।

ਪੂਰਨ ਸਿੰਘ ਇਕ ਤੋਂ ਵਧੀਕ ਭਾਸ਼ਾ-ਸ਼ੈਲੀਆਂ ਵਿਚ ਰਚਨਾ ਕਰਦਾ ਹੈ। ਉਸ ਤੋਂ ਪਹਿਲਾਂ ਵੀ ਪੰਜਾਬੀ ਸਾਹਿਤ ਪਰੰਪਰਾ ਬਹੁਭਾਸ਼ਾਈ ਅਤੇ ਬਹੁਲਿਪਿਕ ਸੀ। ਪਰ, ਪੂਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਇਕ ਤੋਂ ਵਧੀਕ ਭਾਸ਼ਾ-ਮਾਧਿਅਮ ਹੀ ਨਹੀਂ ਅਪਨਾਉਂਦਾ ਭਾਸ਼ਾ ਦੀ ਸਵੀਕ੍ਰਿਤ ਲਿਪੀ ਨੂੰ ਵੀ ਅਪਨਾਉਂਦਾ ਹੈ। ਇਹ ਬਹੁਭਾਸ਼ਾਵਾਦ ਇਕ ਸ਼ੌਕ ਪੂਰਤੀ ਨਹੀ ਕਾਵਿ-ਵਿਸ਼ੇ ਦੀ ਮੰਗ ਹੈ। ਉਸ ਦੇ ਬਹੁਭਾਸ਼ਾਵਾਦ ਦਾ ਕਾਰਣ ਉਸ ਦਾ ਸੰਬੋਧਨ-ਸੰਕਲਪ ਵੀ ਹੈ। ਵੀਰ ਸਿੰਘ ਦੇ ਵਿਪਰੀਤ ਉਹ ਆਪਣੀ ਗੱਲ ਗ਼ੈਰ ਸਿੱਖ ਹੀ ਨਹੀਂ ਗੈਰ ਪੰਜਾਬੀ ਪਾਠਕਾਂ ਤਕ ਵੀ ਪਹੁੰਚਾਉਣਾ ਚਾਹੁੰਦਾ ਹੈ। ਇਹੀ ਪੂਰਨ ਸਿੰਘ-ਕਾਵਿ ਤੇ ਵੀਰ ਸਿੰਘ-ਕਾਵਿ ਦਾ ਭੇਦ-ਮੂਲਕ ਤੱਤ ਹੈ। ਪੰਜਾਬੀ ਸਮੀਖਿਆ ਨੇ ਇਸ ਵੱਖਰ ਨੂੰ ਪਛਾਨਣ ਦਾ ਯਤਨ ਨਹੀਂ ਕੀਤਾ। ਫਲਸਰੂਪ ਉਹ ਪੂਰਨ ਸਿੰਘ ਉਪਰ ਵੀਰ ਸਿੰਘ ਦੇ ਪ੍ਰਭਾਵ ਦਾ ਕਥਨ ਬਾਰ ਬਾਰ ਕਰਦੀ ਹੈ। ਇਸ ਕਥਨ ਦੀ ਲਗਭਗ ਸਰਵ-ਸਵੀਕ੍ਰਿਤੀ ਦਾ ਇਕ ਕਾਰਣ ਇਹ ਵੀ ਹੈ ਕਿ ਪੂਰਨ ਸਿੰਘ ਕਾਵਿ ਦਾ ਅਧਿਐਨ ਪੰਜਾਬ ਦੇ ਸਾਹਿਤਕ ਇਤਿਹਾਸ ਦੇ ਸੰਦਰਭ ਵਿਚ ਨਹੀਂ ਹੋਇਆ। ਪਰਿਣਾਮ-ਸਰੂਪ ਪੂਰਨ ਸਿੰਘ-ਕਾਵਿ ਦੀ ਵਿਲੱਖਣਤਾ ਦਾ ਭੇਦ ਪਾਉਣ ਲਈ ਇਸ ਪ੍ਰਕਾਰ ਦੇ ਅਟਕਲਾਂ ਤੋਂ ਕੰਮ ਲਿਆ ਗਿਆ ਹੈ। ਕੁਲ ਮਿਲਾ ਕੇ ਇਸ ਸਮੀਖਿਆ ਦਾ ਸਾਰਾ ਬੱਲ ਪੂਰਨ ਸਿੰਘ ਨੂੰ ਵੀਰ ਸਿੰਘ ਤੋਂ ਪ੍ਰਭਾਵਿਤ ਸਥਾਪਿਤ ਕਰਨ ਉਪਰ ਰਿਹਾ ਹੈ। ਇਸ ਦੇ ਕਈ ਕਾਰਣ ਹੋ ਸਕਦੇ ਹਨ। ਅੰਗ੍ਰੇਜ਼ੀ ਵਿਚ ਲਿਖਦਾ ਲਿਖਦਾ ਪੂਰਨ ਸਿੰਘ ਪੰਜਾਬੀ ਵਿਚ ਲਿਖਣਾ ਆਰੰਭ ਦਿੰਦਾ ਹੈ। ਸਿਖੀ ਤੋਂ 'ਪਤਿਤ' ਉਹ ਸਿਖੀ ਵਿਚ ਪੁਨਰ-ਪ੍ਰਵੇਸ਼ ਕਰਦਾ ਹੈ। ਤੱਤਕਾਲੀਨ ਪਰਿਸਥਿਤੀਆਂ ਦੀ ਮੰਗ ਅਨੁਸਾਰ ਉਸ ਦੇ ਜੀਵਨ ਦੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਵਰਤਿਆ ਜਾ ਸਕਦਾ ਸੀ ਅਤੇ ਵਰਤਿਆ ਗਿਆ। ਇਹ ਵੀ ਸੱਚ ਹੈ ਕਿ ਪੰਜਾਬੀ ਦੇ ਲਗਭਗ ਸਾਰੇ ਸਮਾਲੋਚਕ ਸਿੱਖ ਧਰਮ ਨਾਲ ਸੰਬੰਧਿਤ ਸਨ। ਇਨ੍ਹਾਂ ਸਮਾਲੋਚਕਾਂ ਦੇ ਪੰਜਾਬੀ-ਸਾਹਿਤ ਪ੍ਰਤੀ ਰੁਚੀ ਦੇ ਕਾਰਣ ਸਾਹਿਤਕ ਘੱਟ, ਧਾਰਮਿਕ ਸੰਪ੍ਰਦਾਇਕ ਅਤੇ ਭਾਸ਼ਾਈ ਵਧ ਸਨ। ਇਨ੍ਹਾਂ ਆਲੋਚਕਾਂ ਲਈ ਉਪਰੋਕਤ ਸਥਿਤੀ ਵਿਚ ਪੂਰਨ ਸਿੰਘ ਦੀ ਪ੍ਰਸ਼ੰਸਾ ਸੁਭਾਵਿਕ ਸੀ। ਪੂਰਨ ਸਿੰਘ ਦੀ ਜੀਵਨੀ ਵਿਚ ਇਹ ਪਰਿਵਰਤਨ ਯਕੀਨਨ ਭਾਈ ਵੀਰ ਸਿੰਘ ਨਾਲ ਸੰਪਰਕ ਤੋਂ ਬਾਅਦ ਵਾਪਰਿਆ। ਇਸ ਪਰਿਵਰਤਨ ਦਾ ਜੱਸ ਤਾਂ ਵੀਰ ਸਿੰਘ ਨੂੰ ਜਾਣਾ ਹੀ ਸੀ, ਇਸ ਦੇ ਨਾਲ ਹੀ ਪੂਰਨ ਸਿੰਘ-ਕਾਵਿ ਦਾ ਜੱਸ ਵੀ ਵੀਰ ਸਿੰਘ ਨੂੰ ਦਿੱਤਾ ਜਾਣ ਲਗ ਪਿਆ। ਫਲਸਰੂਪ ਪੂਰਨ ਸਿੰਘ-ਕਾਵਿ ਅਤੇ ਉਸ ਦੇ ਜੀਵਨ ਦੇ ਹਰ ਤੱਥ ਨੂੰ ਵੀਰ ਸਿੰਘ ਨਾਲ ਸੰਬੰਧਿਤ ਅਤੇ ਉਸ ਤੋਂ ਪ੍ਰਭਾਵਿਤ ਸਥਾਪਿਤ ਕਰਨ ਉਪਰ ਬੱਲ ਦਿੱਤਾ ਜਾਣ ਲੱਗਾ। ਇਸੇ ਦਾ ਨਤੀਜਾ ਸੀ ਕਿ ਪੂਰਨ ਸਿੰਘ-ਕਾਵਿ ਦੇ ਅਧਿਆਤਮਕ ਸੁਰ ਨੂੰ ਵੀਰ ਸਿੰਘ ਦੀ ਧਾਰਮਿਕ-ਸੰਪ੍ਰਦਾਇਕ ਮਾਨਤਾ ਨਾਲ ਮਿਲਾਣ ਦਾ ਯਤਨ ਕੀਤਾ ਗਿਆ। ਪਰ ਇਹ ਗੱਲ ਨਿਸ਼ਚਿਤ ਹੈ ਕਿ ਇਸ ਸੰਬੰਧੀ ਕਿਸੇ ਤੱਥ ਨੂੰ ਵੀ ਪੂਰਨ ਸਿੰਘ-ਕਾਵਿ ਦੇ ਵਿਸ਼ਲੇਸ਼ਨ ਨਾਲ ਸਥਾਪਿਤ ਕਰਨ ਦਾ ਯਤਨ ਨਹੀਂ ਹੋਇਆ। ਇਸ ਸਥਾਪਤੀ ਦੇ ਯਤਨ ਸਾਹਿਤ-ਬਾਹਰੇ ਹੇਤੂਆਂ ਦੇ ਆਧਾਰ ਉਤੇ ਕੀਤੇ ਗਏ।

ਉਪਰ ਕਿਹਾ ਜਾ ਚੁੱਕਾ ਹੈ ਕਿ ਵੀਰ ਸਿੰਘ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰਨ ਸਿੰਘ ਅਧਿਆਤਮਿਕਤਾ ਵਲ ਰੁਚਿਤ ਸੀ। ਪ੍ਰਸ਼ਨ ਉਤਪੰਨ ਹੋਣਾ ਚਾਹੀਦਾ ਸੀ ਕਿ ਵੀਰ ਸਿੰਘ ਦੇ ਕਥਿਤ ਪ੍ਰਭਾਵ ਨੇ ਪੂਰਨ ਸਿੰਘ ਦੀ ਪੂਰਵ-ਅਧਿਆਤਮਿਕਤਾ ਨੂੰ ਕਿਥੋਂ ਤਕ ਪ੍ਰਭਾਵਿਤ ਅਤੇ ਪਰਿਵਰਤਿਤ ਕੀਤਾ। ਪੰਜਾਬੀ ਸਮੀਖਿਆ ਨੇ ਇਸ ਕਹਾਣੀ ਨੂੰ ਬਾਰ ਬਾਰ ਦੁਹਰਾਇਆ ਤੇ ਹੈ, ਪਰ ਉਸ ਨੇ ਨਾ ਕਦੇ ਇਹ ਪ੍ਰਸ਼ਨ ਕਰਨ ਦੀ ਲੋੜ ਸਮਝੀ ਹੈ ਨਾ ਇਸ ਦੇ ਉਤਰ ਦੇਣ ਦੀ। ਇਹੀ ਕਾਰਣ ਹੈ ਕਿ ਇਹ ਵਿਚਾਰ ਬਾਰ ਬਾਰ ਦੁਹਰਾਏ ਜਾਣ ਦੇ ਬਾਵਜੂਦ ਸਪਸ਼ਟ ਨਹੀਂ ਹੋ ਸਕਿਆ ਸਗੋਂ ਉਲਝਦਾ ਹੀ ਗਿਆ। ਅਸਪਸ਼ਟਤਾ ਅਤੇ ਰੋਲਘਚੋਲ ਦੇ ਇਕ ਉਦਾਹਰਣ ਵਜੋਂ ਡਾ: ਗੋਪਾਲ ਸਿੰਘ ਦੀ ਇਕ ਸੰਬੰਧਿਤ ਟੂਕ ਵਲ ਸੰਕੇਤ ਕੀਤਾ ਜਾ ਸਕਦਾ ਹੈ। ਉਸ ਦਾ ਕਹਿਣਾ ਹੈ ਕਿ :

> 'ਭਾਈ ਵੀਰ ਸਿੰਘ ਦੇ ਨਾਲ ਨਾਲ ਉਨ੍ਹਾਂ (ਪੂਰਨ ਸਿੰਘ) ਦੀ ਕਵਿਤਾ ਇਕ ਧਾਰਮਿਕ ਰੌਂ ਦੇ ਅਸਰ ਹੇਠਾਂ ਪਲੀ, ਕਿਉਂਕਿ ਜਿੰਨਾ ਅਸਰ ਸਿੰਘ ਸਭਾ ਲਹਿਰ ਦਾ ਭਾਈ ਸਾਹਿਬ ਦੀ ਕਵਿਤਾ ਤੇ ਹੋਇਆ ਓਨਾ ਹੀ ਪੂਰਨ ਸਿੰਘ ਉਤੇ ਭਾਈ ਸਾਹਿਬ ਦੇ ਧਰਮ ਗੁੱਧੇ ਜੀਵਨ ਦਾ ਹੋਇਆ'[1]

ਇਕ ਵਾਕ ਦੀ ਇਸ ਟਿੱਪਣੀ ਵਿਚ ਪ੍ਰਭਾਵ ਦੀ ਦਿਸ਼ਾ ਪਹਿਲਾਂ ਧਾਰਮਿਕ ਰੌਂ ਤੋਂ ਵੀਰ ਸਿੰਘ-ਪੂਰਨ ਸਿੰਘ-ਕਵਿਤਾ ਵਲ, ਫੇਰ ਧਾਰਮਿਕ ਰੌਂ (ਸਿੰਘ ਸਭਾ ਲਹਿਰ) ਤੋਂ ਵੀਰ ਸਿੰਘ-ਜੀਵਨ ਵਲ, ਅਤੇ ਅੰਤ ਵਿਚ ਵੀਰ ਸਿੰਘ-ਜੀਵਨ ਤੋਂ ਪੂਰਨ ਸਿੰਘ-ਜੀਵਨ ਵਲ ਯਾਤ੍ਰਾ ਕਰਦੀ ਪ੍ਰਤੀਤ ਹੁੰਦੀ ਹੈ। ਧਾਰਮਿਕ ਰੌਂ, ਕਵੀ-ਜੀਵਨ ਅਤੇ ਕਾਵਿ-ਕਿਰਤ ਅਰਥਾਤ ਇਤਿਹਾਸ, ਜੀਵਨ-ਕਥਾ ਅਤੇ ਸਿਰਜਣਾ ਸਭ ਇਕ ਦੂਜੇ ਵਿਚ ਖਲਤ-ਮਲਤ ਹੋ ਗਏ ਹਨ। ਕਦੀ ਦੋਵੇਂ ਕਵੀ ਇਕੋ ਸਾਂਝੇ ਸਰੋਤ ਤੋਂ ਪ੍ਰਭਾਵਿਤ ਪ੍ਰਤੀਤ ਹੁੰਦੇ ਹਨ ਅਤੇ ਕਦੀ ਇਕ ਕਵੀ (ਵੀਰ ਸਿੰਘ) ਦੂਜੇ (ਪੂਰਨ ਸਿੰਘ) ਨੂੰ ਪ੍ਰਭਾਵਿਤ ਕਰਦਾ ਪ੍ਰਤੀਤ ਹੁੰਦਾ ਹੈ। ਏਥੇ ਪੰਜਾਬੀ ਚਿੰਤਨ ਦੀ ਇਕ ਸਹਿਜ ਪ੍ਰਵਿਰਤੀ ਸੰਬੰਧੀ ਸੰਕੇਤ ਕਰ ਦੇਣਾ ਵੀ ਯੋਗ ਪ੍ਰਤੀਤ ਹੁੰਦਾ ਹੈ। ਪੰਜਾਬੀ ਚਿੰਤਨ ਵਿਚ ਆਮ ਤੌਰ ਤੇ ਅਧਿਆਤਮਕਤਾ ਨੂੰ ਧਾਰਮਿਕ-ਸੰਪ੍ਰਦਾਇਕਤਾ ਨਾਲ ਜੋੜ ਦਿੱਤਾ ਜਾਂਦਾ ਹੈ। ਧਾਰਮਿਕਤਾ ਜਿਥੇ ਮਨੁੱਖੀ ਪ੍ਰਕਿਰਤੀ ਦੇ ਬੁਨਿਆਦੀ ਤੱਤਾ ਵਿਚੋਂ ਇਕ ਹੈ ਉਥੇ ਧਾਰਮਿਕ-ਸੰਪ੍ਰਦਾਇਕਤਾ ਇਕ ਉਸਾਰੀ ਦਾ ਤੱਤ ਹੈ। ਪ੍ਰਭਾਵ ਦੇ ਉਪਰੋਕਤ ਵਿਚਾਰ ਵਿਚ ਅਸਪਸ਼ਟਤਾ ਅਤੇ ਰੋਲ-ਘਚੋਲ ਦਾ ਇਕ ਕਾਰਣ ਅਧਿਆਤਮਿਕਤਾ ਅਤੇ ਸੰਪ੍ਰਦਾਇਕਤਾ ਵਿਚ ਨਿਖੇੜਾ ਨਾ ਕਰ ਸਕਣਾ ਵੀ ਹੈ। ਸੋ, ਇਸ ਪ੍ਰਸ਼ਨ ਦੇ ਤਾਰਕਿਕ ਅਤੇ ਨਿਸ਼ਚਿਤ ਉੱਤਰ ਤੋਂ ਪਹਿਲਾਂ ਧਰਮ ਅਤੇ ਧਾਰਮਿਕ-ਕਾਵਿ ਦੀ ਪ੍ਰਕਿਰਤੀ ਅਤੇ ਪੰਜਾਬੀ ਧਾਰਮਿਕ-ਕਾਵਿ ਦੀ ਪਰੰਪਰਾ ਸੰਬੰਧੀ ਚਰਚਾ ਦੀ ਲੋੜ ਮਹਿਸੂਸ ਹੁੰਦੀ ਹੈ।

ਧਰਮ ਸਮੁੱਚੀ ਸਮਾਜਿਕਤਾ ਦੀ ਸਥਾਪਨਾ ਵਿਚ ਸਹਾਇਕ ਸੰਸਥਾਵਾਂ ਵਿਚੋਂ ਇਕ

CC-0. In Public Domain. Gurukul Kangri Collection, Haridwar
1. '*ਰੋਮਾਂਚਿਕ ਪੰਜਾਬੀ ਕਵੀ*', ਪੰਨਾ -124

Digitized by Arya Samaj Foundation Chennai and eGangotri

ਮਹੱਤਵਪੂਰਨ ਸੰਸਥਾ ਹੈ। ਸਮਾਜਿਕਤਾ ਮਨੁੱਖ ਦੀ ਸਾਜੀ ਹੋਈ ਵੀ ਹੈ ਅਤੇ ਮਨੁੱਖ ਨੂੰ ਸਾਜਦੀ ਵੀ ਹੈ। ਅਗਰਪ੍ਰਵਾਹੀ (on-going) ਪ੍ਰਕਿਰਿਆ ਇਸ ਦੇ ਪਰਿਵਰਤਨ-ਸ਼ੀਲ ਅਤੇ ਪ੍ਰਗਤੀਸ਼ੀਲ ਚਰਿਤ੍ਰ ਨੂੰ ਪਰਿਭਾਸ਼ਿਤ ਕਰਦੀ ਹੈ। ਇਸ ਦੇ ਸਿਰਜਣ ਵਿਚ ਸਹਾਇਕ ਸਾਰੀਆਂ ਸੰਸਥਾਵਾਂ ਦਾ ਚਰਿਤ੍ਰ ਇਸੇ ਅਗਰ-ਪ੍ਰਵਾਹੀ ਪ੍ਰਕਿਰਿਆ ਦਾ ਧਾਰਨੀ ਹੈ। ਦਵੰਦਾਤਮਕ ਪ੍ਰਕਿਰਿਆ ਰਾਹੀਂ ਇਨ੍ਹਾਂ ਵਿਚ ਪਰਿਵਰਤਨ ਆਉਂਦਾ ਹੈ ਅਤੇ ਆਪਣੇ ਨਵੇਂ ਪਵਿਰਤਿਤ ਰੂਪ ਵਿਚ ਇਹ ਮਨੁੱਖ ਨੂੰ ਵੀ ਬਦਲਣ ਲਈ ਮਜਬੂਰ ਕਰਦੀਆਂ ਹਨ। ਮਨੁੱਖ ਦੇ ਜਨਮ ਤੋਂ ਪਹਿਲਾਂ ਸਮਾਜ ਦੀ ਸਥਾਪਨਾ ਹੋਈ ਹੁੰਦੀ ਹੈ। ਉਸ ਨਾਲ ਸੰਪਰਕ ਸਥਾਪਤੀ ਸਮੇਂ ਉਹ ਉਸ ਵਿਚ ਪਰਿਵਰਤਨ ਦੀ ਲੋੜ ਮਹਿਸੂਸ ਕਰਦਾ ਹੈ ਅਤੇ ਇਸ ਲਈ ਕਾਰਜਸ਼ੀਲ ਰਹਿੰਦਾ ਹੈ। ਇਸ ਪ੍ਰਕਿਰਿਆ ਰਾਹੀਂ ਮਨੁੱਖ ਸਾਮੂਹਿਕ ਰੂਪ ਵਿਚ ਸਮਾਜ ਦਾ ਸਿਰਜਣ ਅਤੇ ਪੁਨਰਸਿਰਜਣ ਕਰਦਾ ਰਹਿੰਦਾ ਹੈ। ਇਹ ਅਗਰ-ਪ੍ਰਵਾਹੀ ਪ੍ਰਕਿਰਿਆ ਦਾ ਪਹਿਲਾ ਪੜਾਉ ਹੈ। ਇਹ ਸਮਾਜ ਇਸ ਪ੍ਰਕਾਰ ਮਨੁੱਖ ਦੁਆਰਾ ਸਿਰਜਿਆ ਜਾਣ ਤੋਂ ਬਾਅਦ ਉਸ ਤੋਂ ਸੁਤੰਤਰ ਹੋਂਦ ਦਾ ਐਲਾਨ ਕਰਦਾ ਹੈ। ਉਹ ਵਸਤੂਨਿਸ਼ਟ ਯਥਾਰਥ ਦਾ ਰੂਪ ਧਾਰ ਲੈਂਦਾ ਹੈ। ਇਸ ਸਥਿਤੀ ਵਿਚ ਇਹ ਆਪਣੇ ਸਿਰਜਣਹਾਰ ਮਨੁੱਖ ਨੂੰ ਉਸ ਦੀ ਸੁਤੰਤਰ ਸੱਤਾ ਸਵੀਕਾਰ ਕਰਨ ਲਈ ਮਜਬੂਰ ਕਰਦਾ ਹੈ। ਇਹ ਮਜਬੂਰ ਕਰ ਸਕਣ ਦੀ ਸ਼ਕਤੀ ਵਸਤੂਨਿਸ਼ਟ ਯਥਾਰਥ ਦੀ ਮੂਲ ਸ਼ਰਤ ਹੈ। ਇਸ ਸਥਿਤੀ ਵਿਚ ਸਮਾਜ ਮਨੁੱਖ ਨੂੰ ਆਪਣੇ ਅਨੁਰੂਪ ਢਲ ਜਾਣ ਦੀ ਸਲਾਹ ਦਿੰਦਾ ਹੈ। ਇਹ ਪਰਿਵਰਤਨ ਮਨੁੱਖ ਦੀ ਮਾਨਸਿਕਤਾ ਦਾ ਅੰਗ ਬਣ ਜਾਂਦਾ ਹੈ। ਮਨੁੱਖ ਦੀ ਸਾਜੀ ਹੋਈ ਸਮਾਜਿਕਤਾ ਹੀ ਇੰਜ ਉਸ ਵਿਚ ਪਰਿਵਰਤਨ ਲਿਆ ਕੇ ਉਸ ਨੂੰ ਸਾਜਦੀ ਹੈ। ਇਹ ਅਗਰ-ਪ੍ਰਵਾਹੀ ਪ੍ਰਕਿਰਿਆ ਨਿਰੰਤਰ ਕ੍ਰਿਆਸ਼ੀਲ ਰਹਿੰਦੀ ਹੈ।[1] ਅਤੇ ਸਮੁੱਚੇ ਸਮਾਜ ਦਾ ਸਿਰਜਣ ਕਰਨ ਵਾਲੀਆਂ ਸੰਸਥਾਵਾਂ ਇਸ ਦਵੰਦਾਤਮਕ ਪ੍ਰਕਿਰਿਆ ਰਾਹੀਂ ਸਮਾਜ ਸਿਰਜਣ ਵਿਚ ਸਹਾਈ ਹੁੰਦੀਆਂ ਹਨ।

ਧਰਮ ਉਹ ਮਨੁੱਖੀ ਸੰਸਥਾ ਹੈ, ਜਿਸ ਰਾਹੀਂ ਪੁਨੀਤ-ਬ੍ਰਹਮੰਡ ਦੀ ਸਿਰਜਣਾ ਹੁੰਦੀ ਹੈ। ਸਮੁੱਚੇ ਸਮਾਜ ਦੇ ਸਿਰਜਣ ਵਿਚ ਇਸ ਦਾ ਮਹੱਤਵਪੂਰਨ ਭਾਗ ਹੈ, ਕਿਉਂਕਿ ਸਮਾਜ ਮਨੁੱਖ ਦੁਆਰਾ ਸਿਰਜਿਆ ਹੋਇਆ ਅਜਿਹਾ ਅਰਥਭਰਪੂਰ ਅਤੇ ਵਿਵਸਥਿਤ ਸੰਸਾਰ ਹੈ, ਜਿਸ ਦੇ ਸੰਦਰਭ ਵਿਚ ਮਨੁੱਖੀ ਜੀਵਨ ਸਾਰਥਕ ਰੂਪ ਵਿਚ ਜੀਵਿਆ ਜਾ ਸਕੇ।[1] ਇਸ ਦਾ ਸੰਬੰਧ ਵਸਤੂ-ਜਗਤ ਤੋਂ ਪਰ੍ਹੇ ਦੇ ਅਦ੍ਰਿਸ਼ਟ ਸੰਸਾਰ ਨਾਲ ਹੈ। ਧਰਮ ਦੇ, ਮਾਨਵੀ ਸਮਾਜ ਨੂੰ ਯੋਗਦਾਨ ਦਾ ਆਧਾਰ ਵੀ ਇਸ ਦਾ ਇਹੋ ਪਰਾਤਪਰਤਾ ਦਾ ਕੇਂਦਰੀ ਗੁਣ ਹੈ। ਵਸਤੂਜਗਤ ਵਿਚ ਬਹੁਤ ਕੁਝ ਐਸਾ ਵਾਪਰਦਾ ਹੈ ਜੋ ਸਾਡੇ ਤਾਰਕਿਕ ਚਿੰਤਨ ਦੀ ਪਕੜ ਵਿਚ ਨਹੀਂ ਆਉਂਦਾ। ਅਨਿਸ਼ਚੇ ਦਾ ਸੰਦਰਭ ਅਤੇ ਉਸ ਦੇ ਮੁਕਾਬਲੇ ਵਿਚ ਮਨੁੱਖ ਦੀ ਸ਼ਕਤੀਹੀਨਤਾ ਸਾਡੀ ਜੀਉਣ-ਵਿਧੀ ਦਾ ਇਕ ਪ੍ਰਕਿਰਤਕ ਲੱਛਣ ਹੈ। ਅਨਿਸ਼ਚਿਤ ਜਦੋਂ ਵਾਪਰਦਾ ਹੈ ਤਾਂ ਇਸ ਦੇ ਵਾਪਰਨ ਦਾ ਕਾਰਨ ਸਾਡੀ ਸਮਝ ਵਿਚ ਨਹੀਂ ਆਉਂਦਾ। ਇਸ ਸਥਿਤੀ ਵਿਚ ਫਸਿਆ ਮਨੁੱਖ ਦੈਵੀ ਵਿਧਾਨ ਦੀ ਸਿਰਜਣਾ ਕਰਦਾ ਹੈ। ਇਹ ਦੈਵੀ

1. Thomas F. O'Dea, *The Sociology of Religion*, p.3

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਧਾਨ ਅਸਲ ਵਿਚ ਕੁਝ ਨਹੀਂ ਕੇਵਲ ਸਾਡੀ ਸਮਝ ਵਿਚ ਨਾ ਆ ਸਕਣ ਵਾਲੀ ਸਾਡੀ ਅਨੁਭਵ-ਵਸਤੂ ਉਪਰ ਇਕ ਮਹਾਂ-ਆਰੋਪਣ ਹੈ। ਇਸ ਨੂੰ ਅਸੀਂ ਦੈਵੀਕਰਣ ਦਾ ਨਾਮ ਵੀ ਦੇ ਸਕਦੇ ਹਾ ਅਤੇ ਪਰਾਸਰੀਰਕਤਾ ਦਾ ਵੀ। 'ਅਨਿਸਚੈ ਅਤੇ ਸ਼ਕਤੀਹੀਨਤਾ ਅਨੈਤਿਹਾਸਕ ਕਾਲ ਦੀਆਂ ਯਾਦਗਾਰਾਂ ਹੀ ਨਹੀਂ ਹਨ. ਇਤਿਹਾਸਕ ਕਾਲ ਵਿਚ ਵੀ ਪ੍ਰਤੀਦਿਨ ਦੀਆਂ ਹਕੀਕਤਾਂ ਹਨ। ਧਰਮ ਅਤੇ ਧਾਰਮਿਕ ਕਾਵਿ ਇਨ੍ਹਾਂ ਹਕੀਕਤਾਂ ਦਾ ਸਹਿਜ ਪ੍ਰਗਟਾਵਾ ਹੀ ਨਹੀਂ, ਇਨ੍ਹਾਂ ਹਕੀਕਤਾਂ ਨਾਲ ਭਾਵੁਕ ਅਤੇ ਬੌਧਿਕ ਪੱਧਰ ਉਪਰ ਨਿਬੜਨ ਦਾ ਸਿਰਜਨਾਤਮਕ ਉੱਦਮ ਵੀ ਹੈ। ਇਹ ਸਰਬਾਰਥ ਦ੍ਰਿਸ਼ਟੀ ਹੈ–ਦ੍ਰਿਸ਼ਟੀ (view) ਨਹੀਂ, ਪ੍ਰਕਾਸ਼-ਦ੍ਰਿਸ਼ਟੀ (vision)|.....ਇਸ ਪ੍ਰਕਾਸ਼-ਦ੍ਰਿਸ਼ਟੀ ਦਾ ਕੇਂਦਰ ਬਿੰਦੂ ਹੈ ਦਿੱਬ ਹੋਂਦ....ਅਨਿਸਚੇ ਦੇ ਸੰਦਰਭ ਵਿਚ ਵਿਚਰਦਾ ਸ਼ਕਤੀਹੀਨ ਮਨੁੱਖ ਦਿੱਬ ਸਿਰਜਣ ਵੇਲੇ ਨਿਸ਼ਚੇਆਤਮਕ ਸੰਦਰਭ ਦੀ ਰਚਨਾ ਕਰਦਾ ਹੈ ਅਤੇ ਆਪਣੀ ਸ਼ਕਤੀਹੀਨਤਾ ਦੇ ਐਨ ਉਲਟ ਸਰਬ-ਸ਼ਕਤੀ-ਸੰਪੰਨ ਹੋਂਦ ਦੀ ਰਚਨਾ ਕਰਦਾ ਹੈ।[1] ਇਸ ਤਰ੍ਹਾਂ ਮਨੁੱਖ ਦੀ ਪੁਰਾਣ-ਚੇਤਨਾ ਦੇਵੀ-ਦੇਵਤਿਆਂ ਦੀ ਕਲਪਨਾ ਕਰਦੀ ਹੈ ਅਤੇ ਇਸ ਨਾਲ ਸੰਬੰਧਿਤ ਪੁਰਾ-ਕਥਾ ਦੀ ਸਿਰਜਣਾ ਵੀ। ਇਹ ਪੁਰਾਣ-ਚੇਤਨਾ ਧਰਮ ਅਤੇ ਕਾਵਿ ਦੋਹਾਂ ਦੀ ਆਧਾਰ ਚੇਤਨਾ ਹੈ।

ਧਾਰਮਿਕ ਕਾਵਿ, ਕਾਵਿ ਦੀ ਇਕ ਵਖਰੀ ਪ੍ਰਕਾਰ ਹੈ। ਇਸ ਪ੍ਰਕਾਰ ਦਾ ਸਾਰਾ ਕਾਵਿ, ਸਿਰਜਣ ਲਈ ਪ੍ਰੇਰਣਾ ਦਿੱਬ-ਹੋਂਦ ਤੋਂ ਪ੍ਰਾਪਤ ਕਰਦਾ ਹੈ। ਇਹ ਦਿੱਬ-ਹੋਂਦ ਪਵਿੱਤਰਤਾ, ਸਰਬਸ਼ਕਤੀਮਾਨਤਾ, ਬਹੁਅਰਥਤਾ, ਅਨੁਪਯੋਗਤਾ, ਇੰਦ੍ਰੀ-ਅਤੀਤਤਾ, ਆਦਿ ਗੁਣਾਂ ਦੀ ਪ੍ਰਤੀਕ ਹੈ ਅਤੇ ਭੈ-ਮਿਸ਼ਰਿਤ ਆਦਰ ਦੀ ਅਧਿਕਾਰੀ ਹੈ।[2] ਇਨ੍ਹਾਂ ਗੁਣਾਂ-ਲੱਛਣਾਂ ਵਾਲੀ ਦਿੱਬ-ਹੋਂਦ ਨੂੰ ਆਪਣੇ ਸਿਰਜਣ ਦੀ ਕੇਂਦਰੀ ਵਸਤੂ ਸਵੀਕਾਰ ਕਰਦਾ ਹੋਇਆ ਕਾਵਿ ਆਪਣੇ ਸ਼ੁੱਧ ਸਰੂਪ ਵਿਚ ਅਧਿਆਤਮਿਕ-ਕਾਵਿ ਹੁੰਦਾ ਹੈ। ਇਸ ਨੂੰ ਦੈਵ-ਕੇਂਦਰਿਤ ਕਾਵਿ ਦਾ ਨਾਮ ਵੀ ਦਿੱਤਾ ਜਾ ਸਕਦਾ ਹੈ। ਇਥੇ ਇਕ ਗੱਲ ਸਪੱਸ਼ਟ ਕਰ ਦੇਣ ਦੀ ਲੋੜ ਮਹਿਸੂਸ ਹੁੰਦੀ ਹੈ -- ਇਸ ਕਾਵਿ ਵਿਚ ਕਾਵਿ-ਗੁਣਾਂ ਦੀ ਹੋਂਦ ਅਣਹੋਂਦ ਦਾ ਪ੍ਰਸ਼ਨ ਬਿਰਥਾ ਹੈ। ਇਸ ਕਾਵਿ ਦਾ ਸਹਿਜੇ ਹੀ ਸਮੀਖਿਆਤਮਕ ਅਧਿਐਨ ਜਾਂ ਮੁਲੰਕਣ ਕਰ ਸਕਣਾ ਕਠਿਨ ਹੈ। ਧਰਮ ਸਾਡੀ ਮਾਨਸਿਕਤਾ ਦਾ ਸਹਿਜ ਅੰਗ ਬਣ ਚੁਕਾ ਹੁੰਦਾ ਹੈ। ਮੁਲੰਕਣ ਸਮੇਂ ਉਸ ਵਿਚ ਅਭਿਵਿਅਕਤ ਹੋਏ ਅਨੁਭਵ ਨਾਲ ਆਲੋਚਕ ਇਕ ਸਾਂਝ ਸਥਾਪਿਤ ਕਰਨ ਤੋਂ ਵਰਜਿਆ ਨਹੀਂ ਰਹਿ ਸਕਦਾ। ਏਹੋ ਜਿਹੀ ਸਥਿਤੀ ਵਿਚ ਉਹ ਕਾਵਿ ਦਾ ਮੁਲੰਕਣ ਕਰਨ ਨਾਲੋਂ ਉਸ ਵਿਚ ਅਭਿਵਿਅਕਤ ਧਾਰਮਿਕ ਅਨੁਭਵ ਦਾ ਮੁੱਲ ਪਾਣ ਵਲ ਵਧੇਰੇ ਰੁਚਿਤ ਹੋਵੇਗਾ। ਉਂਜ ਵੀ ਸੁਹਜਾਤਮਕਤਾ ਇਸ ਕਾਵਿ ਦੀ ਅਵਸ਼ਕਤਾ ਨਹੀਂ।[3] ਇਸ ਦੀ ਅਵਸ਼ਕਤਾ ਇਸ ਦੀ ਧਰਮ ਭਾਵਨਾ ਪ੍ਰਤੀ ਦ੍ਰਿੜ੍ਹ ਨਿਸ਼ਠਾ ਹੈ।

ਗੁਰਬਾਣੀ ਪੰਜਾਬੀ ਦੀ ਪ੍ਰਮੁਖ ਧਾਰਮਿਕ ਕਵਿਤਾ ਹੈ। ਪੰਜਾਬੀ ਦਾ ਬਾਕੀ ਦਾ ਸਾਰਾ

1. ਹਰਿਭਜਨ ਸਿੰਘ (ਸੰਪਾ.) ਧਰਮ ਅਤੇ ਧਾਰਮਿਕ ਕਾਵਿ, ਪੰਨਾ 11
CC-0. In Public Domain. Gurukul Kangri Collection, Haridwar
2. ਉਹੀ, ਪੰਨਾ-11
3. Helen Gardner, *Religion and Literature*. p-131

Digitized by Arya Samaj Foundation Chennai and eGangotri

ਧਾਰਮਿਕ ਸਾਹਿਤ ਨਿਸ਼ਚੈ ਹੀ ਇਸ ਤੋਂ ਵੱਖਰੀ ਪ੍ਰਕਾਰ ਦਾ ਹੈ। ਗੁਰਬਾਣੀ ਵਿਚ ਪ੍ਰਮੁਖ ਸਥਾਨ ਉਪਰੋਕਤ ਦਿੱਬ-ਹੋਂਦ ਨੂੰ ਹੀ ਪ੍ਰਾਪਤ ਹੋਇਆ ਹੈ। ਸਾਰੇ ਧਰਮ ਆਧਾਰ ਰੂਪ ਵਿਚ ਇੱਕੋ ਹੁੰਦੇ ਹਨ। ਇਨ੍ਹਾਂ ਵਿਚ ਅੰਤਰ ਇਨ੍ਹਾਂ ਦੇ ਸੰਪ੍ਰਦਾਇਕ ਰੂਪ ਧਾਰਨ ਤੋਂ ਉਪਰੰਤ ਉਤਪੰਨ ਹੁੰਦਾ ਹੈ। ਧਰਮ ਦੇ ਦੋ ਅਨਿੱਖੜ ਅੰਗ ਹਨ – ਅਧਿਆਤਮਕਤਾ ਅਤੇ ਸੰਪ੍ਰਦਾਇਕਤਾ। ਗੁਰਬਾਣੀ ਆਪਣੇ ਸਰੂਪ ਵਿਚ ਅਧਿਆਤਮਕ ਹੈ, ਸੰਪ੍ਰਦਾਇਕਤਾ ਤੋਂ ਨਿਰਲਿਪਤ। ਇਸ ਕਰਕੇ ਗੁਰਬਾਣੀ ਨੂੰ ਅਸੀਂ ਸ਼ੁੱਧ ਧਾਰਮਿਕ ਸਾਹਿਤ ਦਾ ਨਾਮ ਦਿੰਦੇ ਹਾਂ। ਇਸੇ ਆਧਾਰ ਉਪਰ ਹੀ ਗੁਰਬਾਣੀ ਨੂੰ ਬਾਕੀ ਧਾਰਮਿਕ ਸਾਹਿਤ ਤੋਂ ਨਿਖੇੜਿਆ ਗਿਆ ਹੈ। ਗੁਰਬਾਣੀ ਤੋਂ ਬਿਨਾਂ ਬਾਕੀ ਪੰਜਾਬੀ ਧਾਰਮਿਕ ਸਾਹਿਤ ਸੰਪ੍ਰਦਾਇਕ ਹੈ। ਭਾਈ ਵੀਰ ਸਿੰਘ ਤਕ ਇਹ ਸੰਪ੍ਰਦਾਇ-ਭਾਵਨਾ ਅਤਿ ਸਪਸ਼ਟ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਭਾਈ ਵੀਰ ਸਿੰਘ ਭਾਵੇਂ 'ਕੁਦਰਤ ਦੇ ਕਾਦਰ' ਨੂੰ ਵੀ ਸਵੀਕਾਰ ਕਰਦਾ ਹੈ, ਪਰ ਉਸ ਦੇ ਕਾਵਿ ਦਾ ਕੇਂਦਰ ਕਾਦਰ' ਨਹੀਂ 'ਗੁਰੂ' ਹੈ। ਉਸ ਦੀ ਬਹੁਤੀ ਰਚਨਾ ਗੁਰੂ ਨਾਲ ਸੰਬੰਧਿਤ ਹੈ, ਗੁਰੂ ਨੂੰ ਸਪਰਪਿਤ ਹੈ। ਇਹ ਦਿੱਬ-ਹੋਂਦ ਤੋਂ 'ਗੁਰੂ' ਤਕ ਦੀ ਯਾਤ੍ਰਾ ਅਧਿਆਤਮਿਕਤਾ ਤੋਂ ਸੰਪ੍ਰਦਾਇਕਤਾ ਵਲ ਦੀ ਯਾਤ੍ਰਾ ਹੈ।

ਪੰਜਾਬੀ ਧਾਰਮਿਕ-ਕਾਵਿ ਵਿਚ ਸੰਪ੍ਰਦਾਇਕ ਭਾਵਨਾ ਦਾ ਆਰੰਭ ਭਾਈ ਗੁਰਦਾਸ ਤੋਂ ਹੀ ਹੋ ਜਾਂਦਾ ਹੈ। ਉਸ ਦੀ ਕਵਿਤਾ ਦੇ ਨਾਇਕ ਗੁਰੂ ਹਨ ਜਾਂ ਗੁਰੂ ਦੇ ਸਿੱਖ। ਉਹ ਸਿੱਖ ਸੰਪ੍ਰਦਾਇ ਦੇ ਵਿਰੋਧੀਆਂ ਸੰਬੰਧੀ ਵਾਰ ਵੀ ਲਿਖਦਾ ਹੈ। ਸੰਪ੍ਰਦਾਇ ਦਾ ਜਨਮ ਵਿਰੋਧ ਤੋਂ ਬਿਨਾਂ ਸੰਭਵ ਨਹੀਂ। ਸੋ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਦੇ ਕਾਵਿ ਨਾਲ ਸਿੱਖ ਧਰਮ ਦੀ ਵਿਲੱਖਣ ਹੋਂਦ ਪ੍ਰਤੀ ਨਿਸ਼ਠਾ ਦਾ ਆਰੰਭ ਹੋ ਜਾਂਦਾ ਹੈ ਅਤੇ ਇੰਜ ਪੰਜਾਬੀ ਧਾਰਮਿਕ-ਕਾਵਿ ਆਧਿਆਤਮਿਕਤਾ ਤੋਂ ਸੰਪ੍ਰਦਾਇਕਤਾ ਵੱਲ ਵਧਦਾ ਹੈ। ਇਸ ਸੰਪ੍ਰਦਾਇ ਭਾਵਨਾ ਵਾਲੀ ਕਵਿਤਾ ਦੇ ਆਰੰਭ ਨਾਲ ਹੀ ਪੰਜਾਬੀ ਧਾਰਮਿਕ ਕਵਿਤਾ ਦੀ ਪਰੰਪਰਾ ਦਾ ਇਤਿਹਾਸ ਜੁੜਿਆ ਹੋਇਆ ਹੈ।

ਸੱਤੇ ਬਲਵੰਡ ਤਕ ਸਿੱਖ ਇਤਿਹਾਸ ਬਹੁਤ ਸੀਮਤ ਸ... ਉਨ੍ਹਾਂ ਦੀ ਰਚਨਾ ਗੁਰੂ ਪ੍ਰਧਾਨ ਹੈ। ਭਾਈ ਗੁਰਦਾਸ ਦੀ ਰਚਨਾ ਗੁਰੂਆਂ ਨਾਲ ਵੀ ਸੰਬੰਧਿਤ ਹੈ ਅਤੇ ਸਿੱਖਾਂ ਦਾ ਵੀ ਉਸ ਵਿਚ ਜ਼ਿਕਰ ਹੋਇਆ ਹੈ।[1] ਭਾਈ ਗੁਰਦਾਸ ਤੋਂ ਬਾਅਦ ਇਸ ਕਾਵਿ-ਪਰੰਪਰਾ ਵਿਚ ਗੁਰੂ ਦੇ ਨਾਲ ਹੀ ਸਿੱਖਾਂ ਅਤੇ ਪੰਥ ਨੂੰ ਵੀ ਬਰਾਬਾਰ ਸਥਾਨ ਦਿੱਤਾ ਜਾਂਦਾ ਰਿਹਾ। ਭਾਈ ਸੁਖਾ ਸਿੰਘ ਰਚਿਤ 'ਗੁਰੂ ਵਿਲਾਸ' ਅਤੇ ਸੰਤੋਖ ਸਿੰਘ ਰਚਿਤ 'ਗੁਰ ਪ੍ਰਤਾਪ ਸੂਰਜ ਗ੍ਰੰਥ' ਗੁਰੂਆਂ ਨੂੰ ਸਮਰਪਿਤ ਹਨ। ਪਰ, ਇਨ੍ਹਾਂ ਦੋਹਾਂ ਗ੍ਰੰਥਾਂ ਦੇ ਵਿਚਾਲੇ ਰਤਨ ਸਿੰਘ ਰਚਿਤ 'ਪੰਥ ਪ੍ਰਕਾਸ਼' ਦਾ ਸੰਬੰਧ ਸਿੱਖ ਪੰਥ ਦੇ ਇਤਿਹਾਸ ਨਾਲ ਹੈ। ਕੁਲ ਮਿਲਾ ਕੇ ਇਸ

1. ਉਨ੍ਹਾਂ ਰਚਿਤ ਵਾਰ ਪਹਿਲੀ ਵਿਚ ਪਉੜੀ 23 ਤੋਂ ਬਾਅਦ ਗੁਰੂ ਨਾਨਕ ਦੇਵ ਦੇ ਹਾਲਾਤ ਦਿੱਤੇ ਗਏ ਹਨ। ਵਾਰ ਗਿਆਰਵੀਂ ਵਿਚ ਪਉੜੀ 13 ਤੋਂ ਬਾਅਦ ਸਿੱਖਾਂ ਦੀ ਨਾਮਾਵਲੀ ਅਤੇ ਸੰਖੇਪ ਇਤਿਹਾਸ ਮਿਲਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਵਿ-ਪਰੰਪਰਾ ਦਾ ਬਲ ਸਦਾ ਧਰਮ ਦੇ ਇਤਿਹਾਸਕ ਪੱਖ ਉਪਰ ਰਿਹਾ ਹੈ। ਇਸ ਸਮੁਚੇ ਕਾਵਿ ਵਿਚ ਚਰਚਾ ਬਹੁਤੀ ਗੁਰੂ, ਗੁਰੂ ਦੇ ਸਿੱਖਾਂ ਅਤੇ ਪੰਥ ਦੀ ਹੋਈ ਹੈ। ਇਹ ਬਲ ਇਸ ਕਾਵਿ ਨੂੰ ਸੰਪ੍ਰਦਾਇਕ ਰੂਪ ਪ੍ਰਦਾਨ ਕਰਦਾ ਹੈ। ਇੰਜ ਅਸੀਂ ਵੇਖਦੇ ਹਾਂ ਕਿ ਭਾਈ ਵੀਰ ਸਿੰਘ ਤੋਂ ਬਹੁਤ ਪਹਿਲਾਂ ਹੀ ਸਿੱਖ ਧਰਮ ਇਕ ਨਿਸ਼ਚਿਤ ਸੰਪ੍ਰਦਾਇ ਦਾ ਰੂਪ ਧਾਰਨ ਕਰ ਚੁਕਾ ਸੀ। ਵੀਰ ਸਿੰਘ ਨੇ ਇਸ ਸੰਪ੍ਰਦਾਇਕ-ਪਰੰਪਰਾ ਵਾਲੇ ਵਿਰਸੇ ਨਾਲ ਆਪਣਾ ਸੰਬੰਧ ਸਥਾਪਿਤ ਕੀਤਾ। ਇਸ ਵਿਰਸੇ ਨੂੰ ਉਸ ਨੇ ਸਿਰਫ਼ ਸਵੀਕਾਰ ਹੀ ਨਹੀਂ ਕੀਤਾ, ਇਸ ਦਾ ਪ੍ਰਸਾਰ ਵੀ ਕੀਤਾ ਹੈ।

ਭਾਈ ਵੀਰ ਸਿੰਘ 'ਰਾਣਾ ਸੂਰਤ ਸਿੰਘ' ਵਿਚ ਰੱਬ ਨੂੰ ਨਿਸ਼ਚਿਤ ਸਥਾਨ ਪ੍ਰਦਾਨ ਕਰਦਾ ਪ੍ਰਤੀਤ ਹੁੰਦਾ ਹੈ, ਪਰ ਉਹ ਏਥੇ ਗੁਰੂ ਦੇ ਰੱਬ-ਅਨੁਭਵ ਤੋਂ ਵੱਖਰੀ ਪ੍ਰਕਾਰ ਦਾ ਅਨੁਭਵ ਪ੍ਰਾਪਤ ਕਰਨ ਦੇ ਯੋਗ ਨਹੀਂ ਹੁੰਦਾ। ਉਹ ਰੱਬ ਦੀ ਸੰਪ੍ਰਦਾਇਕ ਵਿਆਖਿਆ ਨੂੰ ਹੀ ਸਵੀਕਾਰ ਕਰਦਾ ਹੈ। ਉਸ ਦੇ ਸਾਰੇ ਨਾਵਲ ਗੁਰੂ ਦੇ ਸਿਖਾਂ ਨਾਲ ਸੰਬੰਧਿਤ ਹਨ ਅਤੇ 'ਚਮਤਕਾਰ' ਗੁਰੂਆਂ ਨਾਲ। ਇੰਜ ਭਾਈ ਵੀਰ ਸਿੰਘ ਗੁਰਦਾਸ-ਪਰੰਪਰਾ ਦਾ ਅਨੁਸਰਣ ਕਰਨ ਵਾਲਾ ਕਵੀ ਹੈ।

ਉਪਰੋਕਤ ਚਰਚਾ ਅਨੁਸਾਰ ਵੀਰ ਸਿੰਘ-ਸਾਹਿਤ ਦੀ ਕੇਂਦਰੀ ਸਮੱਸਿਆ ਦਾ ਸੰਬੰਧ ਸਿੱਖ ਧਰਮ ਦੀ ਵਿਲੱਖਣ ਹੋਂਦ ਨਾਲ ਹੈ। ਉਸ ਦਾ ਸਮੁੱਚਾ ਕਾਵਿ ਜਾਂ ਸਿੱਖ ਧਰਮ ਦੇ ਇਤਿਹਾਸ ਨਾਲ ਆਪਣੇ ਆਪ ਨੂੰ ਸੰਬੰਧਿਤ ਕਰਦਾ ਹੈ ਜਾਂ ਗੁਰਬਾਣੀ ਤੋਂ ਪ੍ਰਭਾਵ ਗ੍ਰਹਿਣ ਕਰਦਾ ਹੈ। ਉਸ ਦੇ ਕਾਵਿ ਦਾ ਬਲ ਸਿੱਖ ਧਰਮ ਨੂੰ ਪੂਰਵ-ਸਿਖ ਧਰਮਾਂ ਜਾਂ ਭਾਰਤੀ ਧਰਮ ਪਰੰਪਰਾ ਨਾਲੋਂ ਨਿਖੇੜਨ ਉਪਰ ਹੈ। ਸਪਸ਼ਟ ਸ਼ਬਦਾਂ ਵਿਚ ਭਾਈ ਵੀਰ ਸਿੰਘ ਸਿੱਖ ਧਰਮ ਦੀ ਸੰਪ੍ਰਦਾਇਕਤਾ ਤੋਂ ਪ੍ਰਭਾਵਿਤ ਹੈ। ਪ੍ਰਭਾਵਿਤ ਉਹ ਅਧਿਆਤਮਿਕਤਾ ਤੋਂ ਵੀ ਹੈ, ਪਰ ਅਧਿਆਤਮਿਕਤਾ ਦੇ ਵਿਸ਼ੇਸ਼ ਚਰਿਤ੍ਰ ਉਪਰ ਬਲ ਦੇਣ ਕਰਕੇ ਉਹ ਉਸ ਨੂੰ ਵੀ ਸੰਪ੍ਰਦਾਇਕ ਰੰਗਣ ਦੇ ਦੇਂਦਾ ਹੈ। ਇਥੇ ਅਸੀਂ ਇਸ ਤੱਥ ਨੂੰ ਵੀ ਸਵੀਕਾਰ ਕਰ ਲੈਣਾ ਚਾਹੁੰਦੇ ਹਾਂ ਕਿ ਧਰਮ ਦਾ ਮੂਲ ਅਧਿਆਤਮਿਕਤਾ ਹੀ ਹੈ। ਅਭਿਵਿਅਕਤੀ ਦੀ ਇਹ ਮਜਬੂਰੀ ਹੁੰਦੀ ਹੈ ਕਿ ਅਧਿਆਤਮਿਕਤਾ ਅਭਿਵਿਅਕਤੀ ਸਮੇਂ ਸੰਪ੍ਰਦਾਇਕਤਾ ਨਾਲ ਸੰਬੰਧ ਸਥਾਪਿਤ ਕਰ ਲੈਂਦੀ ਹੈ। ਕਿਸੇ ਵਿਸ਼ੇਸ਼ ਸੰਪ੍ਰਦਾਇ ਨਾਲ ਸੰਬੰਧਿਤ ਸ਼ਬਦਾਂ ਵਿਚ ਅਭਿਵਿਅਕਤੀ ਰਾਹੀਂ, ਸੰਪ੍ਰਦਾਇਕਤਾ ਅਧਿਆਤਮਿਕਤਾ ਦਾ ਅਵੱਸ਼ਕ ਅੰਗ ਬਣ ਜਾਂਦੀ ਹੈ। ਪਰ, ਪ੍ਰਤਿਭਾਵਾਨ ਮਨੁੱਖ ਆਪਣੀ ਮੌਲਿਕ ਅਤੇ ਵਿਲੱਖਣ ਸਿਰਜਨਾਤਮਕ ਸ਼ਕਤੀ ਰਾਹੀਂ ਇਸ ਮਜਬੂਰੀ ਦੀ ਪਕੜ ਨੂੰ ਢਿਲਿਆ ਕਰ ਸਕਦਾ ਹੈ। ਵੀਰ ਸਿੰਘ ਨੇ ਇਸ ਪ੍ਰਤਿਭਾਸ਼ਾਲੀ ਸਿਰਜਨਾਤਮਕ ਸ਼ਕਤੀ ਦਾ ਪ੍ਰਮਾਣ ਆਪਣੇ ਕਾਵਿ ਵਿਚ ਨਹੀਂ ਦਿੱਤਾ। ਸਿੱਖ ਧਾਰਮਿਕ ਗ੍ਰੰਥਾਂ ਤੋਂ ਵੱਖਰੀ ਤਰ੍ਹਾਂ ਸੋਚ ਸਕਣਾ ਉਸ ਦੀ ਸੀਮਾਂ ਤੋਂ ਬਾਹਰ ਪ੍ਰਤੀਤ ਹੁੰਦਾ ਹੈ। ਪਰ, ਪੂਰਨ ਸਿੰਘ-ਕਾਵਿ ਇਸ ਸਿਰਜਨਾਤਮਕ ਸ਼ਕਤੀ ਦਾ ਪਰਿਚੈ ਦੇਂਦਾ ਹੈ। ਪੂਰਨ ਸਿੰਘ ਦਾ ਮੂਲ ਸਰੋਤ ਸਿੱਖ ਧਾਰਮਿਕ ਗ੍ਰੰਥ ਹੋ ਸਕਦੇ ਹਨ, ਪਰ ਉਹ ਉਨ੍ਹਾਂ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇਵਲ ਪ੍ਰੇਰਨਾ ਗ੍ਰਹਿਣ ਕਰਦਾ ਹੈ। ਵੀਰ ਸਿੰਘ ਦੇ ਵਿਪਰੀਤ ਉਹ ਪੁਸਤਕੀ-ਚਿੰਤਨ ਨੂੰ ਅਨੁਭਵ ਦਾ ਵਿਸ਼ਾ ਬਣਾ ਕੇ ਪੇਸ਼ ਕਰਦਾ ਹੈ ਅਤੇ ਇਹ ਅਨੁਭਵ ਉਸ ਦਾ ਆਪਣਾ ਵਿਲੱਖਣ ਅਨੁਭਵ ਹੁੰਦਾ ਹੈ। ਕੁਲ ਮਿਲਾ ਕੇ ਵੀਰ ਸਿੰਘ-ਕਾਵਿ ਗ੍ਰੰਥ-ਪ੍ਰਮਾਣ ਹੈ ਅਤੇ ਪੂਰਨ ਸਿੰਘ-ਕਾਵਿ ਅਨੁਭਵ-ਪ੍ਰਮਾਣ। ਇਹੀ ਕਾਰਣ ਹੈ ਕਿ ਪੂਰਨ ਸਿੰਘ-ਕਾਵਿ ਵਿਚ ਧਰਮ ਦਾ ਸੰਪ੍ਰਦਾਇਕ ਰੂਪ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਪਰ, ਸੰਪ੍ਰਦਾਇਕਤਾ ਵੀਰ ਸਿੰਘ ਰਚਿਤ ਸਾਹਿਤ ਦੀ ਸ਼ਕਤੀ ਵੀ ਹੈ ਅਤੇ ਸੀਮਾਂ ਵੀ। ਇਥੇ ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਰਹੇ ਕਿ ਪੂਰਨ ਸਿੰਘ ਧਾਰਮਿਕ ਵਿਅਕਤੀ ਸੀ। ਪੂਰਨ ਸਿੰਘ ਦੇ ਸਿੱਖੀ ਵਿਚ ਪੁਨਰਪ੍ਰਵੇਸ਼ ਦੀ ਕਹਾਣੀ ਉਸ ਦੇ ਵੀਰ ਸਿੰਘ ਨਾਲ ਸੰਪਰਕ ਤੋਂ ਬਾਅਦ ਵਾਪਰੀ, ਇਹ ਅਸੀਂ ਪਹਿਲਾਂ ਹੀ ਸਵੀਕਾਰ ਕਰ ਚੁਕੇ ਹਾਂ। ਅਸੀਂ ਇਹ ਵੀ ਸਵੀਕਾਰ ਕਰਦੇ ਹਾਂ ਕਿ ਵੀਰ ਸਿੰਘ ਨੇ ਪੂਰਨ ਸਿੰਘ ਨੂੰ ਸਿੱਖ ਧਰਮ ਦੇ ਮੂਲ ਸਰੋਤ ਵਲ ਮੋੜਿਆ। ਇਹੋ ਸਰੋਤ ਵੀਰ ਸਿੰਘ ਦਾ ਵੀ ਸੀ। ਪਰ, ਸੋਰੋਤਾਂ ਦੀ ਸਾਂਝ ਤੋਂ ਹੀ ਪ੍ਰਭਾਵ ਦੇ ਨਿਰਣੇ ਉਪਰ ਪਹੁੰਚ ਜਾਣਾ ਸ਼ਾਇਦ ਯੋਗ ਨਾ ਹੋਵੇ। ਇਸ ਸਥਿਤੀ ਅਨੁਸਾਰ ਪੂਰਨ ਸਿੰਘ ਦਾ ਵੀਰ ਸਿੰਘ ਦੀ ਧਾਰਮਿਕਤਾ ਤੋਂ ਪ੍ਰਭਾਵਿਤ ਹੋਣ ਦਾ ਸੰਕੇਤ ਨਹੀਂ ਮਿਲਦਾ, ਪਰ ਇਸ ਦੇ ਆਧਾਰ ਉਤੇ ਪੂਰਨ ਸਿੰਘ ਨੂੰ ਵੀਰ ਸਿੰਘ ਤੋਂ ਪ੍ਰੇਰਿਤ ਕਿਹਾ ਜਾ ਸਕਦਾ ਹੈ। ਜੇ ਪੂਰਨ ਸਿੰਘ ਪ੍ਰਭਾਵਿਤ ਹੋਇਆ ਹੁੰਦਾ ਤਾ ਨਿਸ਼ਚੇ ਹੀ ਉਸ ਦੀ ਧਰਮ-ਭਾਵਨਾ ਦਾ ਆਧਾਰ ਵੀ ਉਹੀ ਉਪਰੋਕਤ ਸਿਖ ਸੰਪ੍ਰਦਾਇਕ-ਕਾਵਿ ਦੀ ਪਰੰਪਰਾ ਹੀ ਹੁੰਦੀ। ਪਰ, ਇਸ ਪਰੰਪਰਾ ਦਾ ਆਂਸ਼ਿਕ ਪ੍ਰਭਾਵ ਹੀ ਉਸ ਦੇ ਕਾਵਿ ਵਿਚ ਲੱਭਿਆ ਜਾ ਸਕਦਾ ਅਤੇ ਵੀਰ ਸਿੰਘ-ਕਾਵਿ ਉਪਰ ਇਸ ਪਰੰਪਰਾ ਦੀ ਪਕੜ ਕਰੜੀ ਹੈ। ਉਹ ਇਸ ਤੋਂ ਸੁਤੰਤਰ ਦ੍ਰਿਸ਼ਟੀ ਨਾਲ ਸਾਂਝ ਪਾ ਸਕਣ ਤੋਂ ਅਸਲੋਂ ਅਸਮਰਥ ਹੈ। ਵੀਰ ਸਿੰਘ-ਕਾਵਿ ਦੀ ਸ਼ਕਤੀ ਦਾ ਇਹ ਭੇਦ ਹੈ ਕਿ ਉਸ ਨੇ ਸਮੁੱਚੀ ਰਚਨਾ ਇਕ ਧਾਰਮਿਕ ਵਿਅਕਤੀ ਦੇ ਕਰਤਵ ਪ੍ਰਤੀ ਚੇਤੰਨ ਹੋ ਕੇ ਕੀਤੀ ਹੈ। ਉਸ ਦੇ ਕਾਵਿ ਦੀ ਪ੍ਰਸਿੱਧੀ ਵੀ ਪ੍ਰਮੁਖ ਰੂਪ ਵਿਚ ਇਕ ਵਿਸ਼ੇਸ਼ ਧਾਰਮਿਕ ਬੰਧਨ-ਯੁਕਤ ਸ਼ੈਲੀ ਕਰਕੇ ਹੀ ਹੈ। ਪਰ, ਇਹ ਬੰਧਨ ਪੂਰਨ ਸਿੰਘ-ਕਾਵਿ ਦਾ ਲੱਛਣ ਨਹੀਂ। ਸੱਚ ਤਾਂ ਇਹ ਹੈ ਕਿ ਪੂਰਨ ਸਿੰਘ ਧਾਰਮਿਕ ਵਿਅਕਤੀ ਹੋ ਸਕਦਾ ਹੈ ਧਾਰਮਿਕ ਕਵੀ ਨਹੀਂ।

ਧਾਰਮਿਕ-ਕਾਵਿ ਦੇ ਅਰਥਾਂ ਵਿਚ, ਪੂਰਨ ਸਿੰਘ ਦੀ ਬਹੁਤੀ ਕਵਿਤਾ ਤਾਂ ਧਾਰਮਿਕ ਹੈ ਹੀ ਨਹੀਂ। 'ਖੁਲ੍ਹੇ ਘੁੰਡ' ਦੀਆਂ ਜਿਨ੍ਹਾਂ ਕਵਿਤਾਵਾਂ ਨੂੰ ਧਾਰਮਿਕ ਕਿਹਾ ਜਾਂਦਾ ਹੈ, ਉਨ੍ਹਾਂ ਦਾ ਮੁਹਾਵਰਾ, ਉਨ੍ਹਾਂ ਦੀ ਸ਼ਬਦਾਵਲੀ ਵੀਰ ਸਿੰਘ ਦੀ ਕਵਿਤਾ ਤੋਂ ਆਪਣੀ ਵੱਖਰ ਦਾ ਪਰਿਚੈ ਦਿੰਦੀ ਹੈ। ਪੂਰਨ ਸਿੰਘ ਦਾ ਇਹ ਕਾਵਿ ਕਿਸੇ ਸੰਪ੍ਰਦਾਇ ਪ੍ਰਤੀ ਵਿਰੋਧ ਪ੍ਰਗਟ ਨਹੀਂ ਕਰਦਾ। ਧਰਮਾਂ ਦੇ ਨਖੇੜੇ ਦੀ ਭਾਵਨਾ ਉਸ ਦੇ ਇਸ ਕਾਵਿ ਦਾ ਅੰਗ ਨਹੀਂ। ਉਹ ਬੁੱਧ ਦੇ ਬੁੱਤ ਬਾਰੇ ਵੀ ਕਹਿ ਸਕਦਾ ਹੈ ਅਤੇ ਗੋਰਖ ਨਾਥ ਜੋਗੀ ਬਾਰੇ ਵੀ। ਕ੍ਰਿਸ਼ਨ ਜੀ, ਹਨੂਮਾਨ, ਗੁਰੂ ਅਵਤਾਰ ਅਤੇ ਐਲੀਫੈਂਟਾ ਦੀ ਤ੍ਰੈਮੂਰਤੀ ਆਦਿ ਕੋਈ ਵੀ ਉਸ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ੇ ਸੀਮਾ ਤੋਂ ਬਾਹਰ ਨਹੀਂ। ਉਹ ਸ਼ੰਕਰ ਜੀ ਦੇ ਵਿਚਾਰਾਂ ਦੀ ਵੀ ਪ੍ਰੋੜ੍ਹਤਾ ਕਰ ਸਕਦਾ ਹੈ। ਅਤੇ ਇਕਬਾਲ ਨਾਲ ਵੀ ਉਸ ਨੂੰ ਪਿਆਰ ਹੈ। ਉਹ ਗੁਰੂ ਗ੍ਰੰਥ ਦੇ ਕਮਾਲ ਦਾ ਕਾਇਲ ਹੈ. ਪਰ ਗੀਤਾ ਉਪਨਿਸ਼ਦ ਅਤੇ ਕੁਰਾਨ ਨਾਲ ਵੀ ਉਸ ਦਾ ਕੋਈ ਵਿਰੋਧ ਨਹੀਂ। ਇੰਜ ਨਿਸ਼ਚਿਤ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੂਰਨ ਸਿੰਘ-ਕਾਵਿ ਦੀ ਅਤਿ ਸੀਮਤ ਧਾਰਮਿਕ ਰੰਗਣ ਵਾਲੀ ਰਚਨਾ ਦਾ ਸਰੂਪ ਵੀਰ ਸਿੰਘ-ਕਾਵਿ ਦੇ ਸੰਪ੍ਰਦਾਇਕ ਮੁਹਾਵਰੇ ਵਾਲੀ ਰਚਨਾ ਤੋਂ ਵੱਖਰਾ ਹੈ। ਸੱਚ ਤਾਂ ਇਹ ਹੈ ਕਿ ਪੂਰਨ ਸਿੰਘ-ਕਾਵਿ ਦੇ ਕਿਸੇ ਪ੍ਰਸ਼ਨ ਨੂੰ ਵੀ ਪੰਜਾਬੀ ਦੀ ਸੀਮਿਤ-ਕਾਵਿ ਪਰੰਪਰਾ ਦੇ ਸੰਦਰਭ ਵਿਚ ਨਹੀਂ ਨਜਿੱਠਿਆ ਜਾ ਸਕਦਾ। ਪੂਰਨ ਸਿੰਘ ਕੇਵਲ ਸਿਖ-ਧਾਰਮਿਕ-ਕਾਵਿ ਦੀ ਪਰੰਪਰਾ ਨੂੰ ਹੀ ਵਿਰਸੇ ਵਿਚ ਪ੍ਰਾਪਤ ਨਹੀਂ ਕਰਦਾ। ਉਸ ਦੇ ਕਾਵਿ ਨੂੰ ਪੰਜਾਬ ਦੀ ਸਮੁੱਚੀ ਬਹੁਭਾਸ਼ਾਈ, ਬਹੁਧਰਮੀ ਕਾਵਿ-ਪਰੰਪਰਾ ਦੇ ਪਰਿਪੇਖ ਵਿਚ ਸਮਝਣ ਦੀ ਲੋੜ ਹੈ। ਕੁਲ ਮਿਲਾ ਕੇ ਵੀਰ ਸਿੰਘ ਆਂਸ਼ਿਕ ਪੰਜਾਬ ਦਾ ਬੰਦਾ ਹੈ, ਪੰਜਾਬ ਦੀ ਸਿਖੀ ਦਾ ਬੰਦਾ ਹੈ ਅਤੇ ਪੂਰਨ ਸਿੰਘ ਅਖੰਡ ਪੰਜਾਬ ਦਾ ਕਵੀ ਹੈ।

FORWARDED FREE OF COST &
WITH THE COMPLIMENTS OF
THE DEPARTMENT OF
EDUCATION GOVT. OF INDIA,
NEW DELHI.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰਨ ਸਿੰਘ ਦਾ ਕਾਵਿ-ਜਗਤ

ਕਲੀਂਥ ਬਰੁਕਸ ਨੇ ਆਪਣੀ ਪੁਸਤਕ[1] ਦੇ ਪ੍ਰਵੇਸ਼ ਵਿਚ ਕਿਹਾ ਸੀ – ਹਰ ਉਹ ਕਵੀ ਜਿਸ ਨੂੰ ਅਸੀਂ ਪੜ੍ਹਦੇ ਹਾਂ ਕਿਸੇ ਹੱਦ ਤਕ ਕਵਿਤਾ ਸੰਬੰਧੀ ਸਾਡੇ ਚਿੰਤਨ ਨੂੰ ਪਰਿਵਰਤਿਤ ਕਰਦਾ ਹੈ। ਬਹੁਤੇ ਕਵੀ ਅਜਿਹੇ ਹੁੰਦੇ ਹਨ ਜਿਹੜੇ ਸਾਡੇ ਇਸ ਚਿੰਤਨ ਨੂੰ ਇੰਨੇ ਸੂਖਮ ਰੂਪ ਵਿਚ ਪ੍ਰਭਾਵਿਤ ਕਰਦੇ ਹਨ ਕਿ ਅਸੀਂ ਉਨ੍ਹਾਂ ਨੂੰ ਪੜ੍ਹ ਲੈਣ ਤੋਂ ਬਾਅਦ ਵੀ ਕਵਿਤਾ ਬਾਰੇ ਪਹਿਲੇ ਵਾਂਗ ਹੀ ਸੋਚਦੇ ਰਹਿੰਦੇ ਹਾਂ। ਪਰਿਣਾਮ ਸਰੂਪ ਅਸੀਂ ਇਸ ਨਤੀਜੇ ਉਪਰ ਪੁਜਦੇ ਹਾਂ ਕਿ ਕਵਿਤਾ ਦਾ ਸੰਸਾਰ ਇਕ ਤਰ੍ਹਾਂ ਨਾਲ ਸਥਿਰ ਸੰਸਾਰ ਹੈ। ਅਸੀਂ ਸਮਝਦੇ ਹਾਂ ਕਿ ਕਾਵਿ ਸੰਬੰਧੀ ਆਪਣੀ ਪੂਰਵ-ਧਾਰਨਾ ਦੀ ਮਦਦ ਨਾਲ ਅਸੀਂ ਕਿਸੇ ਵੀ ਕਵੀ ਦੀ ਕਾਵਿ-ਰਚਨਾ ਦਾ ਅਧਿਐਨ ਕਰ ਸਕਦੇ ਹਾਂ। ਪਰ, ਸਾਡੀ ਅਧਿਐਨ-ਸੀਮਾ ਵਿਚ ਕਦੀ ਕੋਈ ਕਵੀ ਅਜਿਹਾ ਵੀ ਆ ਜਾਂਦਾ ਹੈ, ਜਿਸ ਨੂੰ ਪੜ੍ਹਣ ਤੋਂ ਬਾਅਦ ਕਵਿਤਾ ਸੰਬੰਧੀ ਪੂਰਵ-ਧਾਰਨਾ ਵਿਚ ਪਰਿਵਰਤਨ ਜ਼ਰੂਰੀ ਹੋ ਜਾਂਦਾ ਹੈ[2] ਪੰਜਾਬੀ ਕਾਵਿ-ਖੇਤਰ ਵਿਚ ਪੂਰਨ ਸਿੰਘ-ਕਾਵਿ ਇਸੇ ਪ੍ਰਕਾਰ ਦੀ ਸਿਰਜਣ-ਸਮਰਥਾ ਦਾ ਪਰਿਚੈ ਦਿੰਦਾ ਹੈ। ਮੋਹਨ ਸਿੰਘ ਨੂੰ ਪੜ੍ਹ ਲੈਣ ਤੋਂ ਬਾਅਦ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਦੇ ਪਾਠ ਨਾਲ ਕਿਸੇ ਪ੍ਰਕਾਰ ਦੀ ਪਰਿਵਰਤਿਤ ਕਾਵਿ-ਧਾਰਨਾ ਦੀ ਲੋੜ ਮਹਿਸੂਸ ਹੋਵੇ ਜਾਂ ਨਾ ਹੋਵੇ, ਇਸ ਸੰਬੰਧੀ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਪਰ, ਸਮੁਚੇ ਪੰਜਾਬੀ ਕਾਵਿ ਨੂੰ ਪੜ੍ਹ ਲੈਣ ਤੋਂ ਬਾਅਦ ਵੀ ਪੂਰਨ ਸਿੰਘ-ਕਾਵਿ ਦਾ ਪਾਠ ਇਕ ਵਿਲੱਖਣ, ਇਕ ਵੱਖਰੇ ਪ੍ਰਕਾਰ ਦੇ ਕਾਵਿ-ਸ਼ਾਸਤ੍ਰ ਦੀ ਮੰਗ ਕਰਦਾ ਹੈ। ਸ਼ਾਇਦ ਇਹੋ ਕਾਰਣ ਹੈ ਕਿ ਪੂਰਨ ਸਿੰਘ-ਕਾਵਿ ਬਹੁਤੇ ਪੰਜਾਬੀ ਸਮੀਖਿਅਕਾਂ ਦੀ ਪਕੜ ਵਿਚ ਨਹੀਂ ਆ ਸਕਿਆ। ਪੰਜਾਬੀ ਸਮੀਖਿਅਕ ਏਨੀ ਕੱਸਵੀਂ ਪੂਰਵ-ਧਾਰਨਾ ਲੈ ਕੇ ਕਾਵਿ ਵਿਚ ਪ੍ਰਵੇਸ਼ ਕਰਦੇ ਹਨ ਕਿ ਕਾਵਿ-ਵਿਲੱਖਣਤਾ ਉਨ੍ਹਾਂ ਦੇ ਘੇਰੇ ਤੋਂ ਬਾਹਰ ਰਹਿ ਜਾਂਦੀ ਹੈ।

ਪੂਰਨ ਸਿੰਘ ਦੀਆਂ ਕਵਿਤਾਵਾਂ ਦੇ ਨਿਕਟ ਵਿਸ਼ਲੇਸ਼ਨ ਤੋਂ ਪੂਰਨ ਸਿੰਘ-ਕਾਵਿ ਦੀ ਲੈਅ ਸੰਬੰਧੀ ਇਕ ਮਹੱਤਵਪੂਰਨ ਤੱਥ ਪ੍ਰਾਪਤ ਹੁੰਦਾ ਹੈ। ਆਪਣੇ ਸਮੇਂ ਤਕ ਪੂਰਨ ਸਿੰਘ

1. Cleanth Brooks, *Modern Poetry and the Tradition*
1. ਉਹੀ, ਪੰਨਾ XXIX (Preface)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕੱਲਾ ਕਵੀ ਹੈ ਜਿਹੜਾ ਛੰਦ-ਬਧ ਲੈਅ ਨੂੰ ਕਵਿਤਾ ਲਈ ਜ਼ਰੂਰੀ ਨਹੀਂ ਸਮਝਦਾ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਸ ਦੀਆ ਕੁਝ ਕੁ ਕਵਿਤਾਵਾ ਛੰਦ-ਬਧ ਹਨ ਅਤੇ ਤੁਕਾਂਤ-ਸਹਿਤ ਵੀ। ਉਸ ਦੀ ਅੰਤਮ ਪੁਸਤਕ 'ਖੁਲ੍ਹੇ ਅਸਮਾਨੀ ਰੰਗ' ਦੀਆਂ ਕੁਝ ਅੰਤਮ ਕਵਿਤਾਵਾ ਉਦਾਹਰਣ ਲਈ ਪੇਸ਼ ਕੀਤੀਆਂ ਜਾ ਸਕਦੀਆ ਹਨ। ਪਰ ਇਹ ਥੋੜ੍ਹੀਆਂ ਜਿਹੀਆਂ ਕਵਿਤਾਵਾ ਉਸਦੀ ਸਮੁੱਚੀ ਰਚਨਾ ਵਿਚ ਅਪਵਾਦ ਰੂਪ ਵਿਚ ਹੀ ਹਨ। ਉਸ ਦੀਆਂ ਕਵਿਤਾਵਾਂ ਦੀ ਬਹੁ-ਗਿਣਤੀ ਛੰਦ ਅਤੇ ਤੁਕਾਂਤ-ਮੁਕਤ ਹੈ। ਪਰ, ਇਸਦੇ ਬਾਵਜੂਦ ਉਸ ਦੀ ਕਵਿਤਾ ਵਿਚ ਲੈਅ ਹੈ। ਇਸ ਲੈਅ ਦੀ ਪ੍ਰਕਿਰਤੀ ਕੀ ਹੈ?

ਕਾਵਿ-ਰਚਨਾ ਅਜਨਬੀਕਰਣ (defamiliarisation) ਦਾ ਮਾਹੌਲ ਪੈਦਾ ਕਰਨ ਵਲ ਰੁਚਿਤ ਹੁੰਦੀ ਹੈ। ਇਸ ਅਨਜਬੀਕਰਣ ਦੇ ਮਾਹੌਲ ਲਈ ਕਵੀ ਕੁਝ ਰਚਨਾ-ਜੁਗਤਾਂ ਦੀ ਵਰਤੋਂ ਕਰਦਾ ਹੈ। ਉਨ੍ਹਾਂ ਰਚਨਾ-ਜੁਗਤਾਂ ਵਿਚੋਂ ਇਕ ਜੁਗਤ ਹੈ, ਛੰਦ। ਛੰਦ ਦਾ ਮੂਲ ਆਧਾਰ ਲੈਅ ਹੈ। ਜਿਵੇਂ ਵਿਆਕਰਣ ਦੇ ਨੇਮ ਸੀਮਿਤ ਹਨ, ਪਰ ਉਨ੍ਹਾਂ ਸੀਮਿਤ ਨੇਮਾਂ ਦੇ ਆਧਾਰ ਉਪਰ ਅਨੰਤ ਵਾਕ ਬਣਾਏ ਜਾ ਸਕਦੇ ਹਨ। ਇਸੇ ਤਰ੍ਹਾਂ ਛੰਦ-ਰਚਨਾ ਦੇ ਮੂਲ ਆਧਾਰ ਲੈਅ ਦੀਆਂ ਵੀ ਸੀਮਾਵਾਂ ਹਨ। ਪੰਜਾਬੀ ਲੈਅ ਦੀ ਬੁਨਿਆਦੀ ਇਕਾਈ ਮਾਤ੍ਰਾ ਹੈ ਅਤੇ ਇਹ ਮਾਤ੍ਰਾਵਾਂ ਦੋ ਪ੍ਰਕਾਰ ਦੀਆਂ ਹਨ – ਲਘੂ ਅਤੇ ਗੁਰੂ। ਪਰ ਇਹ ਮਾਤ੍ਰਾਵਾਂ ਲੈਅ ਦੀ ਬੁਨਿਆਦੀ ਇਕਾਈ ਹਨ, ਲੈਅ ਨਹੀਂ। ਲਘੂ ਅਤੇ ਗੁਰੂ ਮਾਤ੍ਰਾਵਾਂ ਨੂੰ ਜੋੜ ਕੇ, ਉਨ੍ਹਾਂ ਦੇ ਪ੍ਰਬੰਧ ਰਾਹੀਂ ਬਹੁਤ ਸਾਰੇ ਛੰਦਾਂ ਦੀ ਰਚਨਾ ਕੀਤੀ ਜਾ ਸਕਦੀ ਹੈ। ਪੰਜਾਬੀ ਦੇ ਕੁਝ ਕੁ ਪ੍ਰਸਿੱਧ ਛੰਦ–ਬੈਂਤ, ਦਵਈਆ, ਚੌਪਾਈ, ਸੋਰਠਾ ਆਦਿ ਮਾਤ੍ਰਾਵਾਂ ਦੇ ਵੱਖ ਵੱਖ ਪ੍ਰਬੰਧਾਂ ਰਾਹੀਂ ਬਣਾਏ ਜਾ ਸਕਣ ਵਾਲੇ ਛੰਦਾਂ ਵਿਚੋਂ ਕੁਝ ਕੁ ਛੰਦ ਹਨ। ਇਨ੍ਹਾਂ ਛੰਦਾਂ ਤੋਂ ਇਲਾਵਾ ਵੀ ਬਹੁਤ ਸਾਰੇ ਹੋਰ ਛੰਦਾਂ ਦੀ ਰਚਨਾ ਬਦਲਵੇਂ ਲਘੂ ਗੁਰੂ ਕ੍ਰਮ ਨਾਲ ਕੀਤੀ ਜਾ ਸਕਦੀ ਹੈ, ਪਰ ਪੰਗਤੀਆਂ ਦੇ ਲਘੂ ਗੁਰੂ ਕਰਮ ਦਾ ਪਰਸਪਰ ਦੁਹਰਾਉ ਛੰਦ-ਰਚਨਾ ਲਈ ਬਹੁਤ ਜ਼ਰੂਰੀ ਹੈ। ਸਾਡੀ ਪ੍ਰਕਿਰਤਕ ਭਾਸ਼ਾ ਦੀ ਵੀ ਲੈਅ ਹੁੰਦੀ ਹੈ। ਪਰ, ਛੰਦ ਵਿਚ ਇਕ ਵਿਸ਼ੇਸ਼ ਪ੍ਰਬੰਧ ਰਾਹੀਂ ਲੈਅ ਦੀ ਸਿਰਜਣਾ ਕੀਤੀ ਜਾਂਦੀ ਹੈ। ਇਹ ਵਿਸ਼ੇਸ਼ ਲੈਅ ਪ੍ਰਕਿਰਤਕ ਲੈਅ ਉਪਰ ਆਧਾਰਿਤ ਹੁੰਦੀ ਹੋਈ ਵੀ ਉਸ ਤੋਂ ਵੱਖਰੀ ਪ੍ਰਤੀਤ ਹੁੰਦੀ ਹੈ। ਇਸ ਸਾਰੀ ਪ੍ਰਕਿਰਿਆ ਨੂੰ ਇਕ ਤਰ੍ਹਾਂ ਦੀ ਅਨਜਬੀਕਰਣ ਦੀ ਪ੍ਰਕਿਰਿਆ ਦਾ ਨਾਮ ਦਿਤਾ ਜਾ ਸਕਦਾ ਹੈ। ਉਦਾਹਰਣ ਲਈ ਅਸੀਂ ਹੇਠਾਂ ਹਾਸ਼ਮ ਦਾ ਇਕ ਦਵਈਆਂ ਪੇਸ਼ ਕਰਦੇ ਹਾਂ:–

ਨਾਜ਼ਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
ਬਾਲੂ ਰੇਤ ਤਪੇ ਵਿਚ ਥਲ ਦੇ, ਜਿਉਂ ਜੌਂ ਭੁੰਨਣ ਭਠਿਆਰੇ।
ਸੂਰਜ ਭੱਜ ਵੜਿਆ ਵਿਚ ਬਦਲੀਂ, ਡਰਦਾ ਲਿਸ਼ਕ ਨ ਮਾਰੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਸ਼ਮ ਵੇਖ ਯਕੀਨ ਸੱਸੀ ਦਾ. ਸਿਦਕੋਂ ਮੂਲ ਨਾ ਹਾਰੇ।

ਉਪਰੋਕਤ ਦਵਈਏ ਵਿਚ ਹਰ ਤੁਕ ਵਿਚ ਮਾਤ੍ਰਾਵਾਂ ਦੀ ਗਿਣਤੀ ਬਰਾਬਰ (28) ਹੈ। ਇਸ ਤੋਂ ਇਲਾਵਾ ਹਰ ਤੁੱਕ ਦੇ ਅੰਤ ਵਿਚ ਦੋ ਗੁਰੂ ਹਨ ਅਤੇ ਤੁਕਾਂਤ ਮਿਲਦੇ ਹਨ। ਪ੍ਰਕਿਰਤਕ ਭਾਸ਼ਾ ਵਿਚ ਇਸ ਪ੍ਰਕਾਰ ਦੇ ਨਿਸ਼ਚਿਤ ਪ੍ਰਬੰਧ ਵਲ ਧਿਆਨ ਨਹੀਂ ਦਿੱਤਾ ਜਾਂਦਾ। ਪਰਿਣਾਮ ਸਰੂਪ ਪ੍ਰਕਿਰਤਕ ਭਾਸ਼ਾ ਦੀ ਲੈਅ ਦਾ ਅਭਿਆਸੀ ਜਦੋਂ ਉਪਰੋਕਤ ਪ੍ਰਕਾਰ ਦੀ ਛੰਦ-ਬੱਧ ਰਚਨਾ ਪੜ੍ਹਦਾ ਹੈ ਤਾਂ ਉਸ ਨੂੰ ਕੁਝ ਅਨਜਬੀਅਤ ਦਾ ਅਹਿਸਾਸ ਹੁੰਦਾ ਹੈ। ਇਹੋ ਅਜਨਬੀਕ੍ਰਿਤ ਕਾਵਿ-ਭਾਸ਼ਾ ਕਾਵਿ ਨੂੰ ਵਿਲੱਖਣ ਚਰਿਤ੍ਰ ਦੇਂਦੀ ਹੈ। ਕਾਵਿ-ਭਾਸ਼ਾ ਦਾ ਇਹ ਅਨਜਬੀਕ੍ਰਿਤ ਰੂਪ ਜਦੋਂ ਰੂੜ੍ਹ ਹੋ ਜਾਂਦਾ ਹੈ ਤਾਂ ਕਾਵਿ-ਪਾਠਕ ਲਈ ਇਹ ਵੀ ਪ੍ਰਕਿਰਤਕ ਹੋ ਜਾਂਦਾ ਹੈ। ਉਹ ਰੂੜ੍ਹ ਕਾਵਿ-ਭਾਸ਼ਾ ਵਿਚ ਪਰਿਵਰਤਨ ਕਰਕੇ ਉਸ ਭਾਸ਼ਾ ਦਾ ਪੁਨਰ-ਅਜਨਬੀਕਰਣ ਕਰਦਾ ਹੈ। ਇਕ ਕਵੀ ਸਿਰਖੰਡੀ ਛੰਦ ਦੀ ਰਚਨਾ ਕਰਦਾ ਹੈ. ਜਿਸ ਵਿਚ ਛੰਦ ਦੇ ਬੰਧਨ ਤੇ ਹੁੰਦੇ ਹਨ. ਪਰ ਤੁਕਾਂਤ ਮਿਲਾਉਣ ਵਲ ਧਿਆਨ ਨਹੀਂ ਦਿੱਤਾ ਜਾਂਦਾ

ਪੱਧਰ ਇੱਕ ਮਦਾਨ ਪਰਬਤ ਘੇਰਿਆ
ਛੋਟਾ ਪਰ ਰਮਣੀਕ ਸੁਥਰਾ ਸੋਹਣਾ
ਵਿਚ ਹਿਮਾਂਚਲ ਧਾਰ ਜੋਤੇ ਵਿੱਥ ਤੇ
ਲਹ ਲਹ ਸਬਜ਼ੀ ਨਾਲ ਸਾਰਾ ਕਰ ਰਿਹਾ।[1]

ਇਸ ਛੰਦ ਵਿਚ ਮਾਤ੍ਰਾਵਾਂ ਦੀ ਗਿਣਤੀ ਨਿਸ਼ਚਿਤ ਹੈ। ਹਰ ਤੁਕ ਵਿਚ 21 ਮਾਤ੍ਰਾ ਹਨ ਅਤੇ ਬਿਸ੍ਰਾਮ 11,9 ਤੇ ਹੈ। ਪਰ. ਤੁਕਾਂਤ ਨਾ ਮਿਲਣ ਕਰਕੇ ਕਾਵਿ-ਰੂੜ੍ਹੀਆਂ ਦੇ ਅਭਿਆਸੀ ਨੂੰ ਇਸ ਵਿਚ ਕੁਝ ਅਜਨਬੀਅਤ ਲਗੇਗੀ। ਕਾਵਿ-ਲੈਅ ਵਿਚ ਇਸ ਹਲਕੇ ਜਿਹੇ ਪਰਿਵਰਤਨ ਨਾਲ ਕਾਵਿ-ਭਾਸ਼ਾ ਦਾ ਪੁਨਰ-ਅਜਨਬੀਕਰਣ ਹੋਇਆ ਹੈ। ਲੰਮੇ ਅਰਸੇ ਤਕ ਕਵਿਤਾ ਜੇ ਛੰਦ-ਬਧ ਰਖੀ ਜਾਂਦੀ ਹੈ. ਉਸ ਵਿਚਲਾ ਅਜਨਬੀ ਮਾਹੌਲ ਅਣਗੌਲਿਆ ਰਹਿ ਜਾਂਦਾ ਹੈ। ਇਸ ਸਥਿਤੀ ਤੇ ਪਹੁੰਚ ਕੇ ਕੋਈ ਵੀ. ਕਵਿਤਾ ਲਿਖਣ ਸਮੇਂ ਵਾਰਤਕ-ਭਾਸ਼ਾ ਦੀ ਵਰਤੋਂ ਕਰਨ ਲਗ ਜਾਂਦਾ ਹੈ। ਇਸ ਪ੍ਰਕਾਰ ਦੀ ਕਵਿਤਾ. ਕਵਿਤਾ ਦੀ ਪਰੰਪਰਿਕ ਛੰਦਾਂ-ਬੰਦੀ ਤੋਂ ਮੁਕਤ ਹੋਣ ਕਰਕੇ. ਪਾਠਕ ਨੂੰ ਪਸੰਦ ਵੀ ਆ ਸਕਦੀ ਹੈ। (ਕਿਉਂਕਿ ਉਸ ਨੂੰ ਪਰੰਪਰਿਕ ਕਵਿਤਾ ਦੇ ਮੁਕਾਬਲੇ ਵਿਚ ਇਹ ਕਵਿਤਾ ਵਧੇਰੇ ਅਜਨਬੀ ਲਗੇਗੀ) ਅਤੇ ਐਸੀ ਕਵਿਤਾ ਕੁਝ ਪਾਠਕਾਂ ਨੂੰ ਨਾਪਸੰਦ ਵੀ ਹੋ ਸਕਦੀ ਹੈ (ਉਨ੍ਹਾਂ ਦਾ ਇਤਰਾਜ਼ ਹੋ ਸਕਦਾ ਹੈ ਕਿ ਕਵਿਤਾ. ਕਵਿਤਾ ਦੀ ਪ੍ਰਮਾਣਿਕ/ ਰੂੜ੍ਹ ਭਾਸ਼ਾ-ਸ਼ੈਲੀ ਵਿਚ ਨਹੀਂ) ਪੂਰਨ ਸਿੰਘ ਨੇ ਜਿਸ ਕਵਿਤਾ ਦੀ ਸਿਰਜਣਾ ਕੀਤੀ. ਉਸ ਵਿਚ ਰੂੜ੍ਹ/ ਛੰਦ-ਬੱਧ ਕਾਵਿ-ਭਾਸ਼ਾ ਦਾ ਅਜਨਬੀਕਰਣ ਹੋਇਆ ਪ੍ਰਤੀਤ ਹੁੰਦਾ ਹੈ। ਪਰ. ਇਹ ਭਾਸ਼ਾ ਵਾਰਤਕ-ਭਾਸ਼ਾ ਦੇ

1. ਭਾਈ ਵੀਰ ਸਿੰਘ. *'ਰਾਣਾ ਸੂਰਤ ਸਿੰਘ'*, ਪੰਨਾ 1

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇੜੇ ਹੁੰਦੀ ਹੋਈ ਵੀ ਉਸ ਨਾਲੋਂ ਵੱਖਰੀ ਹੈ। ਇਸ ਨੂੰ ਅਸੀਂ ਪੰਜਾਬੀ ਕਵਿਤਾ ਵਿਚ ਨਵੀਂ ਲੈਅ ਦਾ ਨਾਮ ਦੇ ਸਕਦੇ ਹਾਂ। ਇਹ ਨਵੀ ਲੈਅ ਪੰਜਾਬੀ ਕਵਿਤਾ ਦੀ ਪਰੰਪਰਾਗਤ ਲੈਅ ਨੂੰ ਤੋੜਦੀ ਹੈ।

ਪੂਰਨ ਸਿੰਘ-ਕਾਵਿ ਵਿਚ ਸਾਨੂੰ ਐਸੇ ਉਦਾਹਰਣ ਵੀ ਮਿਲ ਸਕਦੇ ਹਨ ਜਿਥੇ ਕਾਵਿ-ਭਾਸ਼ਾ ਦੀ ਲੈਅ ਦਾ ਅਸਲੋਂ ਤਿਆਗ ਹੋਇਆ ਮਿਲੇਗਾ। ਇਸ ਪ੍ਰਕਾਰ ਦੇ ਉਦਾਹਰਣ ਉਸ ਦੀ ਕਵਿਤਾ ਵਿਚ ਪ੍ਰਾਪਤ ਹਨ:

1. ਲੂਣਾ ਜ਼ਹਿਰ ਸੀ ਮਿੱਠਾ; ਮਾਸ, ਹੱਡੀ ਰਾਜ ਦਾ ਥੋਥਾ ਕਰ ਰਹੀ ਸੀ, ਰਾਜਾ ਸਾਲਵਾਹਨ ਭੁਲੇਖੇ ਵਿਚ ਮਰ ਗਿਆ, ਧਰਮ, ਕਰਮ, ਇਨਸਾਫ, ਕਾਨੂੰਨ, ਕੰਮ, ਕਾਜ, ਰਾਜਨੀਤੀ, ਹੁਕਮ ਸਭ ਇਕ ਲੂਣਾ ਲੂਣਾ ਹੋ ਰਹਿਆ!![1]

2. ਮਹਿਲਾ ਵਿਚ ਦੋਵੇਂ 'ਕੱਲੇ ਖੜੇ, ਰਾਣੀ ਲੂਣਾਂ ਤੇ ਪੂਰਨ: ਉਹਦੇ ਸਾਹਮਣੇ ਪੂਰਨ ਦੀਆਂ ਅੱਖਾਂ ਹਿਠਾਹਾਂ ਤੱਕਣ, ਲੂਣਾ ਕੁਝ ਸ਼ਰਮਾਉਂਦੀ ਹੈ, ਕੁਝ ਜ਼ੋਰ ਨਾਲ ਅੱਖਾਂ ਚੱਕ ਪੂਰਨ ਨੂੰ ਦੇਖਦੀ ਏ, ਵੇਲਾ ਇਉਂ ਹੈ ਦਿਲ ਦੀਆਂ ਦਸਣ ਦਾ, ਇਹ ਸ਼ਰਮਾਂ ਕਿਉਂ ਮੌਕਾ ਵੰਞਾਂਦੀਆਂ ਹਨ?[2]

3. ਇਹ ਜਗਤ ਸਾਰਾ ਮੈਨੂੰ ਖਾਣ ਦੌੜਦਾ ਮੈਂ ਇਕੱਲੀ ਹਾਂ, ਮੈਂ ਆਪਣਾ ਰੱਬ ਮੰਗਦੀ ਹਾਂ, ਆਪਣਾ ਸਿਦਕ ਈਮਾਨ, ਪਿਆਰ ਸੱਚਾ, ਮੈਨੂੰ ਮੇਰੇ ਦਿਲ ਵਿਚ ਪੂਜਾ ਦੀ ਥਾਂ ਬਖਸ਼ੋ, ਮੈਨੂੰ ਅੰਦਰ ਇਕ ਮੰਦਰ ਉਸਾਰ ਦਿਓ।[3]

4. ਲੂਣਾਂ ਮਾਈ ਦਾ ਨਾ ਕੋਈ ਕਸੂਰ ਜਾਣੀ, ਰਾਜਿਆ! ਨਿਆਏ ਮਨੁੱਖ ਦੇ ਹੱਥ ਨਾਂਹ, ਨਿਆਏ ਸੱਚਾ, ਸੱਚਾ ਰੱਬ ਕਰਦਾ ਤੇ ਸੱਚ ਜਾਣੀ, ਉਹ ਇੰਨਾਂ ਵਡਾ, ਉੱਚਾ ਅਨੰਤ ਹੈ ਵੇ ਕਿ ਉਹਦਾ ਨਿਆਏ ਬਸ ਮਾਫ਼ੀ ਤੇ ਪਿਆਰ ਤੇ ਬਰਕਤ ਹੈ। ਵੈਰ! ਉਹ ਸਦਾ ਅਮਰਤਾ ਨਾਲ ਪਾਲਦਾ ਪਾਪੀ, ਪੁੰਨੀ, ਧਰਮੀਂ, ਅਧਰਮੀ, ਉਥੇ ਕਦੀ, ਕਿਸੇ ਹਾਲਤ ਨਾ ਹੁੰਦੀ ਵੰਡ ਕਾਣੀ—ਪਾਪ ਬਸ ਇਕ ਹੈ ਉਹਨੂੰ ਨਾ ਪਿਆਰ ਕਰਨਾ।....[4]

ਉਪਰੋਕਤ ਟੂਕਾਂ ਪੂਰਨ ਸਿੰਘ ਦੀ ਲੰਮੀ ਕਵਿਤਾ 'ਪੂਰਨ ਨਾਥ ਜੋਗੀ' ਵਿਚੋਂ ਹਨ। ਪਰ, ਕਵਿਤਾ ਤੋਂ ਅਲਗ ਕਰਕੇ ਜੇ ਇਨ੍ਹਾਂ ਨੂੰ ਲਿਖ ਦਿੱਤਾ ਜਾਵੇ ਤਾਂ ਇਹ ਵਾਰਤਕ ਦੇ ਹੀ ਉਦਾਹਰਣ ਪ੍ਰਤੀਤ ਹੋਣਗੇ। ਪੂਰਨ ਸਿੰਘ-ਕਾਵਿ ਵਿਚ ਇਸ ਪ੍ਰਕਾਰ ਦੇ ਉਦਾਹਰਣ ਸੰਕੇਤ ਕਰਦੇ ਹਨ ਕਿ ਇਨ੍ਹਾਂ ਵਿਚ ਰੂੜ੍ਹ ਕਾਵਿ-ਸ਼ੈਲੀ ਦਾ ਇਸ ਹਦ ਤਕ ਅਜਨਬੀਕਰਣ ਹੋਇਆ ਹੈ ਕਿ ਵਾਰਤਕ ਅਤੇ ਕਵਿਤਾ ਵਿਚ ਭੇਦ ਮਿਟ ਗਿਆ ਲਗਦਾ ਹੈ। ਪਰ, ਇਸ ਪ੍ਰਕਾਰ

---

1. ਪੂਰਨ ਸਿੰਘ, *ਜੀਵਨੀ ਤੇ ਕਵਿਤਾ*, ਪੰਨਾ 140
2. ਉਹੀ, ਪੰਨਾ 143
3. ਉਹੀ, ਪੰਨਾ 157
4. ਉਹੀ, ਪੰਨਾ 165

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਉਦਾਹਰਣ ਪੂਰਨ ਸਿੰਘ-ਕਾਵਿ ਵਿਚ ਬਹੁਤ ਵਿਰਲੇ ਹਨ। ਉਸ ਦੀ ਬਹੁਤੀ ਕਵਿਤਾ ਵਿਚ ਕਾਵਿ-ਲੈਅ ਹੈ. ਪਰ ਇਸ ਲੈਅ ਦੀ ਪ੍ਰਕਿਰਤੀ ਛੰਦ-ਲੈਅ ਅਤੇ ਵਾਰਤਕ-ਲੈਅ ਦੀ ਪ੍ਰਕਿਰਤੀ ਤੋਂ ਵਖਰੀ ਹੈ।

ਕਵਿਤਾ ਵਿਚ ਲੈਅ ਦੀ ਰਚਨਾ ਦੂਹਰਾਉ ਨਾਲ ਕੀਤੀ ਜਾਂਦੀ ਹੈ। ਤੁਕਾਂਤ ਦਾ ਮਿਲਾਉਣਾ ਵੀ ਦੂਹਰਾਉ ਹੈ। ਪਰ. ਪੂਰਨ ਸਿੰਘ-ਕਾਵਿ ਵਿਚ ਇਸ ਪ੍ਰਕਾਰ ਦਾ ਦੂਹਰਾਉ ਨਹੀਂ। ਤਾਂ ਵੀ ਤੁਕਾਂਤ-ਰਹਿਤ ਦੂਹਰਾਉ ਦੇ ਉਦਾਹਰਣ ਉਸ ਦੀ ਕਵਿਤਾ ਵਿਚ ਮਿਲ ਸਕਦੇ ਹਨ:

ਰੂਪ ਰੰਗ ਵੰਨ ਵੰਨ ਦਾ ਮੈਨੂੰ ਹਲਾਲ ਪਿਆ ਕਰਦਾ
ਮਿੱਠੀ ਮਿੱਠੀ ਗੱਲ ਮੈਨੂੰ ਰੱਸੇ ਪਈ ਪਾਉਂਦੀ,
ਨਿੱਕੀ ਨਿੱਕੀ ਰੁਮਕਦੀ ਹੱਸੀ ਕਿਸੇ ਦੀ ਜ਼ੰਜੀਰਾਂ ਪਈ ਸੁੱਟਦੀ,
ਸੱਚੀਂ ਉਹ ਜ਼ੰਜੀਰਾਂ ਦਾ ਖੜਕ ਪਿਆ ਆਉਂਦਾ,
ਮੇਰੇ ਬੰਨ੍ਹਣ ਦਾ ਸਾਮਾਨ ਹੈ।[1]

ਇਥੇ ਪਹਿਲੀਆਂ ਤਿੰਨ ਸਤਰਾਂ ਵਿਚ 'ਪਿਆ'/ 'ਪਈ' ਸ਼ਬਦ ਦਾ ਹਰ ਸਤਰ ਵਿਚ ਦੂਹਰਾਉ ਅਤੇ ਇਨ੍ਹਾਂ ਸਤਰਾਂ ਵਿਚ ਹੀ 'ਵੰਨ ਵੰਨ', 'ਮਿੱਠੀ ਮਿੱਠੀ' ਅਤੇ 'ਨਿੱਕੀ ਨਿੱਕੀ' ਸ਼ਬਦਾਂ ਦੀ ਦੂਹਰੀ ਵਰਤੋਂ ਵੀ ਲੈਅ-ਸਿਰਜਣ ਵਿਚ ਸਹਾਈ ਸਿੱਧ ਹੁੰਦੀ ਹੈ। ਇਸ ਪ੍ਰਕਾਰ ਦੇ ਉਦਾਹਰਣ ਪੂਰਨ ਸਿੰਘ-ਕਾਵਿ ਵਿਚ ਹੋਰ ਵੀ ਮਿਲ ਸਕਦੇ ਹਨ:

ਉਹ ਸ਼ਗਣ ਮਨਾਵਣੇ,
ਉਹ ਢੋਲਕੀਆਂ ਦੇ ਗੀਤ ਜਿਹੜੇ ਰਾਤ ਦੀ ਰਗ ਰਗ ਛੇੜਦੇ
ਉਹ ਕੁੜੀਆਂ ਕੰਵਾਰੀਆਂ ਦੇ ਮਨ ਦੇ ਚਾਅ ਦੇ ਟੱਪੇ,
ਨਿੱਕੇ ਨਿੱਕੇ, ਕੋਇਲਾਂ ਦੀਆਂ ਭਾਤ ਭਾਤ ਬੋਲੀਆਂ,
ਉਹ ਰਾਗ ਨਵੇਂ ਨਵੇਂ, ਸੱਜਰੇ, ਸਿੱਜੇ ਸਿੱਜੇ, ਭਿੱਜੇ ਭਿੱਜੇ, ਰੂਹਾਂ-
ਵਿਚ ਜਿਹੜੇ ਨਿਕਲਦੇ,
ਉਹ ਘੋੜੀਆਂ, ਉਹ ਸੁਹਾਗ,
ਉਹ ਦੋ ਦੋ ਗੱਲਾਂ ਦੇ ਹਾਸੇ,
ਉਹ ਮਖ਼ੌਲੀ ਤਬੀਅਤਾਂ ਖ਼ੁਸ਼ੀ ਭਰਨ ਵਾਲੀਆਂ
ਉਹ ਦਾਤੇ, ਉਹ ਭੰਡਾਰੀ : ਉਹ ਜਾਂਵੀ, ਉਹ ਮਾਂਵੀ;
ਉਹ ਜੰਞਾਂ ਜਗਮਗ ਕਿਥੇ, ਕੇਸਰ ਦੀਆਂ ਰੰਗੀਆਂ?[2]

ਪਰ, ਇਹ ਦੂਹਰਾਉ ਸਹਿਜ ਹੈ ਮਕਾਨਕੀ ਨਹੀਂ। ਇਹ ਹੀ ਨਹੀਂ, ਇਥੇ ਲੈਅ ਦੇ ਦੂਹਰਾਉ ਨਾਲ ਕਿਸੇ ਛੰਦ ਦੀ ਰਚਨਾ ਨਹੀਂ ਹੁੰਦੀ। ਇਸ ਪ੍ਰਕਾਰ ਇਥੇ ਲੈਅ ਦੂਹਰਾਈ

1. ਉਹੀ, ਪੰਨਾ 232
2. ਉਹੀ, ਪੰਨਾ 238

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾ ਕੇ ਵੀ ਦੁਹਰਾਈ ਗਈ ਪ੍ਰਤੀਤ ਨਹੀਂ ਹੁੰਦੀ। ਇਸ ਲੈਅ ਨੂੰ ਪਛਾਣਿਆ ਜਾ ਸਕਦਾ ਹੈ, ਮਾਪਿਆ ਨਹੀਂ ਜਾ ਸਕਦਾ। ਪਰੰਪਰਾਗਤ ਛੰਦ-ਬੱਧ ਕਵਿਤਾ ਦੇ ਮੁਕਾਬਲੇ ਵਿਚ ਪੂਰਨ ਸਿੰਘ-ਕਾਵਿ ਦੀ ਲੈਅ ਦੀ ਇਹੋ ਹੀ ਵਿਲੱਖਣਤਾ ਹੈ।

ਉਪਰ ਅਸਾਂ ਲੈਅ-ਸਿਰਜਣਾ ਲਈ ਪੂਰਨ ਸਿੰਘ-ਕਾਵਿ ਵਿਚਲੇ ਦੁਹਰਾਉ ਵਲ ਸੰਕੇਤ ਕੀਤਾ ਹੈ। ਪਰ, ਦੁਹਰਾਉ ਵੀ ਉਸ ਦੇ ਸਮੁਚੇ ਕਾਵਿ ਦੀ ਵਿਸ਼ੇਸ਼ਤਾ ਨਹੀਂ। ਪੂਰਨ ਸਿੰਘ ਦੀ ਬਹੁਤ ਸਾਰੀ ਕਵਿਤਾ ਐਸੀ ਹੈ ਜਿਸ ਵਿਚ ਦੁਹਰਾਉ ਨਾ ਹੋਣ ਦੇ ਬਾਵਜੂਦ ਵੀ ਲੈਅ ਹੈ ਅਤੇ ਇਹ ਲੈਅ ਵਾਰਤਕ-ਲੈਅ ਨਾਲੋਂ ਵੱਖਰੀ ਹੈ:

ਰੋਂਦਾ ਬੱਚਾ ਇਕ
ਹਾਏ ਚੁੱਪ ਨਹੀਂ ਕਰਦਾ
ਖਿਡਾ ਖਿਡਾ ਹਾਰੀ ਮੈਂ
ਇਨੂੰ ਚੰਗਾ ਕੁਝ ਨਾ ਲਗਦਾ
ਖਿਡਾਉਣੇ ਸੁਟਦਾ ਜ਼ਮੀਨ 'ਤੇ
ਖਾਣ ਪੀਣ ਵਲੋਂ ਚੀਕੇ, ਲੱਤਾਂ ਮਾਰਦਾ
ਪਰਚਾ ਪਰਚਾ ਹਾਰੀ ਮੈਂ
ਮੇਰੇ ਮੂੰਹ ਕੱਢ ਮੁੱਕ-ਵਟਾ ਮਾਰਦਾ।[1]

ਇਨ੍ਹਾਂ ਸਤਰਾਂ ਵਿਚ ਤੁਕਾਂਤ ਮਿਲਾਇਆ ਨਹੀਂ ਗਿਆ, ਪਰ ਇਸ ਦੀ ਸਹਿਜ ਪ੍ਰਤੀਤ ਹੁੰਦੀ ਹੈ। ਕਿਤੇ ਤੁਕਾਂਤ ਮਿਲਦਾ ਹੈ ਕਿਤੇ ਨਹੀਂ ਮਿਲਦਾ, ਪਰ ਲੈਅ ਸਦਾ ਵਿਦਮਾਨ ਰਹਿੰਦੀ ਹੈ। ਇਸੇ ਨੂੰ ਅਸੀਂ ਲੈਅ ਦੇ ਅਗ੍ਰ-ਭੂਮਨ ਦਾ ਨਾਮ ਦੇਂਦੇ ਹਾਂ। ਇਥੇ ਲੈਅ ਆਪਣੇ ਆਪ ਵਿਚ ਮਹੱਤਵ ਦੀ ਅਧਿਕਾਰੀ ਹੋ ਗਈ ਹੈ। ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਇਹ ਨਵੀਂ ਪ੍ਰਕਾਰ ਦੀ ਲੈਅ ਦਾ ਅਗ੍ਰ-ਭੂਮਨ ਹੈ। ਵਾਰਤਕ ਦੀ ਭਾਸ਼ਾ ਅਤੇ ਕਾਵਿ-ਭਾਸ਼ਾ ਵਿਚਾਲੇ ਇਹੀ ਅੰਤਰ ਹੈ। ਵਾਰਤਕ-ਭਾਸ਼ਾ ਸਵੈ-ਚਲਿਤ (automatised) ਹੁੰਦੀ ਹੈ ਅਤੇ ਕਾਵਿ-ਭਾਸ਼ਾ ਵਿਚ ਅਗ੍ਰ-ਭੂਮਨ (foregrounding) ਦਾ ਵੱਡਾ ਮਹੱਤਵ ਹੁੰਦਾ ਹੈ।[2]

ਅਸਾਂ ਉਪਰ ਪੂਰਨ ਸਿੰਘ-ਕਾਵਿ ਦੀ ਛੰਦ-ਖੁਲ੍ਹ ਵਲ ਸੰਕੇਤ ਕੀਤਾ ਹੈ। ਪਰ, ਇਸ ਸੰਬੰਧੀ ਮਹੱਤਵਪੂਰਨ ਤੱਥ ਇਹ ਹੈ ਕਿ ਇਸ ਕਾਵਿ ਵਿਚ ਛੰਦ-ਖੁਲ੍ਹ ਛੰਦ ਦਾ ਹੀ ਕੰਮ ਕਰਦੀ ਪ੍ਰਤੀਤ ਹੁੰਦੀ ਹੈ। ਛੰਦ ਦਾ ਪ੍ਰਯੋਜਨ ਸ਼ਬਦਾਂ ਨੂੰ ਬੰਨ੍ਹ ਕੇ ਉਨ੍ਹਾਂ ਦੀ ਚਾਲ ਤੇਜ਼ ਕਰਨਾ ਹੈ। ਇਹ ਗੱਲ ਬਿਲਕੁਲ ਇਸ ਤਰ੍ਹਾਂ ਦੀ ਹੈ ਜਿਵੇਂ ਦਰਿਆ ਦੇ ਪਾਣੀ ਨੂੰ ਬੰਨ੍ਹ ਕੇ ਕਿਸੇ ਨਦੀ ਜਾਂ ਨਾਲੇ ਵਿਚ ਪਾ ਦਿੱਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਪਾਣੀ ਦੀ ਚਾਲ ਤੇਜ਼ ਹੋ ਜਾਵੇਗੀ। ਇਹ ਇਕ ਤਰ੍ਹਾਂ ਨਾਲ ਬੰਧਨ ਰਾਹੀਂ ਮੁਕਤੀ ਦੀ ਪ੍ਰਕਿਰਿਆ ਹੈ। ਪੂਰਨ

1. ਉਹੀ, ਪੰਨਾ 402
2. Paul L. Garvin, *A Prague School Reader on Esthetics, Literary Structure and Style*, p.10, 19.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਦੀ ਛੰਦ-ਖੁਲ੍ਹ ਦੀ ਪ੍ਰਕਿਰਤੀ ਵੀ ਕੁਝ ਇਸ ਤਰ੍ਹਾਂ ਦੀ ਹੀ ਹੈ। ਛੰਦ ਕਵਿਤਾ ਦਾ ਪ੍ਰਤੀਮਾਨ ਹੈ। ਪੂਰਨ ਸਿੰਘ ਇਸ ਪ੍ਰਤੀਮਾਨ ਨੂੰ ਸਵੀਕਾਰ ਨਹੀਂ ਕਰਦਾ। ਪਰ. ਇਸ ਦੇ ਬਾਵਜੂਦ ਉਸ ਦੀ ਕਵਿਤਾ ਵਿਚ ਛੰਦ-ਖੁਲ੍ਹ ਛੰਦ-ਬੰਧਨ ਦਾ ਕੰਮ ਕਰਦੀ ਹੈ। ਕਵੀ ਛੰਦ ਤੋੜ ਕੇ ਸ਼ਬਦ-ਚਾਲ ਤੇਜ਼ ਕਰਦਾ ਹੈ।

ਕਿਸੇ ਵੀ ਕਾਵਿ-ਕਿਰਤ ਦੀ ਸੰਬੋਧਨ-ਪ੍ਰਕਿਰਤੀ ਦੀ ਪਛਾਣ ਕਾਵਿ ਅਧਿਏਤਾ ਲਈ ਮਹੱਤਵਪੂਰਨ ਹੈ। ਸੰਬੋਧਨ-ਪ੍ਰਬੰਧ ਹੀ ਕਾਵਿ-ਕਿਰਤ ਦੇ ਰੂਪਾਕਾਰ (genre) ਦਾ ਨਿਰਣਾ ਕਰਦਾ ਹੈ ਰੂਪਾਕਾਰੀ ਵਿਭੇਦ (generic distinction) ਨੂੰ ਹੀ ਆਲੋਚਕ ਪ੍ਰਸਤੁਤੀਕਰਣ ਦੇ ਮੂਲਾਧਾਰ (radical of presentation) ਦਾ ਨਾਮ ਦੇਂਦੇ ਹਨ ਉਨ੍ਹਾ ਅਨੁਸਾਰ ਹਰ ਕਾਵਿ-ਰਚਨਾ ਪ੍ਰਤੱਖ ਜਾਂ ਪਰੋਖ ਤੌਰ ਤੇ ਕਿਸੇ ਨਾ ਕਿਸੇ ਨੂੰ ਸੰਬੋਧਿਤ ਹੁੰਦੀ ਹੈ। ਅਤੇ ਕਵੀ-ਪਾਠਕ ਸੰਬੰਧਾਂ ਦੀਆਂ ਵਿਭਿੰਨ ਅਵਸਥਾਵਾਂ ਦੇ ਆਧਾਰ ਤੇ ਵੱਖ ਵੱਖ ਰੂਪਾਕਾਰ ਹੋਂਦ ਵਿਚ ਆਉਂਦੇ ਹਨ।[1] ਇਸ ਕਰਕੇ ਇਹ ਅਵਸ਼ਕ ਪ੍ਰਤੀਤ ਹੁੰਦਾ ਹੈ ਕਿ ਪੂਰਨ ਸਿੰਘ-ਕਾਵਿ ਦੀ ਸੰਬੋਧਨ-ਪ੍ਰਕਿਰਤੀ ਸੰਬੰਧੀ ਸੰਖੇਪ ਜਿਹੀ ਚਰਚਾ ਕੀਤੀ ਜਾਵੇ ਤਾਂ ਜੋ ਉਸ ਦੇ ਪ੍ਰਮੁੱਖ ਰੂਪਾਕਾਰ ਦਾ ਨਿਰਣਾ ਹੋ ਸਕੇ।

ਪੂਰਨ ਸਿੰਘ-ਕਾਵਿ ਨੂੰ ਪੰਜਾਬੀ ਸਾਹਿਤ ਪਰੰਪਰਾ ਦੇ ਸੰਦਰਭ ਵਿਚ ਵਿਚਾਰਦਿਆਂ ਹਰਿਭਜਨ ਸਿੰਘ (ਡਾ:) ਉਸ ਕਾਵਿ ਨੂੰ ਸੰਬੋਧਨ-ਮੁਕਤੀ ਦਾ ਕਾਵਿ ਕਹਿੰਦਾ ਹੈ। ਉਸ ਅਨੁਸਾਰ ਪੂਰਨ ਸਿੰਘ 'ਪੰਜਾਬੀ ਭਾਸ਼ਾ ਦਾ ਪਹਿਲਾ ਕਵੀ ਹੈ ਜਿਸ ਨੇ ਪੰਜਾਬੀ ਸਾਹਿਤ ਦੀ ਸੰਬੋਧਨ-ਪਰੰਪਰਾ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤਾ. ਪੂਰਨ ਸਿੰਘ ਨੇ ਪੰਜਾਬੀ ਸਾਹਿਤ ਨੂੰ ਸੰਬੋਧਨ ਦੀ ਮੁਥਾਜੀ ਤੋਂ ਮੁਕਤ ਕੀਤਾ। 'ਖੁਲ੍ਹੇ-ਘੁੰਡ' ਦੀਆਂ ਕੁਝ ਕੁ ਕਵਿਤਾਵਾਂ ਨੂੰ ਛੱਡ ਕੇ ਪੂਰਨ ਸਿੰਘ ਦਾ ਬਾਕੀ ਸਾਰਾ ਸਿਰਜਨਾਤਮਕ ਸਾਹਿਤ ਸੰਬੋਧਨ-ਮੁਕਤ ਹੈ।'[2]

ਪੂਰਨ ਸਿੰਘ ਕਾਵਿ ਸੰਬੰਧੀ ਹਰਿਭਜਨ ਸਿੰਘ ਦਾ ਇਹ ਨਿਰਣਾ ਮਹੱਤਵਪੂਰਨ ਹੈ। ਇਸ ਤੋਂ ਸਾਨੂੰ ਪੂਰਨ ਸਿੰਘ-ਕਾਵਿ ਦੀ ਵੱਖਰੀ ਸੰਬੋਧਨ-ਪ੍ਰਕਿਰਤੀ ਵਲ ਸੰਕੇਤ ਪ੍ਰਾਪਤ ਹੁੰਦਾ ਹੈ। ਪਰ. ਪੂਰਨ ਸਿੰਘ-ਕਾਵਿ ਨੂੰ ਅਸਲੋਂ ਹੀ ਸੰਬੋਧਨ-ਮੁਕਤ ਸਵੀਕਾਰ ਨਹੀ ਕੀਤਾ ਜਾ ਸਕਦਾ। ਜਿਵੇਂ ਕਿ ਉਪਰ ਕਿਹਾ ਜਾ ਚੁਕਾ ਹੈ. ਹਰ ਕਾਵਿ-ਰਚਨਾ ਸਪਸ਼ਟ ਜਾਂ ਅਸਪਸ਼ਟ ਤੌਰ ਤੇ ਕਿਸੇ ਨਾ ਕਿਸੇ ਨੂੰ ਸੰਬੋਧਿਤ ਹੁੰਦੀ ਹੀ ਹੈ।

ਪੂਰਨ ਸਿੰਘ ਦੀਆਂ ਕਵਿਤਾਵਾ ਦੇ ਵਿਸ਼ਲੇਸ਼ਨ ਦੀ ਸਹਾਇਤਾ ਨਾਲ ਉਨ੍ਹਾ ਕਵਿਤਾਵਾਂ ਦੇ ਵਕਤਾ-ਸਰੋਤਾ ਸੰਬੰਧਾਂ ਦੀ ਪਛਾਣ ਨਾਲ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ ਕਿ ਪਰੰਪਰਾਗਤ ਸਾਹਿਤ-ਰੂਪਾਕਾਰਾਂ ਵਿਚੋਂ ਪੂਰਨ ਸਿੰਘ-ਕਾਵਿ ਨੂੰ ਕਿਸੇ ਨਿਸ਼ਚਿਤ ਰੂਪਾਕਾਰ ਨਾਲ ਸੰਬੰਧਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸ ਦਾ ਸੰਬੋਧਨ-ਪ੍ਰਬੰਧ ਪਰੰਪਰਾਗਤ

---

1. Northrop Frye, *Anatomy of Criticism*, p. 246-47
2. ਹਰਿਭਜਨ ਸਿੰਘ (ਡਾ:) *ਅਧਿਐਨ ਅਤੇ ਅਧਿਆਪਨ*, ਪੰਨਾ 153-54

CC-0 In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕਾਵਿ ਨਾਲੋਂ ਵੱਖਰਾ ਹੈ। ਉਸ ਦੀ ਕਵਿਤਾ ਦੇ ਵਡੇਰੇ ਭਾਗ ਦੇ ਵਕਤਾ-ਸਰੋਤਾ ਸੰਬੰਧ ਨਾ ਸਪਸ਼ਟ ਹਨ, ਨਾ ਨਿਸ਼ਚਿਤ।

ਉਪਰ ਅਸਾਂ ਕਿਹਾ ਹੈ ਕਿ ਪੂਰਨ ਸਿੰਘ-ਕਾਵਿ ਦਾ ਸੰਬੋਧਨ-ਪ੍ਰਬੰਧ ਸਪਸ਼ਟ ਵੀ ਨਹੀਂ ਅਤੇ ਨਿਸ਼ਚਿਤ ਵੀ ਨਹੀਂ। ਅਸਪਸ਼ਟ ਸੰਬੋਧਨ ਤੋਂ ਸਾਡਾ ਭਾਵ ਇਹ ਹੈ ਕਿ ਇਸ ਕਾਵਿ ਵਿਚ ਵਕਤਾ-ਸਰੋਤਾ ਦੀ ਪਛਾਣ ਕਰ ਸਕਣੀ ਖਾਸੀ ਕਠਿਨ ਹੈ, ਕਿਉਂਕਿ ਪੂਰਨ ਸਿੰਘ-ਕਾਵਿ ਉਪਰ ਸੰਬੋਧਨ ਦੀ ਪਕੜ ਬਹੁਤ ਕਰੜੀ ਨਹੀਂ। ਪੂਰਨ ਸਿੰਘ-ਕਾਵਿ ਦੇ ਮੁਕਾਬਲੇ ਵਿਚ ਵੀਰ ਸਿੰਘ-ਕਾਵਿ ਵਿਚ ਸੰਬੋਧਨ-ਪ੍ਰਬੰਧ ਵਧੇਰੇ ਸਪਸ਼ਟ ਹੈ। ਵੀਰ ਸਿੰਘ-ਕਾਵਿ ਦਾ ਇਕ ਉਦਾਹਰਣ ਪੇਸ਼ ਹੈ :

ਹਾਇ, ਨਾ ਧਰੀਕ ਸਾਨੂੰ,
ਹਾਇ, ਵੇ ਨਾ ਮਾਰ ਖਿੱਚਾਂ,
ਹਾਇ, ਨਾ ਵਿਛੋੜ
ਗਲ ਲੱਗਿਆਂ ਨੂੰ ਪਾਪੀਆ।[1]

ਇਸ ਕਵਿਤਾ ਵਿਚ 'ਕੇਲੋਂ ਦੇ ਗਲ ਲੱਗੀ ਵੇਲ' ਪ੍ਰਗਟ-ਵਕਤਾ ਹੈ। ਵੇਲ ਕਿਸ ਨੂੰ ਸੰਬੋਧਿਤ ਹੈ ਜਾਂ ਵਕਤਾ ਦਾ ਸਰੋਤਾ ਕੌਣ ਹੈ? ਉਪਰਲੀ ਟੂਕ ਵਿਚਲੇ ਸ਼ਬਦ – 'ਨਾ ਧਰੀਕ ਸਾਨੂੰ', 'ਨਾ ਮਾਰ ਖਿੱਚਾਂ', 'ਨਾ ਵਿਛੋੜ' ਆਦਿ ਇਸ ਦੇ ਸਰੋਤਾ ਵਲ ਸੰਕੇਤ ਕਰਦੇ ਹਨ। ਕੋਈ ਵੇਲ ਨੂੰ ਕੇਲੋਂ ਨਾਲੋਂ ਧਰੀਕ ਕੇ ਉਸ ਨੂੰ ਵਿਛੋੜ ਰਿਹਾ ਹੈ। ਸੋ ਵੇਲ ਵਿਛੋੜਨ ਵਾਲੇ ਨੂੰ ਸੰਬੋਧਿਤ ਹੈ ਜਿਸ ਨੂੰ ਕਵੀ ਕਵਿਤਾ ਦੀ ਨਿੱਕੀ ਜਿਹੀ ਭੂਮਿਕਾ ਵਿਚ 'ਅਯਾਲੀ' ਕਹਿੰਦਾ ਹੈ। ਪਰ, ਉਪਰੋਕਤ ਸੰਬੋਧਨ-ਪ੍ਰਬੰਧ ਪ੍ਰਗਟ-ਸੰਬੋਧਨ-ਪ੍ਰਬੰਧ ਹੈ। ਪਰੋਖ ਰੂਪ ਵਿਚ ਇਥੇ ਕਵੀ ਹੀ ਵਿਛੋੜਨ ਵਾਲੀ ਲੋਕਾਈ ਨੂੰ ਸੰਬੋਧਿਤ ਹੈ। 'ਕੇਲੋਂ ਦੇ ਗਲ ਲੱਗੀ ਵੇਲ' ਪਿਆਰ ਦੀ ਪ੍ਰਤੀਕ ਹੈ ਅਤੇ ਅਯਾਲੀ ਵਿਛੋੜਨ ਵਾਲੀ ਲੋਕਾਈ ਦਾ। ਵਕਤਾ ਦਾ ਅਯਾਲੀ ਵਲ ਪ੍ਰਤੀਕਰਮ ਭਾਵੁਕ ਹੈ, ਅਯਾਲੀ ਪਾਪ ਕਮਾ ਰਿਹਾ ਹੈ – 'ਹਾਇ, ਨਾ ਵਿਛੋੜ ਗਲ ਲੱਗਿਆਂ ਨੂੰ ਪਾਪੀਆ।'

ਮੇਰੇ ਹੱਡ ਤਾਣ ਨਾਹੀ,
ਸਕਾਂ ਨਾ ਖੜੋਇ ਪੈਰੀਂ,
ਖੜੀ ਸੱਜਣ ਆਸਰੇ ਹਾਂ,
ਅਬਲਾ ਮੈਂ ਅਮਾਪੀਆ।[2]

ਇਹ ਸਤਰਾਂ ਕਵਿਤਾ ਦੀਆਂ ਦੋ ਧਿਰਾਂ (ਪਰੋਖ ਵਕਤਾ-ਸਰੋਤਾ) ਦੇ ਬਲ ਅਬਲ ਵਲ ਸੰਕੇਤ ਕਰਦੀਆਂ ਹਨ। ਵਕਤਾ-ਵੇਲ ਅਬਲਾ ਹੈ, ਅਮਾਪੀ ਹੈ ਅਤੇ ਸਰੋਤਾ-ਅਯਾਲੀ

1. ਵੀਰ ਸਿੰਘ (ਭਾਈ), 'ਲਹਿਰਾਂ ਦੇ ਹਾਰ' ਪੰਨਾ 79
2. ਉਹੀ, ਪੰਨਾ 80.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਲਵਾਨ (ਪਾਪੀ) ਹੈ। ਇਹ ਸਥਿਤੀ ਜਿਥੇ ਵਕਤਾ-ਸਰੋਤਾ ਦੀ ਪ੍ਰਕਿਰਤੀ ਨੂੰ ਵਧੇਰੇ ਸਪਸ਼ਟ ਕਰਦੀ ਹੈ, ਉਥੇ ਕਵਿਤਾ ਦੀ ਭਾਵੁਕ ਦਿਸ਼ਾ ਵੀ ਸਪਸ਼ਟ ਹੁੰਦੀ ਹੈ – ਵੇਲ ਦਾ ਇਕ ਤਰਲਾ ਕਵਿਤਾ ਦੇ ਅੰਦਰਲੇ ਸਰੋਤਾ ਅਗੇ, ਕਵੀ ਦੀ ਕਰੁਣਾ ਲਈ ਅਪੀਲ ਲੋਕਾਈ ਅੱਗੇ। ਇਸ ਪ੍ਰਕਾਰ ਇਸ ਕਵਿਤਾ ਦਾ ਸੰਬੋਧਨ-ਪ੍ਰਬੰਧ ਨਾਟਕੀ ਬਿਰਤੀ ਵਾਲਾ ਹੈ। ਕਵੀ ਵੇਲ ਰਾਹੀਂ ਬੋਲ ਰਿਹਾ ਹੈ ਅਤੇ ਕਵਿਤਾ ਦੀ ਭਾਵੁਕ ਅਪੀਲ ਕਵਿਤਾ ਦੇ ਪਾਠਕ-ਸਰੋਤਾ ਨੂੰ ਪ੍ਰਭਾਵਿਤ ਕਰਨ ਵਲ ਰੁਚਿਤ ਹੈ। ਇਹ ਪ੍ਰਭਾਵ ਹੀ ਕਵਿਤਾ ਦਾ ਪ੍ਰਯੋਜਨ ਵੀ ਹੈ

ਪਯਾਰੇ ਨਾ ਵਿਛੋੜੀਏ ਵੇ,
ਮਿਲੇ ਨਾ ਨਿਖੇੜੀਏ ਵੇ,
ਆਸਰੇ ਨਾ ਤੋੜੀਏ ਵੇ,
ਅਵੇ ਪਾੜੀਏ ਨਾ ਜੋੜੀਏ।

ਵਿੱਥਾਂ ਵਾਲੇ ਜੱਗ ਵਿਚ
ਵਿੱਥਾਂ ਪਈਆਂ ਚੱਪੇ ਚੱਪੇ
ਅੱਡ ਅੱਡ ਸਭ ਕੋਈ
ਜੋੜੀਆ ਨੀ ਥੋੜੀਆ।[1]

ਸਪਸ਼ਟ ਹੈ, ਇਸ ਕਵਿਤਾ ਦੀ ਦਿਸ਼ਾ ਪ੍ਰਭਾਵਿਤ ਕਰਨ ਵਲ ਹੈ ਅਤੇ ਜਿਸ ਤਰ੍ਹਾਂ ਦੇ ਪ੍ਰਭਾਵ ਵਲ ਇਹ ਕਵਿਤਾ ਰੁਚਿਤ ਹੈ, ਉਸ ਪ੍ਰਯੋਜਨ ਲਈ ਇਸੇ ਪ੍ਰਕਾਰ ਦੇ ਸਪਸ਼ਟ ਸੰਬੋਧਨ ਪ੍ਰਬੰਧ ਦੀ ਲੋੜ ਹੁੰਦੀ ਹੈ।

ਪਰ, ਪੂਰਨ ਸਿੰਘ-ਕਾਵਿ ਨੂੰ ਇਸ ਪ੍ਰਕਾਰ ਦੇ ਪ੍ਰਯੋਜਨ ਦੀ ਮਜਬੂਰੀ ਨਹੀਂ। ਇਸ ਕਰਕੇ ਉਸ ਵਿਚ ਵਕਤਾ-ਸਰੋਤਾ ਸੰਬੰਧ ਆਮ ਤੌਰ ਤੇ ਸਪਸ਼ਟ ਨਹੀਂ ਹੁੰਦਾ। ਜਿੱਥੇ ਕਿਤੇ ਇਹ ਸੰਬੰਧ ਸਪਸ਼ਟ ਵੀ ਹੈ ਉਥੇ ਵੀ ਸਾਰੀ ਕਵਿਤਾ ਵਿਚ ਸੰਬੰਧ ਨੂੰ ਨਿਸ਼ਚਿਤ ਕਰਨ ਦੀ ਕੋਈ ਮਜਬੂਰੀ ਨਹੀਂ। ਉਦਾਹਰਣ ਲਈ ਪੂਰਨ ਸਿੰਘ ਦੀ ਕਵਿਤਾ 'ਇਕ ਵੇਰੀ ਅਚਨਚੇਤ'[2] ਪੇਸ਼ ਕੀਤੀ ਜਾ ਸਕਦੀ ਹੈ। ਕਾਵਿ-ਪਾਠ ਇਸ ਪ੍ਰਕਾਰ ਹੈ:–

ਇਕ ਵੇਰੀ ਅਚਨਚੇਤ,
ਮੈਂ ਢਹਿ ਪਈ ਸਾਂ।
ਢਠੀ ਸਾਂ ਮੈਂ ਟੁਰਦੀ ਟੁਰਦੀ,
ਪਤਾ ਨਹੀਂ ਕਿੰਜ ਹੋਇਆ, ਠੇਡਾ ਜਿਹਾ ਵੱਜਾ,
ਮੈਂ ਢੱਠੀ ਧੈ ਦੇ ਕੇ,

1. ਉਹੀ, ਪੰਨੇ ੮੦-੮੧
2. ਪੂਰਨ ਸਿੰਘ ਜੀਵਨੀ ਤੇ ਕਵਿਤਾ ਪੰਨਾ 253

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਮੈਨੂੰ ਪੜ੍ਹਿਆ,
ਉਸ ਨੇ ਆਪਣੀ ਬਾਹਾਂ ਵਿਚ,
ਦੂਰੋਂ ਬਾਹਾ ਖੋਲ੍ਹ ਕੇ ਆਇਆ।
ਮੈਂ ਤਾਂ ਲੱਗ ਉਹਦੀ ਛਾਤੀ ਫੜਕਦੀ ਸਾਂ,
ਵਾਂਗ ਅਚਨਚੇਤ ਫੜੀ ਕਿਸੇ ਹੈਰਾਨ ਪਸ਼ੇਮਾਨ ਹੋਈ ਘੁੱਗੀ ਦੇ,
ਤੇ ਡਰ ਘੁੱਗੀ ਵਾਂਗ ਲੱਗ ਉਹਦੀ ਛਾਤੀ, ਮੇਰਾ ਨਿੱਕਾ ਜਿਹਾ ਸੀਨਾ
ਕੰਬਦਾ, ਫੜਕਦਾ, ਧੜਕਦਾ।
ਮੈਂ ਤਾਂ ਉਲਝ ਗਈ ਉਥੇ ਫੜੀ ਜਾਲ ਜਿਹੇ ਵਿਚ।
ਮੈਂ ਤਾਂ ਇਕ ਵਾਰੀ ਉਹਨੂੰ ਇਉਂ ਮਿਲੀ ਸਾਂ।

ਉਪਰੋਕਤ ਕਵਿਤਾ ਇਕ ਅਚਨਚੇਤ ਹੋਈ ਮੁਲਾਕਾਤ ਦਾ ਪ੍ਰਸਤੁਤੀਕਰਣ ਹੈ। ਇਸ ਮੁਲਾਕਾਤ ਦੀਆਂ ਦੋ ਧਿਰਾਂ ਸਪਸ਼ਟ ਹਨ, ਵਕਤਾ-ਮੈਂ ਅਤੇ ਉਹ। ਪਰ, ਇਸ ਮੁਲਾਕਾਤ ਦਾ ਅਨੁਭਵ ਕਿਸ ਨੂੰ ਸੁਣਾਇਆ ਜਾ ਰਿਹਾ ਹੈ? ਜਾਂ ਵਕਤਾ-ਮੈਂ ਕਿਸ ਨੂੰ ਸੰਬੋਧਿਤ ਹੈ? ਇਹ ਸਪਸ਼ਟ ਨਹੀਂ ਕਿਉਂਕਿ ਕਵਿਤਾ ਦੇ ਅੰਦਰ ਕੋਈ ਪ੍ਰਤਖ-ਸਰੋਤਾ ਵਿਦਮਾਨ ਨਹੀਂ। ਕਵਿਤਾ ਦੇ ਬਾਹਰ ਪਰੋਖ ਸਰੋਤਾ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਪਰ, ਕਵੀ ਇਸ ਸਰੋਤੇ ਦੀ ਹੋਂਦ ਪ੍ਰਤੀ ਸੁਚੇਤ ਨਹੀਂ। ਕੁਲ ਮਿਲਾ ਕੇ ਇਸ ਦੇ ਸੰਬੋਧਨ-ਪ੍ਰਬੰਧ ਦੀ ਦ੍ਰਿਸ਼ਟੀ ਤੋਂ ਇਸ ਕਵਿਤਾ ਨੂੰ ਪ੍ਰਗੀਤਕ ਰਚਨਾ ਕਿਹਾ ਜਾ ਸਕਦਾ ਹੈ, ਜਿਸ ਵਿਚ ਕਾਵਿ-ਨਾਇਕਾ ਇਕ ਅਚਨਚੇਤ ਮੁਲਾਕਾਤ ਦੇ ਅਨੁਭਵ ਦਾ ਸ੍ਵੈਅਲਾਪ ਕਰ ਰਹੀ ਹੈ ਅਤੇ ਕਵਿਤਾ ਦੇ ਬਾਹਰ ਕੋਈ ਸਰੋਤਾ ਉਸ ਨੂੰ ਪਰੋਖ ਸੁਣ (over-hear) ਰਿਹਾ ਹੈ। ਪਰ, ਪੂਰਨ ਸਿੰਘ ਦੀਆਂ ਦੂਸਰੀਆਂ ਕਵਿਤਾਵਾਂ ਵਾਂਗ ਹੀ ਇਸ ਕਵਿਤਾ ਵਿਚ ਵੀ ਨਾਇਕ-ਨਾਇਕਾ ਅਤੇ ਵਕਤਾ-ਸਰੋਤਾ-ਸੰਬੰਧ ਨਿਸ਼ਚਿਤ ਨਹੀਂ। ਕਵਿਤਾ ਵਿਚਲੀ ਮੁਲਾਕਾਤ ਦੀਆਂ ਦੋ ਧਿਰਾਂ ਦਾ ਆਪਸੀ ਸੰਬੰਧ ਪ੍ਰਕਿਰਤਕ ਹੈ, ਦੈਵੀ ਹੈ ਜਾਂ ਸਾਂਸਕ੍ਰਿਤਕ? ਕਵੀ ਇਸ ਸੰਬੰਧੀ ਕਿਸੇ ਸਪਸ਼ਟੀਕਰਣ ਦੀ ਲੋੜ ਮਹਿਸੂਸ ਨਹੀਂ ਕਰਦਾ। ਇਸ ਪ੍ਰਕਾਰ ਦੇ ਅਨਿਸ਼ਚਿਤ ਸੰਬੰਧ ਪੂਰਨ ਸਿੰਘ ਦੇ ਵੱਖਰੇ ਕਾਵਿ-ਸੰਸਾਰ ਵਲ ਸੰਕੇਤ ਕਰਦੇ ਹਨ, ਜਿਸ ਨੂੰ ਮੂਲ ਮਾਨਵਤਾ ਦਾ ਨਾਮ ਦਿੱਤਾਂ ਦਾ ਸਕਦਾ ਹੈ।

ਪੂਰਨ ਸਿੰਘ-ਕਾਵਿ ਦੀ ਮਹੱਤਵਪੂਰਨ ਪ੍ਰਾਪਤੀ ਉਸ ਦੇ ਸੰਸਾਰ ਦੀ ਮੂਲ-ਮਾਨਵੀ ਪ੍ਰਕਿਰਤੀ ਹੈ। ਕਾਵਿ-ਸੰਸਾਰ ਦਾ ਮੂਲ ਆਧਾਰ ਵਸਤੂ-ਸੰਸਾਰ ਹੀ ਹੁੰਦਾ ਹੈ। ਪਰ, ਕਵੀ ਯਥਾਰਥ ਦਾ ਅਜਨਬੀਕ੍ਰਿਤ ਰੂਪ ਪੇਸ਼ ਕਰਦਾ ਹੈ। ਪਰਿਣਾਮ ਸਰੂਪ ਉਹ ਸੰਸਾਰ ਵਸਤੂ-ਸੰਸਾਰ ਨਾਲ ਸੰਬੰਧਿਤ ਹੁੰਦਾ ਹੋਇਆ ਵੀ ਉਸ ਤੋਂ ਵੱਖਰਾ ਹੋ ਜਾਂਦਾ ਹੈ। ਪੂਰਨ ਸਿੰਘ ਦਾ ਮੂਲਮਾਨਵੀ ਪ੍ਰਕਿਰਤੀ ਵਾਲਾ ਕਾਵਿ-ਸੰਸਾਰ ਇਸੇ ਪ੍ਰਕਾਰ ਦਾ ਹੀ ਵਿਲੱਖਣ ਕਾਵਿ-ਸੰਸਾਰ ਹੈ।

CC-0. In Public Domain. Gurukul Kangri Collection, Haridwar
ਕਾਵਿ-ਸੰਸਾਰ ਦੇ ਤਿੰਨ ਵਾਸਤਵਿਕ ਆਧਾਰ ਮੰਨੇ ਜਾ ਸਕਦੇ ਹਨ। ਇਹ ਤਿੰਨ

Digitized by Arya Samaj Foundation Chennai and eGangotri

ਵਾਸਤਵਿਕ ਆਧਾਰ ਹਨ-

1) ਪ੍ਰਕਿਰਤੀ
2) ਸੰਸਕ੍ਰਿਤੀ ਅਤੇ
3) ਧਰਮ

ਇਨ੍ਹਾਂ ਵਿਚੋਂ ਤੀਸਰੇ ਅਰਥਾਤ ਧਰਮ ਨੂੰ ਸੰਸਕ੍ਰਿਤੀ ਦਾ ਹੀ ਅੰਗ ਸਵੀਕਾਰ ਕੀਤਾ ਜਾ ਸਕਦਾ ਹੈ। ਇਸ ਕਰਕੇ ਮੂਲ ਰੂਪ ਵਿਚ ਇਹ ਆਧਾਰ ਦੋ ਹੀ ਹਨ–ਪ੍ਰਕਿਰਤੀ ਅਤੇ ਸੰਸਕ੍ਰਿਤੀ। ਮੂਲ-ਮਾਨਵਤਾ ਨਾ ਸ਼ੁਧ ਪ੍ਰਕਿਰਤਕ ਸੰਬੰਧਾਂ ਦਾ ਸੰਸਾਰ ਹੈ ਅਤੇ ਨਾ ਸ਼ੁਧ ਸਾਸਕ੍ਰਿਤਕ ਸੰਬੰਧਾਂ ਦਾ। ਪਰ, ਇਸ ਦਾ ਇਹ ਅਰਥ ਨਹੀਂ ਕਿ ਪੂਰਨ ਸਿੰਘ-ਕਾਵਿ ਵਿਚ ਸਾਂਸਕ੍ਰਿਤਕ ਜਾਂ ਪ੍ਰਕਿਰਤਕ ਸੰਬੰਧਾਂ ਦੀ ਅਸਲੋਂ ਹੀ ਅਣਹੋਂਦ ਹੈ। ਉਸ ਦੇ ਕਾਵਿ-ਸੰਸਾਰ ਦੇ ਪ੍ਰਕਿਰਤਕ ਆਧਾਰ ਵੀ ਹਨ ਅਤੇ ਸਾਂਸਕ੍ਰਿਤਕ ਵੀ। ਪੂਰਨ ਸਿੰਘ ਦੀਆਂ 'ਪਸ਼ੂ ਚਰਦੇ' ਜਿਹੀਆਂ ਕਵਿਤਾਵਾਂ ਵੀ ਲਭੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਕਵੀ ਪ੍ਰਕਿਰਤਕ ਹੋਂਦ ਲਈ ਲੋਚ ਵਲ ਸੰਕੇਤ ਕਰਦਾ ਹੈ। ਇਹ ਕਵਿਤਾ ਸਾਂਸਕ੍ਰਿਤਕ ਦਬਾਉ ਪ੍ਰਤੀ ਵਿਰੋਧ ਦਰਸਾਉਂਦੀ ਹੈ। ਅਜਿਹੀਆਂ ਕਵਿਤਾਵਾਂ ਵਿਚ ਪਸ਼ੂ-ਥੀਣ ਦੀ ਲੋਚ ਵੀ ਅਸਲ ਵਿਚ ਸਾਂਸਕ੍ਰਿਤਕ-ਮਾਨਵਤਾ ਜਾਂ ਵਰਗ-ਮਾਨਵਤਾ ਦੇ ਵਿਰੋਧ ਵਿਚ ਮੂਲ-ਮਾਨਵੀ ਉਚਾਰ ਹੈ। ਅਜੇਹੀਆਂ ਕਵਿਤਾਵਾਂ ਸਾਂਸਕ੍ਰਿਤਕ ਸੰਜਮ ਦੀਆਂ ਵਿਰੋਧੀ ਨਹੀਂ, ਸੰਸਕ੍ਰਿਤੀ ਦੀ ਉਸ ਕਠੋਰਤਾ ਦੀਆਂ ਵਿਰੋਧੀ ਹਨ, ਜਿਨ੍ਹਾਂ ਕਾਰਣ ਮਨੁੱਖ ਆਪਣੇ ਆਪ ਨੂੰ ਮੂਲ-ਮਾਨਵਤਾ ਤੋਂ ਵਿਛੜਿਆਂ ਮਹਿਸੂਸ ਕਰਦਾ ਹੈ।

ਪ੍ਰਕਿਰਤਕ ਹੋਂਦ ਲਈ ਲੋਚਾ ਵਲ ਸੰਕੇਤ ਕਰਦੀਆਂ ਉਪਰੋਕਤ ਪ੍ਰਕਾਰ ਦੀਆਂ ਕਵਿਤਾਵਾਂ ਤੋਂ ਇਲਾਵਾ ਪੂਰਨ ਸਿੰਘ ਦੀਆਂ ਸਮਾਜਕ ਸੰਬੰਧਾਂ ਦੀਆ ਕਵਿਤਾਵਾਂ ਵੀ ਮਿਲ ਜਾਣਗੀਆਂ। ਉਸ ਦੀਆਂ ਦੋ ਲੰਮੀਆਂ ਕਵਿਤਾਵਾਂ – 'ਇਕ ਜੰਗਲੀ ਫੁੱਲ' ਅਤੇ 'ਪੂਰਨ ਨਾਥ ਜੋਗੀ' ਇਸੇ ਪ੍ਰਕਾਰ ਦੀਆਂ ਹੀ ਕਵਿਤਾਵਾਂ ਹਨ। 'ਖੁਲ੍ਹੇ ਮੈਦਾਨ' ਦਾ ਤੀਸਰਾ ਭਾਗ (ਦੇਸ਼ ਪਿਆਰ ਪੰਜਾਬ ਮੇਰਾ) ਸਾਰਾ ਦਾ ਸਾਰਾ ਪੰਜਾਬ ਦੀ ਪ੍ਰਸੰਸਾ ਹਿੱਤ ਉਚਾਰਿਆ ਗਿਆ ਹੈ। ਇਨ੍ਹਾਂ ਕਵਿਤਾਵਾਂ ਦਾ ਆਧਾਰ ਸਾਂਸਕ੍ਰਿਤਕ ਮਨੁੱਖ ਦਾ ਅਨੁਭਵ ਹੈ। ਇਹ ਹੀ ਨਹੀਂ ਉਸ ਦੀਆਂ ਕਵਿਤਾਵਾਂ ਵਿਚ ਮਿਥਕ-ਇਤਿਹਾਸਕ (mytho-historical) ਪਾਤਰਾਂ ਜਿਵੇਂ ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਅਤੇ ਮਿਥਕ ਪਾਤਰ–ਹੀਰ, ਰਾਂਝਾ, ਸੋਹਣੀ ਆਦਿ ਵਲ ਸੰਕੇਤ ਪੂਰਨ ਸਿੰਘ ਕਾਵਿ-ਸੰਸਾਰ ਦੇ ਸਾਂਸਕ੍ਰਿਤਕ ਪੱਖ ਦਾ ਹੀ ਉਦਾਹਰਣ ਪੇਸ਼ ਕਰਦੇ ਹਨ। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਪੂਰਨ ਸਿੰਘ-ਕਾਵਿ ਵਿਚ ਸੰਸਕ੍ਰਿਤੀ ਦੀ ਪ੍ਰਸੰਸਾ ਵੀ ਹੈ ਅਤੇ ਵਿਰੋਧ ਵੀ। ਪਰ, ਜਿਹੜਾ ਪੱਖ ਉਸ ਨੂੰ ਦੂਸਰੇ ਪੰਜਾਬੀ ਕਾਵਿ-ਸੰਸਾਰ ਨਾਲੋਂ ਵੱਖਰਾ ਕਰਦਾ ਹੈ ਉਹ ਉਸ ਦਾ ਮੂਲ-ਮਾਨਵੀ ਪੱਖ ਹੈ।

ਉਪਰ ਅਸਾਂ ਪੂਰਨ ਸਿੰਘ ਦੀਆਂ ਉਨ੍ਹਾਂ ਕਵਿਤਾਵਾਂ ਵਲ ਸੰਕੇਤ ਕੀਤਾ ਹੈ, ਜਿਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਕਵੀ ਜਾਂ ਤਾ ਸੰਸਕ੍ਰਿਤੀ ਦੀ ਪ੍ਰਸੰਸਾ ਕਰਦਾ ਹੈ ਅਤੇ ਜਾਂ ਸੰਸਕ੍ਰਿਤੀ ਦੀ ਕਠੋਰਤਾ ਪ੍ਰਤੀ ਵਿਰੋਧ ਪ੍ਰਗਟ ਕਰਕੇ ਪ੍ਰਕਿਰਤਕ ਹੋਂਦ ਲਈ ਲੋਚਾ ਦਰਸਾਉਂਦਾ ਹੈ। ਇਨ੍ਹਾ ਵਿਚ ਵੀ ਕੁਝ ਕਵਿਤਾਵਾਂ ਅਜੇਹੀਆਂ ਹਨ ਜਿਹੜੀਆਂ ਸਮਾਜ ਨਾਲ ਸੰਬੰਧਿਤ ਹੁੰਦੀਆਂ ਹੋਈਆਂ ਵੀ ਸਮੱਸਿਆਂ ਨੂੰ ਸਮੁੱਚੇ ਸਮਾਜਕ ਸੰਦਰਭ ਵਿਚ ਪੇਸ਼ ਕਰਨ ਵਲ ਰੁਚਿਤ ਨਹੀਂ। ਉਦਾਹਰਣ ਲਈ ਉਸ ਦੀ ਲੰਮੀ ਕਵਿਤਾ 'ਪੂਰਨ ਨਾਥ ਜੋਗੀ' ਪੇਸ਼ ਕੀਤੀ ਜਾ ਸਕਦੀ ਹੈ। ਸਮਾਜਕ ਸਮੱਸਿਆ ਨਾਲ ਸੰਬੰਧਿਤ ਇਸ ਕਵਿਤਾ ਦੀ ਸਮਾਜਕਤਾ ਨੂੰ ਪੇਸ਼ ਕਰਨ ਵਲ ਕਵੀ ਬਹੁਤ ਘਟ ਰੁਚਿਤ ਹੈ। ਸਮਾਜਕਤਾ ਨਾਲੋਂ ਵਧ ਉਸ ਦੀ ਰੁਚੀ ਮਾਨਸਿਕਤਾ ਨੂੰ ਪੇਸ਼ ਕਰਨ ਵਲ ਹੈ। ਸਮਾਜਕਤਾ ਤੋਂ ਮਾਨਸਿਕਤਾ ਵਲ ਦੀ ਇਹ ਯਾਤ੍ਰਾ ਕਵੀ ਦੀ ਮੂਲ-ਮਾਨਵੀ ਬਿਰਤੀ ਦੀ ਹੀ ਸੂਚਕ ਹੈ। ਕਿਤੇ ਕਿਤੇ ਅਪਵਾਦ ਰੂਪ ਵਿਚ ਕਵਿਤਾਵਾਂ ਮਿਲ ਜਾਣਗੀਆਂ ਜਿਥੇ ਪਾਤਰਾਂ ਦੀ ਸਮਾਜਿਕਤਾ ਵਲ ਹਲਕਾ ਜਿਹਾ ਸੰਕੇਤ ਮਿਲੇਗਾ। ਇਸ ਪ੍ਰਕਾਰ ਦੀ ਇਕ ਕਵਿਤਾ 'ਪੰਜਾਬ ਦੀ ਅਹੀਰਨ ਗੋਹੇ ਥੱਪਦੀ' ਹੈ। ਇਹ ਕਵਿਤਾ ਪੰਜਾਬੀ ਸੰਸਕ੍ਰਿਤੀ ਦੀ ਪ੍ਰਸੰਸਾ ਨਾਲ ਸੰਬੰਧਿਤ ਹੈ ਇਸੇ ਸੰਦਰਭ ਵਿਚ 'ਪੰਜਾਬ ਦੀ ਅਹੀਰਨ' ਦੀ 'ਮਜ਼ੂਰੀ' ਦਾ ਜ਼ਿਕਰ ਹੋਇਆ ਹੈ। ਪਰ, ਨਾਲ ਹੀ ਇਹ ਕਵਿਤਾ ਅਹੀਰਨ ਦੀ 'ਮਜ਼ੂਰੀ' ਨੂੰ ਸਮਾਜਕ ਸੰਦਰਭ ਵਿਚ ਵੀ ਪੇਸ਼ ਕਰਨ ਦਾ ਯਤਨ ਕਰਦੀ ਹੈ। ਕਵਿਤਾ ਵਿਚ ਹਲਕਾ ਜਿਹਾ ਸੰਕੇਤ ਅਹੀਰਨ ਦੇ ਮਾਂ ਹੋਣ ਵਲ ਵੀ ਕੀਤਾ ਗਿਆ ਹੈ—

> ਮਜ਼ੂਰਨ ਉਹ ਕਿਸੇ ਅਣਡਿੱਠੇ ਪਿਆਰ ਦੀ,
> ਮਾਂ ਬਾਲ ਬੱਚਿਆਂ ਦੀ,
> ਬੱਚਿਆਂ ਦੀ ਖ਼ੁਸ਼ੀ ਖਾਤਰ ਗੋਹੇ ਪਈ ਥੱਪਦੀ।[1]

ਪਰ, ਇਸ ਤਰ੍ਹਾਂ ਦਾ ਸੰਕੇਤ-ਕਥਨ ਪੂਰਨ ਸਿੰਘ-ਕਾਵਿ ਵਿਚ ਬਹੁਤ ਵਿਰਲਾ ਹੈ। ਵੈਸੇ ਇਸ ਕਵਿਤਾ ਵਿਚ ਵੀ ਵਕਤਾ-ਮੈਂ ਦਾ ਕਾਵਿ-ਨਾਇਕਾ (ਅਹੀਰਨ) ਨਾਲ ਸੰਬੰਧ ਸਪਸ਼ਟ ਨਹੀਂ ਕੀਤਾ ਗਿਆ। ਕਵਿਤਾ ਤੋਂ ਸਿਰਫ ਏਨਾ ਹੀ ਪਤਾ ਚਲਦਾ ਹੈ ਕਿ ਵਕਤਾ ਆਪਣੇ ਦੋਸਤਾਂ ਨਾਲ ਲਾਹੌਰ ਦੀ ਗਲੀ ਵਿਚੋਂ ਲੰਘਦਾ ਹੈ ਅਤੇ ਕਾਵਿ-ਨਾਇਕ ਦੀ ਨਜ਼ਰ ਗੋਹੇ ਥੱਪਦੀ ਅਹੀਰਨ ਉਪਰ ਕੇਂਦਰਿਤ ਹੋ ਜਾਦੀ ਹੈ। ਨਾਇਕ ਅਹੀਰਨ ਵਲ ਆਕਰਸ਼ਿਤ ਹੈ, ਪਰ ਕਿਉਂ? ਇਸ ਦਾ ਕਥਨ ਜਾਂ ਸਪਸਟੀਕਰਣ ਕਵਿਤਾ ਨਹੀਂ ਕਰਦੀ। ਵਕਤਾ ਉਸ ਵਲ ਆਕਰਸ਼ਿਤ ਹੋਇਆ ਹੈ ਪਰ ਨਾਇਕਾ ਉਸ ਦੀ ਹੋਂਦ ਤੋਂ ਵੀ ਬੇਖ਼ਬਰ ਹੈ। ਕਵਿਤਾ ਵਿਚੋਂ ਕਿਸੇ ਪ੍ਰਕਾਰ ਦੇ ਵੀ ਸੰਬੰਧ, ਪ੍ਰਕਿਰਤਕ ਜਾ ਸਮਾਜਕ, ਦਾ ਪਰਿਚੈ ਨਹੀਂ ਹੁੰਦਾ। ਕਵੀ ਅਕਾਰਣ ਹੀ ਉਸ ਅਹੀਰਨ ਵਲ ਖਿੱਚਿਆ ਗਿਆ ਹੈ। ਇਹ ਅਕਾਰਣ ਖਿੱਚ ਪੂਰਨ ਸਿੰਘ ਦੀਆ ਹੋਰ ਵੀ ਬਹੁਤ ਸਾਰੀਆਂ ਕਵਿਤਾਵਾਂ ਵਿਚ ਵਿਦਮਾਨ ਹੈ ਅਤੇ ਇਸੇ ਅਕਾਰਣਤਾ ਵਿਚ ਹੀ ਪੂਰਨ ਸਿੰਘ ਦੇ ਵਿਲੱਖਣ ਕਾਵਿ-ਸੰਸਾਰ ਦਾ ਭੇਦ ਹੈ। ਪੂਰਨ

---

1. ਪੂਰਨ ਸਿੰਘ ਜੀਵਨੀ ਤੇ ਕਵਿਤਾ, ਪੰਨਾ 212.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਦੀਆਂ ਇਸੇ ਪ੍ਰਕਾਰ ਦੀਆਂ ਦੂਸਰੀਆਂ ਕਵਿਤਾਵਾਂ ਹਨ 'ਪੰਜਾਬ ਬਾਰ ਦੇ ਬਿਲੋਚ ਦੀ ਧੀ', 'ਇਕ ਵਾਰੀ ਅਚਨਚੇਤ' ਅਤੇ 'ਜਾਗਲੀ ਛੋਹਰ' ਆਦਿ। ਇਨ੍ਹਾਂ ਵਿਚ ਵਕਤਾ-ਨਾਇਕ/ ਨਾਇਕਾ-ਸੰਬੰਧ ਨੂੰ ਪਰਿਭਾਸ਼ਿਤ ਕਰਨ ਦਾ ਕੋਈ ਯਤਨ ਨਹੀਂ। ਇਹੀ ਪੂਰਨ ਸਿੰਘ ਦਾ ਮੂਲ-ਮਾਨਵੀ ਕਾਵਿ-ਸੰਸਾਰ ਹੈ।

ਪੂਰਨ ਸਿੰਘ ਦੀ ਮੂਲ-ਮਾਨਵਤਾ ਨੂੰ ਪੰਜਾਬੀ ਕਾਵਿ-ਪਰੰਪਰਾ ਦੇ ਸੰਦਰਭ ਵਿਚ ਵੇਖਣ ਦਾ ਯਤਨ ਕਰੀਏ ਤਾ ਸਿੱਟੇ ਬੜੇ ਮਹੱਤਵਪੂਰਨ ਨਿਕਲਣਗੇ। ਅਸੀਂ ਇਹ ਵੀ ਮੰਨਦੇ ਹਾਂ ਕਿ ਪੂਰਨ ਸਿੰਘ ਪੰਜਾਬ ਦੀ ਕਾਵਿ-ਪਰੰਪਰਾ ਨਾਲ ਇਕਸੁਰ ਕਵੀ ਹੈ। ਪਰ, ਉਸ ਦੀ ਮੂਲ-ਮਾਨਵਤਾ ਉਸ ਦੇ ਕਾਵਿ ਨੂੰ ਪੰਜਾਬੀ ਕਾਵਿ-ਪਰੰਪਰਾ ਨਾਲੋਂ ਵੱਖਰਾ ਸਥਾਪਿਤ ਕਰਦੀ ਹੈ। ਪੰਜਾਬੀ ਕਾਵਿ-ਪਰੰਪਰਾ ਵਿਚ ਕਿਤੇ ਕਿਤੇ ਮੂਲ-ਮਾਨਵੀ ਸੁਰਾਂ ਦਾ ਆਭਾਸ ਤਾਂ ਹੋ ਸਕਦਾ ਹੈ, ਪਰ ਸ਼ੁਧ ਮੂਲ-ਮਾਨਵੀ ਸੰਸਾਰ ਦੀ ਪ੍ਰਤੀਤੀ ਪੂਰਨ ਸਿੰਘ-ਕਾਵਿ ਵਿਚ ਹੀ ਹੁੰਦੀ ਹੈ।

ਗੁਰਬਾਣੀ ਵਿਚ ਕਈ ਥਾਵੇਂ ਮੂਲ-ਮਾਨਵਤਾ ਦਾ ਸੁਰ ਇਤਨਾ ਬਲਵਾਨ ਹੈ ਕਿ ਉਸ ਵਿਚ ਪ੍ਰਕਿਰਤਕ ਅਤੇ ਦੈਵੀ ਮੁਹਾਂਦਰਾ ਮੱਧਮ ਪੈ ਗਿਆ ਪ੍ਰਤੀਤ ਹੁੰਦਾ ਹੈ। ਇਸ ਪ੍ਰਕਾਰ ਦਾ ਇਹ ਉਦਾਹਰਣ ਗੁਰੂ ਨਾਨਕ ਦੇਵ ਦੀ ਇਹ ਰਚਨਾ ਹੈ:

ਮੋਰੀ ਰੁਣਝੁਣ ਲਾਇਆ ਭੈਣੇ ਸਾਵਣੁ ਆਇਆ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥
ਤੇਰੇ ਦਰਸ਼ਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥
ਜਾ ਤੂ ਤਾਂ ਮੈਂ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥[1]

ਇਥੇ ਪਿਆਰ ਦੀਆਂ ਦੋ ਧਿਰਾਂ ਵਿਚੋਂ ਇਕ ਨੂੰ ਹਰਿ, ਪ੍ਰਭੂ ਆਦਿ ਸਪਸ਼ਟ ਕਥਨਾ ਰਾਹੀਂ ਦੈਵ ਨਾਲ ਸੰਬੰਧਿਤ ਨਹੀਂ ਕੀਤਾ ਗਿਆ। ਪਰ, ਗੁਰਬਾਣੀ ਵਿਚ ਬਹੁਤਾ ਕਰਕੇ ਇੰਜ ਨਹੀਂ ਹੋਇਆ। ਉਥੇ ਦੋ ਧਿਰਾਂ ਵਿਚੋਂ ਇਕ ਧਿਰ ਸਪਸ਼ਟ ਰੂਪ ਵਿਚ ਦੈਵੀ ਅਤੇ ਦੂਸਰੀ ਮਾਨਵੀ ਹੁੰਦੀ ਹੈ। ਇਸ ਨੂੰ ਅਸੀਂ ਮਾਨਵ-ਦੇਵ ਦਾ ਨਾਮ ਦੇ ਸਕਦੇ ਹਾਂ। ਇਸ ਦੇ ਮੁਕਾਬਲੇ ਵਿਚ ਸੂਫੀ ਕਵਿਤਾ ਵਿਚ ਦੈਵੀ ਧਿਰ ਦਾ ਸਪਸ਼ਟ ਕਥਨ ਬਹੁਤ ਹੀ ਘੱਟ ਮਿਲਦਾ ਹੈ। ਦੈਵੀ ਧਿਰ ਦਾ ਅਨੁਮਾਨ ਹੀ ਲਾਇਆ ਜਾ ਸਕਦਾ ਹੈ। ਇਸੇ ਕਰਕੇ ਗੁਰਬਾਣੀ ਦੇ ਮੁਕਾਬਲੇ ਵਿਚ ਸੂਫੀ ਕਵਿਤਾ ਵਧੇਰੇ ਮੂਲ-ਮਾਨਵੀ ਬਿਰਤੀ ਵਾਲੀ ਹੈ। ਪੂਰਨ ਸਿੰਘ-ਕਾਵਿ ਸੂਫੀ ਕਵਿਤਾ ਦੀ ਇਸੇ ਮੂਲ-ਮਾਨਵੀ ਪਰੰਪਰਾ ਨੂੰ ਅਗੇ ਟੋਰਦਾ ਪ੍ਰਤੀਤ ਹੁੰਦਾ ਹੈ।

ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਪੂਰਨ ਸਿੰਘ ਦਾ ਕਾਵਿ-ਸੰਸਾਰ ਵਿਲੱਖਣ

---

1. *'ਸ੍ਰੀ ਗੁਰੂ ਗ੍ਰੰਥ ਸਾਹਿਬ'* ਪੰਨਾ 557

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਵਿ-ਸੰਸਾਰ ਹੈ। ਇਸ ਕਾਵਿ-ਸੰਸਾਰ ਵਿਚ ਪ੍ਰਕਿਰਤਕ, ਸਾਂਸਕ੍ਰਿਤਕ ਜਾਂ ਦੈਵੀ ਸੰਬੰਧਾਂ ਦੀ ਕਥਨ ਦੇ ਪੱਧਰ ਉਪਰ ਪੇਸ਼ਕਾਰੀ ਨਹੀਂ ਹੋਈ। ਕਵੀ ਕਿਸੇ ਵੀ ਪ੍ਰਕਾਰ ਦੇ ਸੰਬੰਧ ਨੂੰ ਪਰਿਭਾਸ਼ਿਤ ਕਰਨ ਵਲ ਰੁਚਿਤ ਨਹੀਂ। ਇਹ ਹੀ ਨਹੀਂ ਕਵੀ ਵਾਸਤਵਿਕਤਾ ਦੀ ਥਾਵੇਂ ਮਾਨਸਿਕਤਾ ਉਪਰ ਵਧੇਰੇ ਬਲ ਦਿੰਦਾ ਹੈ। ਅਤੇ ਇਹ ਮਾਨਸਿਕਤਾ ਵੀ ਮੂਲ-ਮਾਨਸਿਕਤਾ ਹੈ। ਇਹ ਸਾਰੀਆਂ ਵਿਸ਼ੇਸ਼ਤਾਵਾਂ ਉਸ ਦੇ ਮੂਲ-ਮਾਨਵੀ ਕਾਵਿ-ਸੰਸਾਰ ਨੂੰ ਹੀ ਪ੍ਰਮਾਣਿਤ ਕਰਦੀਆਂ ਹਨ।

ਉਪਰ ਅਸਾਂ ਪੂਰਨ ਸਿੰਘ-ਕਾਵਿ ਦੀ ਅਕਾਰਣਤਾ ਵਲ ਸੰਕੇਤ ਕੀਤਾ ਸੀ। ਇਸ ਕਾਵਿ ਵਿਚ ਅਕਾਰਣਤਾ ਅਤੇ ਮੂਲ-ਮਾਨਵਤਾ ਅੰਤਰ-ਸੰਬੰਧਿਤ ਹਨ। ਅਕਾਰਣਤਾ ਪੂਰਨ ਸਿੰਘ-ਕਾਵਿ ਦੇ ਮੂਲ-ਮਾਨਵੀਂ ਸੰਸਾਰ ਦਾ ਪ੍ਰਮਾਣ ਵੀ ਹੈ ਅਤੇ ਪਰਿਣਾਮ ਵੀ। ਇਸੇ ਪ੍ਰਕਾਰ ਮੂਲ-ਮਾਨਵੀ ਸੰਸਾਰ ਦੀ ਸਿਰਜਣਾ ਵੀ ਵਰਗਾ-ਸੰਬੰਧਾਂ ਤੋਂ ਪਾਰ ਅਕਾਰਣਤਾ ਦੀ ਪੱਧਰ ਉਪਰ ਵਿਚਰਣ ਕਰਕੇ ਹੀ ਸੰਭਵ ਹੈ। ਉਪਰ ਕਿਹਾ ਜਾ ਚੁਕਾ ਹੈ ਕਿ ਵਾਸਤਵਿਕ ਸੰਸਾਰ ਵਿਚ ਮਾਨਵੀ ਸੰਬੰਧਾਂ ਦੇ ਦੋ ਪ੍ਰਮੁੱਖ ਆਧਾਰ ਹੋ ਸਕਦੇ ਹਨ – ਪ੍ਰਕਿਰਤੀ ਅਤੇ ਸੰਸਕ੍ਰਿਤੀ। ਇਨ੍ਹਾਂ ਵਿਚੋਂ ਕਿਸੇ ਵੀ ਵਰਗ-ਸੰਬੰਧਾਂ ਦੇ ਸੰਸਾਰ ਵਿਚ ਸੰਬੰਧ-ਪਛਾਣ ਸੰਭਵ ਹੈ ਕਿਉਂਕਿ ਇਸ ਖੇਤਰ ਵਿਚ ਸੰਬੰਧ-ਸਥਾਪਤੀ ਸੰਜੋਗੀ ਨਹੀਂ। ਇਹ ਕਾਰਣ-ਸੰਬੰਧਾਂ ਦਾ ਸੰਸਾਰ ਹੈ। ਪਰ, ਮੂਲ-ਮਾਨਵਤਾ ਦਾ ਖੇਤਰ ਇਨ੍ਹਾਂ ਸੰਬੰਧਾਂ ਤੋਂ ਪਾਰ ਵਿਚਰਦਾ ਹੈ। ਇਸ ਕਰਕੇ ਇਥੇ ਕਾਰਣ-ਸੰਬੰਧਾਂ ਜਾਂ ਵਰਗ-ਸੰਬੰਧਾਂ ਦੇ ਦਖ਼ਲ ਤੋਂ ਬਗ਼ੈਰ ਵੀ ਕੰਮ ਚਲ ਸਕਦਾ ਹੈ। ਪੂਰਨ ਸਿੰਘ ਦੀਆਂ ਕਈ ਕਵਿਤਾਵਾਂ ਨਿਰੋਲ ਇਸੇ ਪੱਧਰ ਉਪਰ ਹੀ ਵਿਚਰਦੀਆਂ ਹਨ। ਦਰਿਆ ਕਿਨਾਰੇ, ਪੰਜਾਬ ਬਾਰ ਦੇ ਬਿਲੋਚ ਦੀ ਧੀ, ਇਕ ਵਾਰੀ ਅਚਨਚੇਤ, ਜਾਂਗਲੀ ਛੋਹਰ ਆਦਿ ਅਕਾਰਣਤਾ ਦੇ ਪੱਧਰ ਉਪਰ ਵਿਚਰਨ ਵਾਲੀਆਂ ਕੁਝ ਕੁ ਵਿਲੱਖਣ ਕਵਿਤਾਵਾਂ ਹਨ। ਇਨ੍ਹਾਂ ਕਵਿਤਾਵਾਂ ਦੀ ਵਿਸ਼ੇਸ਼ਤਾ ਇਹੀ ਹੈ ਕਿ ਇਥੇ ਨਾਇਕ-ਨਾਇਕਾ ਜਾਂ ਵਕਤਾ-ਸਰੋਤਾ ਕਿਸੇ ਨਿਸ਼ਚਿਤ ਵਰਗ-ਸੰਬੰਧ ਵਿਚ ਨਹੀਂ ਬੱਝੇ ਹੋਏ। ਕਵਿਤਾਵਾਂ ਵਿਚ ਇਨ੍ਹਾਂ ਦਾ ਸੰਬੰਧ ਸੰਜੋਗ-ਆਧਾਰਿਤ ਹੈ ਅਤੇ ਕਵਿਤਾ ਵਿਚਲਾ ਵਾਤਾਵਰਣ ਵਾਸਤਵਿਕ ਸੰਸਾਰ ਤੋਂ ਵੱਖਰਾ ਅਜਨਬੀਕ੍ਰਿਤ ਜਿਹਾ ਮਹਿਸੂਸ ਹੁੰਦਾ ਹੈ। ਵਕਤਾ-ਨਾਇਕ/ਨਾਇਕਾ ਕਾਵਿ-ਨਾਇਕਾ ਜਾਂ ਨਾਇਕ ਵਲ ਆਕਰਸ਼ਿਤ ਹੈ, ਪਰ ਇਹ ਆਕਰਸ਼ਣ ਕਿਸੇ ਕਾਰਣ-ਸੰਬੰਧ ਉਪਰ ਆਧਾਰਿਤ ਨਹੀਂ। ਇਸ ਦੇ ਮੁਕਾਬਲੇ ਵਿਚ ਕਿਸੇ ਦੂਸਰੇ ਆਧੁਨਿਕ ਕਵੀ ਦੀ ਕਵਿਤਾ ਦਾ ਉਦਾਹਰਣ ਪੂਰਨ ਸਿੰਘ-ਕਾਵਿ ਵਿਚ ਕਾਰਣ-ਸੰਬੰਧਾਂ ਦੀ ਅਣਹੋਂਦ ਨੂੰ ਸਪਸ਼ਟ ਕਰਨ ਵਿਚ ਸਾਡੀ ਮਦਦ ਕਰੇਗਾ :

ਦੁਖਾਂ ਦਾ ਸਾਹਿਆ ਭਾਗ ਸੁਣੀਂਦਾ
ਇਹ ਸੰਜੋਗ ਬਲੀ, ਮੈਂ ਤਾਂ ਜਨਮ-ਜਲੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਰਹਾ ਦੇ ਬੂਹੇ ਵੱਜੀ ਵਧਾਈ
ਸਾਡੀ ਸਗਣ ਤਲੀ, ਮੈਂ ਤਾਂ ਜਨਮ-ਜਲੀ।

ਇਸ਼ਕ ਤੇਰੇ ਨੇ ਭੇਸ ਵਟਾਇਆ
ਸਾਡੀ ਜਿੰਦ ਛਲੀ! ਮੈਂ ਤਾ ਜਨਮ ਜਲੀ।[1]

ਇਸ ਕਵਿਤਾ ਵਿਚ ਗੱਲ ਸੰਜੋਗਾਂ ਦੀ ਹੈ, ਪਰ ਸੰਬੰਧ ਅਤੇ ਸੰਬੰਧਾਂ ਦਾ ਕਥਿਤ ਫਲ (ਬਿਰਹਾ) ਨਿਸ਼ਚੇ ਹੀ ਸੰਜੋਗ ਨਹੀਂ। ਇਹ ਕਾਰਣ-ਸੰਬੰਧਾਂ ਦਾ ਖੇਤਰ ਹੈ ਅਤੇ ਇਥੇ ਜੋ ਵਾਪਰਦਾ ਹੈ ਨਿਸ਼ਚਿਤ ਸੰਬੰਧਾਂ ਦੀ ਹੋਂਦ/ਅਣਹੋਂਦ ਕਾਰਣ ਹੀ ਵਾਪਰਦਾ ਹੈ। ਇਸ ਦੇ ਮੁਕਾਬਲੇ ਵਿਚ ਪੂਰਨ ਸਿੰਘ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਕਾਰਣ-ਸੰਬੰਧਾਂ ਤੋਂ ਮੁਕਤ ਹਨ। ਪੂਰਨ ਸਿੰਘ-ਕਾਵਿ ਵਿਚਲੀ ਅਕਾਰਣ ਪ੍ਰਸੰਨਤਾ ਅਤੇ ਉਸ ਦੇ ਨਾਇਕ/ਨਾਇਕਾ ਦਾ ਕਿਸੇ ਦੂਸਰੇ ਪ੍ਰਤੀ ਅਕਾਰਣ ਅਕਰਸ਼ਣ ਇਸੇ ਦਾ ਹੀ ਪਰਿਣਾਮ ਹਨ।

ਪੂਰਨ ਸਿੰਘ-ਕਾਵਿ ਦੇ ਮੂਲ ਮਾਨਵੀ ਪ੍ਰਕਿਰਤੀ ਵਾਲੇ ਸੰਸਾਰ ਦਾ ਹੀ ਪਰਿਣਾਮ ਹੈ ਕਿ ਇਹ ਕਾਵਿ ਤਨਾਉ-ਮੁਕਤ ਹੈ। ਤਨਾਉ ਦੀ ਸੰਭਾਵਨਾ ਸਮਾਜਕ ਜਾਂ ਪ੍ਰਕਿਰਤਕ ਸੰਬੰਧਾ ਵਾਲੇ ਸੰਸਾਰ ਵਿਚ ਹੀ ਹੋ ਸਕਦੀ ਹੈ ਅਤੇ ਪੂਰਨ ਸਿੰਘ-ਕਾਵਿ ਦੇ ਕਾਫ਼ੀ ਵੱਡੇ ਭਾਗ ਵਿਚ ਇਸ ਦੀ ਅਣਹੋਂਦ ਹੈ। ਪਰਿਣਾਮ ਸਰੂਪ ਪੂਰਨ ਸਿੰਘ-ਕਾਵਿ ਦਾ ਨਾਇਕ ਯੁਵਾ ਸਥਿਤੀ-ਬਿੰਦੂ ਉਪਰ ਖਲੋਤਾ ਹੋਇਆ ਤਨਾਉ-ਰਹਿਤ ਪ੍ਰਸੰਨ ਵਿਅਕਤੀ ਹੈ। ਜਿਹੜਾ ਕਦੀ ਸਵੈ-ਅਲਾਪ ਕਰ ਰਿਹਾ ਹੈ ਅਤੇ ਕਦੀ ਅਨਿਸ਼ਚਿਤ ਸੰਬੰਧਾਂ ਵਾਲੇ ਸਰੋਤੇ ਨੂੰ ਸੰਬੋਧਿਤ ਹੈ। ਉਸ ਦਾ ਕਾਵਿ-ਨਾਇਕ ਇਕ ਤਰ੍ਹਾਂ ਦੀ ਸਮਾਧੀ ਦੀ ਅਵਸਥਾ ਵਿਚ ਹੈ। ਪਰ, ਇਹ ਉਸ ਦੀ ਸਮੁੱਚੀ ਕਵਿਤਾ ਬਾਰੇ ਨਹੀਂ ਕਿਹਾ ਜਾ ਸਕਦਾ। 'ਖੁਲ੍ਹੇ ਮੈਦਾਨ' ਤੋਂ 'ਖੁਲ੍ਹੇ ਅਸਮਾਨੀ ਰੰਗ' ਤਕ ਪੂਰਨ ਸਿੰਘ ਦੇ ਚਿੰਤਨ ਵਿਚ ਪਰਿਵਰਤਨ ਵਾਪਰਦਾ ਹੈ। ਇਸ ਪਰਿਵਰਤਨ ਵਲ ਸੰਕੇਤ ਕਵੀ ਆਪ 'ਖੁਲ੍ਹੇ ਅਸਮਾਨੀ ਰੰਗ' ਦੀ ਭੂਮਿਕਾ (ਦੋ ਗੱਲਾਂ) ਵਿਚ ਕਰਦਾ ਹੈ। ਕਵੀ ਦੇ ਇਹ ਸ਼ਬਦ ਇਸ ਦ੍ਰਿਸ਼ਟੀ ਤੋ ਮਹੱਤਵਪੂਰਨ ਹਨ - 'ਮੰਦਾ ਲਗਾ ਜਦ ਤੱਕਿਆ ਕਿ ਸੋਹਣੇ ਫੰਙਾ ਵਾਲੀ-ਉਹ ਰੂਹਾਨੀ ਦੀਦ ਵਾਲੀ ਘੁੱਘੀ ਵੀ ਚੋਗਾ ਚੁਗਣ ਦੇ ਕੰਮ ਵਿਚ ਲਗੀ ਹੈ, ਮੈਂ ਇਨਾਂ ਸ਼ੋਰੀਲਾ ਜਿਹਾ ਇਥੇ ਵੇਖ ਵੇਖ ਚੁੱਪ ਹੋ ਗਿਆ-ਇਕ ਘੋੜੇ ਥੀਂ ਬਲਦ ਵਿਚ ਬਦਲ ਗਿਆ।[2]' ਸ਼ਾਇਦ ਇਹੋ ਕਾਰਣ ਹੈ ਕਿ ਆਪਣੀਆਂ 'ਖੁਲ੍ਹੇ ਮੈਦਾਨ' ਦੀਆਂ ਕਵਿਤਾਵਾਂ ਵਿਚ ਜ਼ਿੰਦਗੀ ਦਾ ਜਸ਼ਨ ਮਨਾਉਣ ਵਾਲੇ ਪੂਰਨ ਸਿੰਘ ਦਾ ਦ੍ਰਿਸ਼ਟੀਕੋਣ ਬਦਲ ਗਿਆ ਹੈ। ਉਸ ਨੂੰ 'ਖੁਲ੍ਹੇ ਅਸਮਾਨੀ ਰੰਗ' ਵਿਚ ਆਪਣਾ ਆਲ-ਦੁਆਲਾ ਉਤਨਾ ਪ੍ਰਸੰਨ ਵਿਖਾਈ ਨਹੀਂ ਦਿੰਦਾ। ਪੂਰਨ ਸਿੰਘ ਦੇ ਪ੍ਰਸੰਨ

---

1. ਅੰਮ੍ਰਿਤਾ ਪ੍ਰੀਤਮ, *'ਕਾਗਜ਼ ਤੇ ਕੈਨਵਸ ਤੋਂ ਪਹਿਲਾਂ*, ਪੰਨਾ 106.
2. *'ਪੂਰਨ ਸਿੰਘ : ਜੀਵਨੀ ਤੇ ਕਵਿਤਾ'*, ਪੰਨਾ 388.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦ੍ਰਿਸ਼ਟੀਕੋਣ ਵਿਚ ਇਹ ਪਰਿਵਰਤਨ ਵਿਸ਼ੇਸ਼ ਕਰਕੇ ਉਸ ਦੀਆਂ ਪਸ਼ੂ/ਪੰਛੀ-ਜਗਤ ਨਾਲ ਸੰਬੰਧਿਤ ਕਵਿਤਾਵਾਂ ਉਪਰ ਇਕ ਦ੍ਰਿਸ਼ਟੀ ਤੋਂ ਹੀ ਸਪਸ਼ਟ ਹੋ ਜਾਂਦਾ ਹੈ। 'ਖੁਲ੍ਹੇ ਅਸਮਾਨੀ ਰੰਗ' ਵਿਚ ਸ਼ਾਮਿਲ ਉਸ ਦੀਆਂ ਕਵਿਤਾਵਾਂ-'ਪੰਜਾਬ ਦੇ ਬਾਰ ਵਿਚ ਘੁੱਗੀ', 'ਕਾਲੀ ਕੂੰਜ ਜਿਹੜੀ ਮਰ ਗਈ', 'ਗਰਾਂ ਦਾ ਮਿਹਨਤੀ ਬਲਦ', 'ਗਰਾਂ ਦਾ ਨਿੱਕਾ ਚੂਚਾ' ਸਭ ਉਦਾਸ ਕਵਿਤਾਵਾਂ ਹਨ।

ਕਵਿਤਾ ਦੇ ਬਹੁਤ ਵੱਡੇ ਭਾਗ ਦਾ ਰੂਪ ਮਿਥ (myth) ਵਰਗਾ ਹੈ ਕਿਉਂਕਿ ਕਵੀ ਵਾਸਤਵਿਕ ਸੰਸਾਰ ਨਾਲ ਸੰਬੰਧਿਤ ਹੁੰਦਾ ਹੋਇਆ ਵੀ ਯਥਾਰਥ ਦਾ ਅਜਨਬੀਕ੍ਰਿਤ ਰੂਪ ਪੇਸ਼ ਕਰਦਾ ਹੈ। ਇਹ ਅਜਨਬੀਕਰਣ ਕਵਿਤਾ ਅਤੇ ਮਿਥ ਦਾ ਸਾਂਝਾ ਲੱਛਣ ਹੈ। ਕਵੀ ਮਿਥ ਨੂੰ ਆਪਣੀ ਕਵਿਤਾ ਵਿਚ ਵਰਤਦੇ ਵੀ ਹਨ, ਪਰ ਇਹ ਪੁਰਾਣਿਕਤਾ ਲਈ ਆਵਸ਼ਕ ਨਹੀਂ। ਕਵੀ ਆਪ ਪੁਰਾਣ (myth) ਦੀ ਸਿਰਜਣਾ ਕਰਦਾ ਹੈ। ਪੂਰਨ ਸਿੰਘ ਜਿਸ ਮਿਥ ਦੀ ਸਿਰਜਣਾ ਕਰਦਾ ਹੈ, ਉਸ ਨੂੰ ਅਸੀਂ ਮੂਲ-ਮਾਨਵਤਾ ਕਹਿ ਕੇ ਪਰਿਭਾਸ਼ਿਤ ਕੀਤਾ ਹੈ। ਪਰ, ਮੂਲ-ਮਾਨਵਤਾ ਦਾ ਸਬੰਧ ਪੂਰਨ ਸਿੰਘ-ਕਾਵਿ ਦੇ ਪੁਰਾਣਿਕ ਸੰਸਾਰ ਨਾਲ ਸੀ। ਇਸ ਸੰਸਾਰ ਦੀ ਰਚਨਾ-ਵਿਧੀ ਕੀ ਹੈ? ਇਸ ਰਚਨਾ-ਵਿਧੀ ਨੂੰ ਆਦਿਮਤਾ ਦਾ ਨਾਮ ਦਿੱਤਾ ਜਾ ਸਕਦਾ ਹੈ। ਪੂਰਨ ਸਿੰਘ-ਕਾਵਿ ਦੀ ਪ੍ਰਮੁਖ ਰਚਨਾ-ਵਿਧੀ ਇਹੀ ਆਦਿਮ ਬਿਰਤੀ ਵਾਲੀ ਹੈ।

ਆਦਿਮ ਬਿਰਤੀ ਜਾਂ ਆਦਿਮ ਸੰਵੇਦਨਾ ਦਾ ਸੰਬੰਧ ਬਾਹਰੀ-ਜਗਤ ਵਲ ਉਸ ਵਿਸ਼ੇਸ਼ ਪ੍ਰਤੀਕ੍ਰਿਆ ਨਾਲ ਹੈ ਜਿਹੜੀ ਪੂਰਵ-ਸਾਂਸਕ੍ਰਿਤਕ ਮਨੁੱਖ ਦੇ ਚਿੰਤਨ ਅਤੇ ਭਾਵਾਤਮਕ-ਅਨੁਭੂਤੀ ਦੀ ਵਿਸ਼ੇਸ਼ਤਾ ਸੀ। ਮਾਨਵ-ਵਿਗਿਆਨੀਆਂ ਅਨੁਸਾਰ ਆਦਿਮ ਸੰਵੇਦਨਾ ਦਾ ਸੰਬੰਧ ਭਾਵਾਤਮਕ ਅਨੁਭੂਤੀ ਦੀ ਵਿਧੀ ਨਾਲ ਹੈ। ਇਥੇ ਸਾਡਾ ਸੰਕੇਤ ਪੁਰਾ-ਕਥਾਵਾਂ ਜਾਂ ਉਨ੍ਹਾਂ ਨਾਲ ਸੰਬੰਧਿਤ ਵਸਤਾਂ ਦੀ ਹੋਂਦ ਵਲ ਨਹੀਂ, ਬਾਹਰੀ ਜਗਤ ਅਤੇ ਮਨੁੱਖੀ ਪ੍ਰਕਿਰਤੀ ਪ੍ਰਤੀ ਮਨੁੱਖ ਦੀ ਮੂਲ ਪ੍ਰਤੀਕ੍ਰਿਆ ਦੀ ਵਿਧੀ ਵਲ ਹੈ। ਇਸ ਮੂਲ ਪ੍ਰਤੀਕ੍ਰਿਆ ਤੋਂ ਹੀ ਸਾਰੇ ਪੁਰਾਣ-ਰੂਪ ਜਨਮ ਲੈਂਦੇ ਹਨ। ਮਿਥ ਅਤੇ ਬਾਹਰੀ ਜਗਤ ਵਲ ਆਦਿਮ ਮਨੁੱਖ ਦੀ ਮੂਲ ਪ੍ਰਤੀਕ੍ਰਿਆ ਵਿਚਲਾ ਅੰਤਰ ਮਹੱਤਵਪੂਰਨ ਹੈ ਕਿਉਂਕਿ ਸਾਹਿਤ ਵਿਚ ਮਿਥਕ ਵਸਤਾਂ ਅਤੇ ਵਿਸ਼ਵਾਸ਼ਾਂ ਦੇ ਬਗ਼ੈਰ ਆਦਿਮ ਸੰਵੇਦਨਾ ਦੇ ਹਾਣ ਦੀ ਪ੍ਰਤੀਕ੍ਰਿਆ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ 'ਆਦਿਮ ਸੰਵੇਦਨਾ ਦੀ ਪ੍ਰਮੁੱਖ ਵਿਸ਼ੇਸ਼ਤਾ ਆਧੁਨਿਕ ਵਿਗਿਆਨਕ ਸਥਿਤੀ-ਬਿੰਦੂ ਤੋਂ, ਭਾਵਾਤਮਕ ਅਨੁਭੂਤੀ ਦੇ ਸੰਸਾਰ ਅਤੇ ਬਾਹਰੀ ਹੋਂਦ-ਪ੍ਰਬੰਧ ਵਿਚਾਲੇ ਕਿਸੇ ਨਿਸ਼ਚਿਤ ਅਤੇ ਤਾਰਕਿਕ ਅੰਤਰ ਦੀ ਅਣਹੋਂਦ ਹੈ[1]।'ਆਦਿਮ

1. 'The fundamental characteristic of primitive sensibility....is the absence, from a modern scientific stand-point at least, of a firm and rational distinction between the inner world of feeling and the external order of existence.' —Michael Bell, *Primitivism*, p-7-8

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨੁੱਖ ਪ੍ਰਕਿਰਤਕ ਜਗਤ ਦੇ ਹਰ ਪੱਖ, ਮੌਸਮ, ਪਸ਼ੂਆਂ ਅਤੇ ਵਨਸਪਤੀ ਵਿਚ ਆਪਣੇ ਵਰਗੀ ਮਾਨਸਿਕਤਾ ਦੀ ਪ੍ਰਤੀਤੀ ਕਰਦਾ ਹੈ।[2]

ਪੂਰਨ ਸਿੰਘ-ਕਾਵਿ ਦੇ ਅਧਿਐਨ ਸਮੇਂ ਉਪਰੋਕਤ ਪ੍ਰਕਾਰ ਦੀ ਆਦਿਮ ਸੰਵੇਦਨਾ ਦਾ ਪਤਾ ਚਲਦਾ ਹੈ ਅਤੇ ਉਸ ਨਾਲ ਸੰਬੰਧਿਤ ਪ੍ਰਤੀਕ੍ਰਿਆ ਦੀ ਪ੍ਰਤੀਤੀ ਵੀ ਹੁੰਦੀ ਹੈ। ਪੂਰਨ ਸਿੰਘ ਦੀਆਂ ਕਵਿਤਾਵਾਂ ਉਪਰ ਇਕ ਓਪਰੀ ਜਿਹੀ ਦ੍ਰਿਸ਼ਟੀ ਹੀ ਸਾਡੇ ਕਥਨ ਦੀ ਪ੍ਰਮਾਣਿਕਤਾ ਲਈ ਕਾਫ਼ੀ ਹੈ। ਇਕ ਉਦਾਹਰਣ ਉਸ ਦੀ ਕਵਿਤਾ 'ਜਾਂਗਲੀ ਛੋਹਰ' ਵਿਚੋਂ ਪੇਸ਼ ਹੈ:

ਮੋਈ ਮਿੱਟੀ ਕੂਕਦੀ ਉਹਦੇ ਸੁਬਕ ਮਲੂਕ ਕਦਮਾਂ ਨੂੰ ਚੁੰਮ ਕੇ,
ਬਾਰ ਦੇ ਫੁਲਾਂ ਨੂੰ ਖ਼ਬਰ ਉਹਦੇ ਕਾਲੇ ਕੇਸਾਂ ਦੀ ਖੁਸ਼ਬੂ ਦੀ,
ਨੀਲੇ ਤੇ ਲਾਲ ਰੰਗੇ ਬਸਤਰ ਵਾਕਫ਼-
ਦਿਸਦੇ ਉਹਦੀ ਰੂਹ ਦੇ ਸੁਹਜ ਸੁਹਣੱਪ-ਅਹੰਕਾਰ ਦੇ,
ਕਿੰਜ ਦੁਪਹਿਰ ਦੀਆਂ ਵਗਦੀਆਂ ਹਵਾਵਾਂ ਨਾਲ-
ਆਲਸ-ਖੁਸ਼ੀ-ਰੰਗ ਵਿਚ ਜਾਂਦੇ,
ਉੱਡਦੇ ਉਹਦੇ ਕਪੜੇ, ਮਜਾਖਾਂ ਕਰਦੇ
ਟੱਪਦੇ, ਹੱਸਦੇ-ਹੰਕਾਰ ਭਰੇ ਕਪੜੇ[1],

ਉਪਰੋਕਤ ਟੂਕ ਵਿਚ ਮਿੱਟੀ, ਬਾਰ ਦੇ ਫੁੱਲ, ਜਾਂਗਲੀ ਛੋਹਰ ਦੇ ਗਲ ਪਏ ਕਪੜੇ, ਸਜੀਵ ਹੋਂਦ ਵਾਂਗ ਪੇਸ਼ ਹੋਏ ਹਨ। ਨਿਰਜੀਵ ਵਸਤਾਂ ਅਤੇ ਪ੍ਰਕਿਰਤੀ ਵਲ ਇਸ ਪ੍ਰਕਾਰ ਦੀ ਸਜੀਵ ਪ੍ਰਤੀਕ੍ਰਿਆ ਆਦਿਮ-ਚਿੰਤਨ ਅਤੇ ਆਦਿਮ-ਸਿਰਜਣ-ਵਿਧੀ ਦਾ ਹੀ ਪ੍ਰਮਾਣ ਹੈ। ਪੂਰਨ ਸਿੰਘ ਦੀ ਇਸੇ ਕਾਵਿ-ਸੰਵੇਦਨਾ ਦਾ ਪਤਾ ਸਾਨੂੰ ਉਸ ਦੀਆਂ ਪ੍ਰਕਿਰਤੀ ਅਤੇ ਪਸ਼ੂ-ਜਗਤ ਨਾਲ ਸੰਬੰਧਿਤ ਦੂਸਰੀਆਂ ਕਵਿਤਾਵਾਂ ਤੋਂ ਵੀ ਲਗਦਾ ਹੈ। 'ਪੰਜਾਬ ਦੇ ਬਾਰ ਵਿਚ ਘੁੱਗੀ', 'ਕਾਲੀ ਕੂੰਜ ਜਿਹੜੀ ਮਰ ਗਈ', 'ਗਰਾਂ ਦਾ ਮਿਹਨਤੀ ਬਲਦ', 'ਗਰਾਂ ਦਾ ਨਿੱਕਾ ਚੂਚਾ' ਅਤੇ 'ਕ੍ਰਿਸ਼ਨ ਜੀ' ਆਦਿ ਕਵਿਤਾਵਾਂ ਤਾਂ ਉਸ ਦੀ ਆਦਿਮ-ਸੰਵੇਦਨਾ ਦਾ ਸਪਸ਼ਟ ਪਤਾ ਦੇਂਦੀਆਂ ਹਨ। 'ਕ੍ਰਿਸ਼ਨ ਜੀ' ਨਾਮਕ ਕਵਿਤਾ 'ਕ੍ਰਿਸ਼ਨ ਜੀ' ਉਪਰ ਘੱਟ ਅਤੇ ਕ੍ਰਿਸ਼ਨ ਜੀ ਦੀ ਬਾਂਸਰੀ ਦੇ ਸੰਗੀਤਕ ਪ੍ਰਭਾਵ-ਵਰਨਣ ਉਪਰ ਵਧੇਰੇ ਧਿਆਨ ਦੇਂਦੀ ਹੈ। ਇਸ ਕਵਿਤਾ ਦੇ ਸੰਗੀਤਕ-ਪ੍ਰਭਾਵ ਦਾ ਵਰਤਣ ਪ੍ਰਕਿਰਤੀ ਦੇ ਸੰਦਰਭ ਵਿਚ ਹੋਇਆ ਹੈ :

ਉੱਛਲ, ਉੱਛਲ, ਚਾਅ ਭਰੇ ਭਰੇ ਵਿਚ,
ਨਾਚ ਜਿਹੀ ਕਰਦੀ ਨੀਲੀ ਜਮਨਾ ਵਗਦੀ
ਸਜੀ, ਸ਼ੰਗਾਰੀ, ਫੱਬੀ ਵਾਂਗ ਇਕ ਅਪੱਛਰਾਂ ਦੇ।

1. *ਪੂਰਨ ਸਿੰਘ : ਜੀਵਨੀ ਤੇ ਕਵਿਤਾ*, ਪੰਨਾ 394.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਦੰਬ ਦਾ ਬੂਟਾ ਨਾਲ ਕਿਨਾਰੇ ਦੇ ਝੂਮਦਾ
ਪਾ ਉਸੇ ਜਮਨਾ ਦੇ ਰਾਗ ਤੇ ਨਾਦ-ਤਾਲ ਨੂੰ
ਨਾਲ ਨਾਲ ਤਾਲ ਦੇ ਸੁਰ ਭਰਦਾ,
ਕਦੰਬ ਹੇਠਾਂ ਦੀ ਛਾਂ ਵੀ ਨੱਚਦੀ,
ਨਿੱਕੀ ਨਿੱਕੀ ਹਵਾ ਛੇੜਦੀ ਉਹਦੇ ਪੱਤਿਆ।
ਚਾਅ ਸੀ ਸਭ ਨੂੰ ਰਾਗ ਦੇ ਅਨੰਤ ਜਿਹੇ ਹੋਣ ਦਾ,
ਹਵਾ ਤੇ ਬੂਟੇ ਤੇ ਪਹਾੜ ਸਭ ਨੱਚ ਪਏ,
ਸਮਾਂ ਸੀ ਤਾਲ ਦੇ ਭਰਨ ਦਾ
ਮੈਂ ਤੱਕਿਆ ਥੁੰਮ੍ਹ ਸਭ ਨੱਚ ਪਿਆ,
ਖਲੋਤਾ ਦਿੱਸਿਆ ਕ੍ਰਿਸ਼ਨ ਕਦੰਬ ਹੇਠ
ਤੇ ਇਕ ਦਮ ਲਈ ਚੁੱਪ ਹੋਈ ਕ੍ਰਿਸ਼ਨ ਦੀ ਬਾਂਸਰੀ
ਟੇਡੀ ਜਿਹੀ ਛਬਿ ਸੀ, ਸੱਜਾ ਪੈਰ ਖੱਬੇ 'ਤੇ ਰਖਿਆ ਤਾਲ ਦੇ ਸੁਰ ਵਿਚ
ਤੇ ਮੁਕਟ ਹੋਇਆ ਜ਼ਰਾ ਇਕ ਪਾਸੇ,
ਤੇ ਮੈਂ ਤੱਕੇ ਹਿਲੇ ਮੁਕਟ ਵਿਚ ਲਟਕਦੇ ਹੀਰੇ
ਅਚੰਭਾ ਮੈਂ ਤੱਕਿਆ, ਨਾਲ ਹਿਲੇ ਤਾਰੇ ਆਕਾਸ਼ ਦੇ।[1]

ਸਪੱਸ਼ਟ ਹੈ ਪ੍ਰਕਿਰਤੀ ਇਥੇ ਵੀ ਸਜੀਵ ਹੋਂਦ ਵਾਂਗ ਹੀ ਪੇਸ਼ ਹੋਈ ਹੈ। ਇਹ ਗੱਲ ਨਹੀਂ ਕਿ ਪ੍ਰਕਿਰਤੀ ਨੂੰ ਸਜੀਵ ਹੋਂਦ ਵਾਂਗ ਗ੍ਰਹਿਣ ਕਰਨ ਵਾਲਾ ਅਤੇ ਪੇਸ਼ ਕਰਨ ਵਾਲਾ ਕਵੀ ਪੂਰਨ ਸਿੰਘ ਹੀ ਹੈ। ਪੂਰਨ ਸਿੰਘ ਤੋਂ ਪਹਿਲਾਂ ਵੀ ਕਵੀਆਂ ਵਿਚ ਇਸ ਪ੍ਰਕਾਰ ਦੀ ਰੁਚੀ ਪ੍ਰਾਪਤ ਸੀ। ਭਾਈ ਵੀਰ ਸਿੰਘ ਦੇ 'ਪ੍ਰਕਿਰਤੀ ਦੇ ਮਾਨਵੀਕਰਣ' ਸੰਬੰਧੀ ਤਾਂ ਬਹੁਤ ਕੁਝ ਕਿਹਾ ਜਾ ਚੁਕਾ ਹੈ। ਪਰ, ਪੂਰਨ ਸਿੰਘ-ਕਾਵਿ ਵਿਚ ਪ੍ਰਾਪਤ ਆਦਿਮ-ਸੰਵੇਦਨਾ ਅਤੇ ਭਾਈ ਵੀਰ ਸਿੰਘ ਦੇ ਪ੍ਰਕਿਰਤੀ-ਕਾਵਿ ਵਿਚ ਅੰਤਰ ਹੈ। ਭਾਈ ਸਾਹਿਬ ਦੀਆਂ ਕਵਿਤਾਵਾਂ – 'ਜੋਗੀ ਖੜੇ ਚਿਨਾਰ', 'ਬਨਫਸ਼ੇ ਦੇ ਫੂਲ' ਆਦਿ ਵਿਚ ਪੇਸ਼ ਹੋਏ ਪ੍ਰਕਿਰਤੀ-ਰੂਪ ਨੂੰ ਪੂਰਨ ਸਿੰਘ ਦੀ ਉਪਰੋਕਤ ਕਵਿਤਾ ਦੇ ਸੰਦਰਭ ਵਿਚ ਵੇਖੀਏ ਤਾਂ ਇਨ੍ਹਾਂ ਦੋਹਾਂ ਕਵੀਆਂ ਦੀ ਕਾਵਿ-ਦ੍ਰਿਸ਼ਟੀ ਵਿਚਾਲੇ ਅੰਤਰ ਸਪਸ਼ਟ ਦਿਸ ਆਵੇਗਾ। ਭਾਈ ਵੀਰ ਸਿੰਘ ਇਸ ਰਚਨਾ-ਜੁਗਤ ਦੀ ਵਰਤੋਂ ਵਿਸ਼ੇਸ਼ ਪ੍ਰਯੋਜਨ ਹਿੱਤ ਕਰਦਾ ਹੈ। ਪਰ, ਪੂਰਨ ਸਿੰਘ-ਕਾਵਿ ਵਿਚ ਇਹ ਰਚਨਾ-ਜੁਗਤ ਸ਼ੁਧ ਸੁਹਜ-ਸਿਰਜਣ ਵਲ ਰੁਚਿਤ ਹੈ। ਪੂਰਨ ਸਿੰਘ-ਕਾਵਿ ਦਾ ਪ੍ਰਮੁੱਖ ਪ੍ਰਯੋਜਨ ਸੁਹਜ-ਸਿਰਜਣ ਹੈ ਅਤੇ ਆਦਿਮ-ਸੰਵੇਦਨਾ ਉਸ ਦੇ ਕਾਵਿ ਦੀ ਸੁਹਜ-ਸੰਰਚਨਾ ਦਾ ਇਕ ਭਾਗ ਹੈ। ਇਸ ਦੇ ਮੁਕਾਬਲੇ ਵਿਚ ਵੀਰ ਸਿੰਘ-ਕਾਵਿ ਵਿਚ ਪ੍ਰਕਿਰਤੀ ਨੂੰ ਕਵਿਤਾ ਤੋਂ ਬਾਹਰੇ ਕਿਸੇ ਸੱਚ ਵਲ ਸੰਕੇਤ ਕਰਨ ਲਈ ਕੇਵਲ ਵਰਤਿਆ ਜਾਂਦਾ ਹੈ। ਸੰਖੇਪ ਵਿਚ ਭਾਈ ਵੀਰ ਸਿੰਘ ਪ੍ਰਕਿਰਤੀ ਦੇ ਮਾਧਿਅਮ

1. ਉਹੀ, ਪੰਨਾ 109
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਹੀਂ ਪ੍ਰਮਾਤਮਾ (ਕਾਦਰ) ਦਾ ਅਗ੍ਰ-ਭੂਮਨ ਕਰਦਾ ਹੈ। ਪਰ, ਪੂਰਨ ਸਿੰਘ-ਕਾਵਿ ਪ੍ਰਕਿਰਤੀ ਦੀ ਪੇਸ਼ਕਾਰੀ ਰਾਹੀਂ ਪ੍ਰਕਿਰਤੀ ਦਾ ਹੀ ਅਗ੍ਰ-ਭੂਮਨ ਕਰਕੇ ਸੁਹਜ-ਸਿਰਜਣ ਕਰਦਾ ਹੈ।

ਆਦਿਮ-ਸੰਵੇਦਨਾ ਆਧੁਨਿਕ ਵਿਗਿਆਨ ਦੀ ਵਿਸ਼ਲੇਸ਼ਨਾਤਮਕ ਦ੍ਰਿਸ਼ਟੀ ਦੇ ਪ੍ਰਤੀਕੂਲ ਹੈ ਕਿਉਂਕਿ ਉਸ ਵਿਚ ਆਂਤਰਿਕ ਭਾਵ-ਜਗਤ ਅਤੇ ਬਾਹਰੀ ਜਗਤ ਦੀ ਹੋਂਦ-ਵਿਧੀ ਵਿਚਾਲੇ ਕੋਈ ਅੰਤਰ ਨਹੀਂ, ਇਸ ਵਾਸਤੇ ਪੁਰਾਣ-ਕਲਪਨਾ ਵਿਚ ਸਮੂਹ ਦੀਆ ਵੰਡੀਆਂ ਬਿਰਥਾ ਹਨ। ਪਰਿਣਾਮ ਸਰੂਪ ਆਦਿਮ ਮਨੁੱਖ ਦੀ ਪ੍ਰਕਿਰਤੀ-ਜਗਤ ਨੂੰ ਗ੍ਰਹਿਣ ਕਰਨ ਅਤੇ ਅਭਿਵਿਅਕਤ ਕਰਨ ਦੀ ਇਕੋ ਵਿਧੀ ਸੀ। ਇਸ ਨੂੰ ਅਸੀਂ ਸੰਸਲੇਸ਼ਨ-ਵਿਧੀ ਦਾ ਨਾਮ ਦੇ ਸਕਦੇ ਹਾਂ। ਪੁਰਾਤਨ ਮਨੁੱਖ ਦੇ ਮੁਕਾਬਲੇ ਵਿਚ ਆਧੁਨਿਕ ਮਨੁੱਖ ਆਪਣੇ ਆਲੇ ਦੁਆਲੇ ਨੂੰ ਸਮਝਣ ਲਈ ਵਿਸ਼ਲੇਸ਼ਨਾਤਮਕ ਵਿਧੀ ਤੋਂ ਕੰਮ ਲੈਂਦਾ ਹੈ। ਵਿਗਿਆਨਕ ਅਨੁਸ਼ਾਸ਼ਨਾਂ ਵਿਚ ਵਿਸ਼ਲੇਸ਼ਨ ਦੁਆਰਾ ਪ੍ਰਾਪਤ ਇਸ ਗਿਆਨ ਦੀ ਅਭਿਵਿਅਕਤੀ ਵੀ ਵਿਸ਼ਲੇਸ਼ਨਾਤਮਕ ਵਿਧੀ ਰਾਹੀਂ ਹੀ ਹੁੰਦੀ ਹੈ। ਇਸ ਪ੍ਰਕਾਰ ਸਮੂਰਤ ਵਸਤਾਂ ਤੋਂ ਪ੍ਰਾਪਤ ਗਿਆਨ ਅਮੂਰਤਨ ਰੂਪ ਵਿਚ ਪੇਸ਼ ਹੁੰਦਾ ਹੈ। ਪਰ, ਸਮੂਰਤਨ ਕਾਵਿ-ਗਿਆਨ ਦੀ ਵਿਸ਼ੇਸ਼ਤਾ ਹੈ। ਆਦਿਮ ਸੰਵੇਦਨਾ ਦੀ ਸੰਸਲੇਸ਼ਨਾਤਮਕਤਾ ਕਾਵਿ-ਸਮੂਰਤਨ ਦੀ ਹੀ ਵਿਧੀ ਹੈ। ਪੂਰਨ ਸਿੰਘ-ਕਾਵਿ ਨੂੰ ਇਹ ਵਿਧੀ ਵਿਸ਼ੇਸ਼ ਤੌਰ ਤੇ ਰਾਸ ਆਈ ਹੈ ਕਿਉਂਕਿ ਉਸ ਦੇ ਕਾਵਿ ਦਾ ਪ੍ਰਮੁੱਖ ਪ੍ਰੇਰਨਾ-ਸਰੋਤ ਅਨੁਭਵ ਹੈ। ਜੇ ਕਿਤੇ, ਵਿਸ਼ੇਸ਼ ਕਰਕੇ, 'ਖੁਲ੍ਹੇ ਘੁੰਡ' ਦੀਆਂ ਕੁਝ ਕਵਿਤਾਵਾਂ ਅਨੁਭਵ ਦੀ ਥਾਂ ਸੰਬੋਧ-ਜਗਤ ਤੋਂ ਪ੍ਰੇਰਿਤ ਹੀ ਹਨ ਤਾਂ ਉਥੇ ਹੀ ਪੂਰਨ ਸਿੰਘ ਸੰਬੋਧ-ਚਿਤਰਨ ਦੀ ਥਾਂ ਸੰਬੋਧ ਨੂੰ ਅਨੁਭਵ ਕਰਨ ਦੇ ਆਹਰ ਵਿਚ ਹੀ ਮਗਨ ਪ੍ਰਤੀਤ ਹੁੰਦਾ ਹੈ।''[1] ਪੂਰਨ ਸਿੰਘ ਦੀ ਅਨੁਭਵ ਨੂੰ ਸਮੂਰਤ ਰੂਪ ਵਿਚ ਪੇਸ਼ ਕਰਨ ਦੀ ਰੁਚੀ ਉਸ ਦੇ ਕਾਵਿ ਨੂੰ ਕਾਵਿ ਦਾ ਪ੍ਰਮਾਣਿਕ ਚਰਿਤ੍ਰ ਪ੍ਰਦਾਨ ਕਰਦੀ ਹੈ, ਕਿਉਂਕਿ ਅਨੁਭਵ ਦੀ ਸਸ਼ਰੀਰ ਪੇਸ਼ਕਾਰੀ ਕਾਵਿ-ਸੰਸਾਰ ਦੀ ਵਿਲੱਖਣਤਾ ਦਾ ਪ੍ਰਮਾਣ ਹੈ।[2]

---

1. ਹਰਿਭਜਨ ਸਿੰਘ (ਡਾ.), *'ਅਧਿਅਨ ਅਤੇ ਅਧਿਆਪਨ'* ਪੰਨੇ -- 156-57
2. William J. Handy, *Kant and the Southern New Critics*, pp-43-44

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰਨ ਸਿੰਘ ਦੀ ਪੰਜਾਬ ਅਤੇ ਪੰਜਾਬੀਅਤ ਨਾਲ ਸੰਬੰਧਿਤ ਕਵਿਤਾ

ਪ੍ਰਸਤੁਤ ਵਿਸ਼ੇ ਸੰਬੰਧੀ ਚਰਚਾ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਸ ਵਲ ਸੰਕੇਤ ਕਰਨ ਵਾਲਾ ਪਹਿਲਾ ਮਹੱਤਵਪੂਰਨ ਵਿਦਵਾਨ ਡਾ. ਮੋਹਨ ਸਿੰਘ ਸੀ। ਉਸਨੇ ਆਪਣੀ ਪੁਸਤਕ 'ਆਧੁਨਿਕ ਪੰਜਾਬੀ ਕਵਿਤਾ' ਵਿਚ ਪੂਰਨ ਸਿੰਘ-ਕਾਵਿ ਦੇ 'ਮਜ਼ਮੂਨਾਂ ਦੀ ਵੰਡ' ਪੇਸ਼ ਕਰਦਿਆਂ ਇਕ ਵਿਸ਼ੇ ਨੂੰ 'ਦੇਸ ਪੂਜਾ' ਦਾ ਨਾਮ ਦਿੱਤਾ ਸੀ। ਇਸ ਵੰਡ ਅਧੀਨ ਉਸਨੇ ਇਹ ਕਵਿਤਾਵਾਂ ਰੱਖੀਆਂ ਸਨ-ਪੰਜਾਬ ਦੇ ਮੁਜਰ, ਪੰਜਾਬ ਦੇ ਦਰਿਯਾ, ਪੰਜਾਬ ਦੀ ਅਹੀਰਨ, ਰੌਣਕ ਬਾਜ਼ਾਰ ਦੀ, ਪੁਰਾਣੇ ਪੰਜਾਬ ਨੂੰ ਆਵਾਜ਼ਾਂ। ਇਸ ਵਿਸ਼ੇ ਸੰਬੰਧੀ ਵਿਸਤ੍ਰਿਤ ਵਿਚਾਰ ਸਾਡੇ ਵਿਦਵਾਨ ਨੇ ਕਰਨੀ ਯੋਗ ਨਹੀਂ ਸੀ ਸਮਝੀ। ਬਾਅਦ ਵਾਲੇ ਪੰਜਾਬੀ ਵਿਦਵਾਨਾਂ ਨੇ ਉਸਦੀ ਸੰਕੇਤਕ ਲੀਹ ਉਪਰ ਚਲਦਿਆਂ ਇਸ ਵਿਸ਼ੇ ਦਾ ਵਿਸ਼ਲੇਸ਼ਨ ਤਾਂ ਭਾਵੇਂ ਨਹੀਂ ਕੀਤਾ, ਪਰ ਮਜ਼ਮੂਨ-ਵੰਡ ਨੂੰ ਇਕ ਆਲੋਚਨਾਤਮਕ ਅੰਤਰ-ਦ੍ਰਿਸ਼ਟੀ ਦੇ ਰੂਪ ਵਿਚ ਸਵੀਕਾਰ ਜ਼ਰੂਰ ਕੀਤਾ ਹੈ ਅਤੇ ਇਸੇ ਨੂੰ 'ਪੰਜਾਬ ਅਤੇ ਪੰਜਾਬੀਅਤ' ਨਾਲ ਪਿਆਰ ਦਾ ਨਾਮ ਦੇ ਕੇ ਰਤਾ ਕੁ ਸਪਸ਼ਟ ਦਿਸ਼ਾ ਦਿਤੀ ਹੈ। ਲੋੜ ਪੈਣ ਉਪਰ ਕੁਝ ਵਿਦਵਾਨਾਂ ਨੇ ਪੂਰਨ ਸਿੰਘ ਦੀਆਂ ਉਪਰੋਕਤ ਅਤੇ ਕੁਝ ਕੁ ਹੋਰ ਕਵਿਤਾਵਾਂ ਵਲ ਸੰਕੇਤ ਕਰਕੇ ਇਸ ਵਿਸ਼ੇ ਨੂੰ ਪੂਰਨ ਸਿੰਘ-ਕਾਵਿ ਦੇ ਸੰਦਰਭ ਵਿਚ ਪ੍ਰਮਾਣਿਤ ਵੀ ਕੀਤਾ ਹੈ। ਮਜ਼ਮੂਨ-ਵੰਡ, ਮੇਰੀ ਨਜ਼ਰ ਵਿਚ, ਭਰੋਸੇਯੋਗ ਆਲੋਚਨਾਤਕ ਅੰਤਰ-ਦ੍ਰਿਸ਼ਟੀ ਹੈ ਜਾਂ ਨਹੀਂ? ਮੈਂ ਇਸ ਪ੍ਰਸ਼ਨ ਨੂੰ ਅਣਵਿਚਾਰਿਆ ਹੀ ਛੱਡ ਰਿਹਾ ਹਾਂ। ਪਰ, ਸ਼ਾਇਦ ਇਹ ਕਹਿ ਦੇਣਾ ਉਚਿਤ ਹੋਵੇਗਾ ਕਿ ਜੇ ਇਹ ਅੰਤਰ-ਦ੍ਰਿਸ਼ਟੀ ਹੈ ਤਾਂ ਬਹਿਰੰਗ (extrinsic) ਪ੍ਰਕਾਰ ਦੀ ਆਲੋਚਨਾ ਨਾਲ ਹੀ ਸੰਬੰਧਿਤ ਹੈ।

ਹਰ ਸਮਾਜਕ ਵਿਅਕਤੀ ਦਾ ਜਨਮ ਕਿਸੇ ਨਾ ਕਿਸੇ ਦੇਸ ਵਿਚ, ਕਿਸੇ ਨਾ ਕਿਸੇ ਸਭਿਆਚਾਰ ਵਿਚ ਹੁੰਦਾ ਹੈ ਅਤੇ ਜਾਣੇ ਅਣਜਾਣੇ ਉਹ ਆਪਣੇ ਦੇਸ ਅਤੇ ਸਭਿਆਚਾਰ ਨੂੰ ਪਿਆਰ ਕਰਨ ਲਗ ਪੈਂਦਾ ਹੈ। ਆਪਣੀ ਸਭਿਅਤਾ ਨੂੰ ਪਿਆਰ ਕਰਨ ਦੀ ਯੋਗਤਾ ਸਾਡੇ ਵਿਚ ਜਨਮ ਵੇਲੇ ਤੋਂ ਹੀ ਸਹਿਜੇ ਸਹਿਜੇ ਜਾਗਣ ਲਗ ਪੈਂਦੀ ਹੈ। ਇਕ ਤਰ੍ਹਾਂ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਦੇਸ ਅਤੇ ਸਭਿਆਚਾਰ ਨੂੰ ਪਿਆਰ ਆਪਣੇ ਆਪ ਨੂੰ ਪਿਆਰ ਕਰਨ ਬਰਾਬਰ ਹੈ। ਸ੍ਵੈ-ਪਿਆਰ ਮਨੁੱਖ ਦੇ ਵੰਨ ਸੁਵੰਨੇ ਪਿਆਰਾਂ ਦਾ ਅਨਿੱਖੜ ਅੰਗ ਹੈ। ਇਸਦੀ ਹੋਂਦ ਬਿਲਕੁਲ ਇਸ ਤਰ੍ਹਾਂ ਹੈ ਜਿਵੇਂ ਕਿਸੇ ਮਨੁੱਖ ਦਾ ਮਾਤਾ ਅਤੇ ਭਾਸ਼ਾ ਨਾਲ ਪਿਆਰ। ਇਹ ਪਿਆਰ ਹਰ ਕਥਨ ਦਾ ਲਾਜ਼ਮੀ ਅੰਗ ਹੈ। ਉਹ ਨਫ਼ਰਤ ਵੀ ਆਪਣੀ ਭਾਸ਼ਾ ਵਿਚ ਕਰਦਾ ਹੈ, ਉਸ ਨੂੰ ਆਪਣੇ ਕਹਿਣ ਦੇ ਅੰਦਾਜ਼ ਵਿਚ ਵੀ ਆਨੰਦ ਆਉਂਦਾ ਹੈ, ਇਹ ਆਨੰਦ ਹੀ ਉਸਦੇ ਪਿਆਰ ਦਾ ਗਵਾਹ ਹੈ। ਇਕ ਤਰ੍ਹਾਂ ਨਾਲ ਉਹ ਕਿਸੇ ਪ੍ਰਤੀ ਨਫ਼ਰਤ ਪ੍ਰਗਟਾਉਂਦਾ ਹੋਇਆ ਵੀ ਆਪਣੇ ਪ੍ਰਗਟਾਵੇ ਪ੍ਰਤੀ ਪਿਆਰ ਪ੍ਰਗਟਾ ਰਿਹਾ ਹੁੰਦਾ ਹੈ। ਮਨੁੱਖ ਦੇ ਹਰ ਕਰਮ, ਭਾਵ ਅਤੇ ਵਿਚਾਰ ਵਿਚ ਉਥੋਂ ਤਕ ਪਿਆਰ ਸ਼ਾਮਲ ਹੈ ਜਿਥੋਂ ਤਕ ਉਹ ਪ੍ਰਗਟਾਇਆ ਜਾ ਰਿਹਾ ਹੁੰਦਾ ਹੈ। ਏਥੋਂ ਹੀ ਜ਼ਾਹਰ ਹੈ ਕਿ ਪਿਆਰ ਕਈ ਵਾਰ ਉਦੋਂ ਵੀ ਪ੍ਰਗਟਾਇਆ ਜਾ ਰਿਹਾ ਹੁੰਦਾ ਹੈ ਜਦੋਂ ਉਹ ਵਿਸ਼ੇ ਦੇ ਰੂਪ ਵਿਚ ਚੁਣਿਆ ਗਿਆ ਨਹੀਂ ਹੁੰਦਾ। ਆਪਣੇ ਦੇਸ ਅਤੇ ਸਭਿਆਚਾਰ ਨਾਲ ਇਸ ਪ੍ਰਕਾਰ ਦਾ ਅਚੇਤ ਪਿਆਰ-ਪ੍ਰਗਟਾਵਾ ਹਰ ਕਵੀ ਹੀ ਨਹੀਂ, ਹਰ ਵਿਅਕਤੀ ਕਰਦਾ ਹੈ।

ਪੂਰਨ ਸਿੰਘ ਦੇ ਪੰਜਾਬ-ਪਿਆਰ ਨੂੰ ਪਛਾਣ ਸਕਣਾ ਕਠਿਨ ਨਹੀਂ, ਕਿਉਂਕਿ ਉਸਨੇ ਪੰਜਾਬ-ਪਿਆਰ ਨੂੰ ਸੁਚੇਤ ਅਤੇ ਪ੍ਰਤੱਖ ਤੌਰ ਤੇ ਆਪਣੀਆਂ ਕੁਝ ਕਵਿਤਾਵਾਂ ਵਿਚ ਵਿਸ਼ੇ ਵਜੋਂ ਚੁਣਿਆਂ ਹੈ। ਉਸਦੇ ਦੇਸ-ਪਿਆਰ ਨੂੰ ਪਛਾਨਣ ਲਈ ਕਵਿਤਾਵਾਂ ਪੜ੍ਹਨਾ ਵੀ ਜ਼ਰੂਰੀ ਨਹੀਂ, ਪਿਆਰ ਇਨ੍ਹਾਂ ਕਵਿਤਾਵਾਂ ਦੇ ਸਿਰਲੇਖਾਂ ਵਿਚ ਹੀ ਕੱਥ ਦਿੱਤਾ ਗਿਆ ਹੈ। ਉਸਦੀ ਪੁਸਤਕ 'ਖੁਲ੍ਹੇ ਮੈਦਾਨ' ਦਾ ਇਕ ਪੂਰਾ ਭਾਗ ਹੀ ਇਸ ਵਿਸ਼ੇ ਨਾਲ ਸੰਬੰਧਿਤ ਹੈ -- 'ਦੇਸ਼ ਪਿਆਰ ਪੰਜਾਬ ਮੇਰਾ'। ਇਸ ਕਰਕੇ ਉਸਦਾ ਪੰਜਾਬ ਅਤੇ ਪੰਜਾਬੀਅਤ ਨਾਲ ਪਿਆਰ ਸੰਦੇਹ ਦਾ ਵਿਸ਼ਾ ਨਹੀਂ। ਸੋ ਮੇਰੇ ਲਈ ਪੂਰਨ ਸਿੰਘ-ਕਾਵਿ ਵਿਚ ਇਸ ਵਿਸ਼ੇ ਦੀ ਹੋਂਦ ਅਣਹੋਂਦ ਦਾ ਪ੍ਰਸ਼ਨ ਬਹੁਤ ਮਹੱਤਵਪੂਰਨ ਨਹੀਂ। ਇਸ ਸੰਬੰਧ ਵਿਚ ਜਿਹੜੀ ਮਹੱਤਵਪੂਰਨ ਸਮੱਸਿਆ ਮੇਰੇ ਸਾਹਮਣੇ ਹੈ, ਉਹ ਇਸ ਵਿਸ਼ੇ ਦੀ ਪ੍ਰਕਿਰਤੀ ਦੀ ਪਛਾਣ ਅਤੇ ਇਸਦੀ ਪੇਸ਼ਕਾਰੀ ਦੀ ਤਹਿ ਹੇਠ ਕੰਮ ਕਰ ਰਹੀ ਇਸਦੀ ਗਰਾਮਰ ਦੀ ਤਾਲਾਸ਼ ਹੈ। ਆਪਣੀ ਇਸ ਸਮੱਸਿਆ ਨੂੰ ਦ੍ਰਿਸ਼ਟੀਗੋਚਰ ਰਖਦਿਆਂ ਹੋਇਆਂ ਮੈਂ ਕਵੀ ਦੀਆਂ ਪੰਜਾਬ ਨਾਲ ਸੰਬੰਧਿਤ ਕਵਿਤਾਵਾਂ ਨੂੰ ਪੈਰੋਲ ਵਾਂਗ ਵੇਖਿਆ ਹੈ ਅਤੇ ਇਨ੍ਹਾਂ ਦੇ ਪਿਛੇ ਕੰਮ ਕਰ ਰਹੀਆਂ ਬੁਨਿਆਦੀ ਇਕਾਈਆਂ ਨੂੰ ਪਛਾਨਣ ਦਾ ਰਾਹ ਅਪਨਾਇਆ ਹੈ।

ਆਪਣੇ ਇਸ ਅਧਿਐਨ ਲਈ ਮੈਂ ਪੂਰਨ ਸਿੰਘ ਦੀਆਂ 'ਖੁਲ੍ਹੇ ਮੈਦਾਨ' ਵਿਚ ਸ਼ਾਮਿਲ ਉਨ੍ਹਾਂ ਕਵਿਤਾਵਾਂ ਵਿਚੋਂ ਕੁਝ ਕੁ ਉਪਰ ਧਿਆਨ ਕੇਂਦਰਿਤ ਕੀਤਾ ਹੈ, ਜਿਹੜੀਆਂ ਇਸ ਸੰਗ੍ਰਹਿ ਦੇ ਤੀਸਰੇ ਭਾਗ 'ਦੇਸ਼ ਪਿਆਰ ਪੰਜਾਬ ਮੇਰਾ' ਵਿਚ ਰਖੀਆਂ ਗਈਆਂ ਹਨ। ਪਰ, ਜਿਵੇਂ ਕਿ ਉਪਰ ਸੰਕੇਤ ਕੀਤਾ ਜਾ ਚੁਕਾ ਹੈ ਇਸਦਾ ਇਹ ਅਰਥ ਨਹੀਂ ਕਿ ਬਾਕੀ ਕਵਿਤਾਵਾਂ ਵਿਚ ਇਸ ਪਿਆਰ ਦੀ ਅਣਹੋਂਦ ਹੈ। ਕਵੀ ਆਪਣੀਆਂ ਕਵਿਤਾਵਾਂ ਵਿਚ ਜਿਥੇ ਵੀ ਪੰਜਾਬ ਅਤੇ ਪੰਜਾਬੀਅਤ ਨਾਲ ਸੰਬੰਧਿਤ [illegible] ਦੀ ਗੱਲ ਕਰੇਗਾ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਦੇ ਇਸੇ ਪਿਆਰ ਦੇ ਹੀ ਸੂਚਕ ਹੋਣਗੇ। ਜਿੱਥੇ ਉਹ ਵੇਰਵਿਆਂ ਬਾਰੇ ਗੱਲ ਨਹੀਂ ਵੀ ਕਰਦਾ, ਓਥੇ ਵੀ ਉਸ ਦੇ ਪੰਜਾਬ-ਪਿਆਰ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਉਪਰੋਕਤ ਭਾਗ ਵਿਚ ਪ੍ਰਵੇਸ਼ ਕਰਦਿਆਂ ਹੀ ਜਿਹੜੀ ਸਭ ਤੋਂ ਪਹਿਲੀ ਕਵਿਤਾ ਨਾਲ ਸਾਡਾ ਵਾਹ ਪੈਂਦਾ ਹੈ, ਉਹ ਹੈ-ਪੰਜਾਬ ਦੇ ਦਰਿਆ। ਪੰਜਾਬ ਦੇ ਦਰਿਆ ਪੰਜਾਬ ਦੇ ਵਸਤੂ-ਵੇਰਵੇ ਨਾਲ ਸੰਬੰਧਿਤ ਹਨ। ਕਵੀ ਆਪਣੇ ਪੰਜਾਬ-ਪਿਆਰ ਦਾ ਪ੍ਰਗਟਾਵਾ ਇਸੇ ਪ੍ਰਕਿਰਤਕ ਵੇਰਵੇ ਤੋਂ ਹੀ ਸ਼ੁਰੂ ਕਰਦਾ ਹੈ। ਪਰ, ਇਥੇ ਇਕ ਹੋਰ ਗੱਲ ਵੀ ਸਾਡਾ ਧਿਆਨ ਖਿੱਚਦੀ ਹੈ, ਇਸ ਕਵਿਤਾ ਦਾ ਸਾਰਾ ਵਾਤਾਵਰਣ ਸੁਪਨੇ ਵਰਗਾ ਹੈ :-

ਖਾੜ ਖਾੜ ਚਲਣ ਵਿਚ ਮੇਰੇ ਸੁਫਨਿਆਂ,
ਪੰਜਾਬ ਦੇ ਦਰਿਆ

ਇਸ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਇਸ ਕਵਿਤਾ ਦਾ ਸੰਬੰਧ ਪਿਆਰ ਦੇ ਸੁਪਨੇ ਨਾਲ ਹੈ। ਇਹ ਕਵਿਤਾ ਪਿਆਰ ਦੀ ਨਹੀਂ ਪਿਆਰ ਦੇ ਸੁਪਨੇ ਦੀ ਗੱਲ ਕਰਦੀ ਹੈ। ਇਸ ਕਵਿਤਾ ਦੇ ਨਿਕਟ ਅਧਿਐਨ ਤੋਂ ਪਤਾ ਚਲੇਗਾ ਕਿ ਏਥੇ ਬੇਸ਼ਕ ਕਵੀ ਪੰਜਾਬ ਦੇ ਦਰਿਆਵਾਂ ਨੂੰ ਪਿਆਰ ਕਰਦਾ ਹੈ, ਪਰ ਇਸ ਨਾਲੋਂ ਵੀ ਵਧੇਰੇ ਮਹੱਤਵ ਵਾਲੀ ਗੱਲ ਇਹ ਹੈ ਕਿ ਦਰਿਆ ਵੀ ਕਵੀ ਨੂੰ ਪਿਆਰ ਕਰਦੇ ਹਨ। ਇਕ ਤਰ੍ਹਾਂ ਨਾਲ ਇਸ ਕਵਿਤਾ ਵਿਚ ਕਵੀ ਅਤੇ ਦਰਿਆ ਦੋਵੇਂ ਇਕ ਦੂਜੇ ਲਈ ਆਲੰਬਨ ਹਨ। ਇਸ ਕਵਿਤਾ ਦੀਆਂ ਪਹਿਲੀਆਂ ਦੋ ਸਤਰਾਂ ਤੋਂ ਬਾਅਦ ਸਾਰੀ ਕਵਿਤਾ ਦਰਿਆਵਾਂ ਦੇ ਕਵੀ ਨੂੰ ਪਿਆਰ ਕਰਨ ਦੀ ਸੂਚਨਾ ਦੇਂਦੀ ਹੈ ਅਤੇ ਪਹਿਲੀਆਂ ਦੋ ਸਤਰਾਂ ਵਿਚ ਕਵੀ ਦੇ ਪਿਆਰ ਦਾ ਪ੍ਰਗਟਾਵਾ ਹੋਇਆ ਹੈ। ਕਵਿਤਾ ਦਾ ਪਾਠ ਹਾਜ਼ਰ ਹੈ :-

ਰਾਵੀ ਸੁਹਣੀ ਪਈ ਵਗਦੀ
ਮੈਨੂੰ ਸਤਲੁਜ ਪਿਆਰਾ ਹੈ,
ਮੈਨੂੰ ਬਿਆਸ ਪਈ ਖਿਚਦੀ,
ਮੈਨੂੰ ਝਨਾ 'ਵਾਜਾਂ ਮਾਰਦੀ,
ਮੈਨੂੰ ਜੇਹਲਮ ਪਿਆਰਦਾ,
ਅਟਕਾਂ ਦੀ ਲਹਿਰਾਂ ਦੀ ਠਾਠ ਮੇਰੇ ਬੂਹੇ 'ਤੇ ਵੱਜਦੀ।
ਖਾੜ ਖਾੜ ਚਲਣ ਵਿਚ ਮੇਰੇ ਸੁਫ਼ਨਿਆਂ,
ਪੰਜਾਬ ਦੇ ਦਰਿਆ,
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ, ਠੰਡੇ ਤੇ ਠਾਰਦੇ, ਪਿਆਰਦੇ।

ਇਸ ਕਵਿਤਾ ਵਿਚ, ਜਿਵੇਂ ਉਪਰ ਕਿਹਾ ਗਿਆ ਹੈ, ਕਵੀ ਦੇ ਪੰਜਾਬ ਦੇ ਦਰਿਆਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਪਿਆਰ ਕਰਦਾ ਹੈ ਅਤੇ ਦਰਿਆ ਵੀ ਕਵੀ ਨੂੰ ਪਿਆਰ ਕਰਦੇ ਹਨ। ਪਰ, ਇਸ ਪਿਆਰ ਦਾਂ ਕਾਰਣ ਕੀ ਹੈ? ਸਾਰੀ ਕਵਿਤਾ ਵਿਚ ਇਹ ਪਿਆਰ-ਖਿੱਚ ਅਕਾਰਣ ਪ੍ਰਤੀਤ ਹੁੰਦੀ ਹੈ, ਪਰ ਅੰਤਿਮ ਸਤਰ ਵਿਚ ਦੁਵੱਲੀ ਖਿੱਚ ਦੇ ਕਾਰਣ ਵੱਲ ਇਕ ਹਲਕਾ ਜਿਹਾ ਸੰਕੇਤ ਹੈ :-

ਪੰਜਾਬ ਦੇ ਦਰਿਆ
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ, ਠੰਡੇ 'ਤੇ ਠਾਰਦੇ, ਪਿਆਰਦੇ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਇਸ ਨਜ਼ਮ ਵਿਚਲੀ ਪਿਆਰ-ਖਿੱਚ ਨੂੰ ਕਾਰਣਤਾ ਪ੍ਰਦਾਨ ਕਰਨ ਵਾਲੀ ਇਕ ਮਿੱਥ ਹੈ ਅਤੇ ਇਸ ਮਿੱਥ ਦਾ ਸੰਬੰਧ ਸਿਖ ਧਰਮ ਨਾਲ ਹੈ।

ਇਸ ਭਾਗ ਦੀ ਦੂਸਰੀ ਕਵਿਤਾ, 'ਦੇਸ ਨੂੰ ਅਸੀਸ ਸਾਡੀ ਗਰੀਬਾਂ ਦੀ', ਪੰਜਾਬ ਨੂੰ ਪਿਆਰ ਕਰਨ ਵਾਲੇ ਕਵੀ ਵਲੋਂ ਉਸਦੇ ਮਹਿਲ ਤੇ ਮਾੜੀਆਂ, ਬਾਗਾਂ, ਰੁੱਖਾਂ, ਦਰਿਆਵਾਂ, ਡੰਗਰਾਂ, ਪਰਬਤਾਂ ਆਦਿ ਨੂੰ ਅਸੀਸ ਹੈ। ਇਨ੍ਹਾਂ ਤੋਂ ਇਲਾਵਾ ਵੀ ਕਵੀ ਪੰਜਾਬ ਦੇ ਹੋਰ ਕਈ ਵੇਰਵਿਆਂ ਪ੍ਰਤੀ ਆਪਣੇ ਪਿਆਰ ਦਾ ਪ੍ਰਦਰਸ਼ਨ ਕਰਦਾ ਹੈ। ਪਰ, ਤਿੰਨ ਭਾਗਾਂ ਵਾਲੀ ਇਸ ਕਵਿਤਾ ਦੇ ਦੂਸਰੇ ਭਾਗ ਦਾ ਅੰਤ ਅਤੇ ਤੀਸਰਾ ਭਾਗ ਆਪਣੇ ਤੋਂ ਪਹਿਲੀ ਕਵਿਤਾ ਦੇ ਪੈਟਰਨ ਨੂੰ ਦੁਹਰਾਉਂਦੇ ਹਨ। ਇਥੇ ਕਵਿਤਾ ਇਕ ਵਾਰ ਫਿਰ ਪੰਜਾਬ ਦੀ ਧਾਰਮਿਕ ਮਿੱਥ ਨਾਲ ਆਪਣਾ ਨਾਤਾ ਜੋੜਦੀ ਹੈ।

(ੳ) ਮਾਣੀਂ ਮਾਣੀਂ ਤੂੰ ਆਪਣਾ ਸਿਦਮ ਤੇ ਸਿੱਖੀ,
ਮਾਣੀ ਤੂੰ ਆਪਣਾ ਪਿਆਰ ਉੱਚਾ ਉਹ ਗੁਰਾਂ ਵਾਲਾ ਸਦਕੇ।
ਗੰਢ ਪਾਈਂ ਇਹ ਤੂੰ ਪੀਡੀ,
ਰੱਖੀਂ ਟੇਕ ਤੂੰ ਸਾਰੀ ਆਪਣੀ ਸੱਚੀ ਸਰਕਾਰ ਤੇ।
ਜਗਾਈਂ ਜਗਾਈਂ ਉਹ ਲਾਟ, ਵੇ ਲਾਲਾ।
ਬੁਝਣ ਦੇਈਂ ਨਾਂਹ ਜੋਤ ਜਿਹੜੀ ਗੁਰਾ ਆਣ ਸਥਾਪੀ ਤੇਰੇ ਵਿਚ,
ਦੇਖ ਜਿਹੜੀ ਬਲ ਰਹੀ ਤੇਰੇ ਦਰਿਆਵਾਂ ਦੇ ਦਿਲ ਵਿਚ,
ਉਹ ਦੇਖ ਜਿਹੜੀ ਚਮਕ ਰਹੀ ਹਿਮਾਲਾ ਦੀਆਂ ਜੋਤਾਂ ਵਿਚ,
ਉਹ ਦੇਖ, ਖੋਲ੍ਹ ਦਿਲ ਦਾ ਬੂਹਾ,
ਜਿਹੜੀ ਗੁਰਾਂ ਦੀ ਮਿਹਰ ਨਾਲ,
ਲਟ ਲਟ ਬਲ ਰਹੀ ਤੇਰੇ ਅੰਦਰ।

(ਅ) ਬੰਨੀ ਆਪਣਾ ਆਪ ਤੂੰ ਚਰਨ ਕਮਲਾਂ ਨਾਲ ਪਿਆਰੇ
\- - - - -
ਸਤਿਗੁਰੂ ਜੀ ਸਦਾ ਤੇਰੀ ਕੰਡੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਪਹੁੰਚ ਕੇ ਅਧਿਏਤਾ ਦੇ ਮਨ ਵਿਚ ਇਕ ਪ੍ਰਸ਼ਨ ਪੈਦਾ ਹੁੰਦਾ ਹੈ - ਕੀ ਪੂਰਨ ਸਿੰਘ-ਕਾਵਿ ਵਿਚ ਪੇਸ਼ ਹੋਏ ਪੰਜਾਬ ਅਤੇ ਪੰਜਾਬੀਅਤ ਨਾਲ ਪਿਆਰ ਦਾ ਇਕ ਕਾਰਣ ਪੰਜਾਬ ਦਾ ਸਿੱਖੀ ਨਾਲ ਸੰਬੰਧਿਤ ਹੋਣਾ ਤੇ ਨਹੀਂ? ਇਸ ਹਲਕੇ ਜਿਹੇ ਪ੍ਰਕਾਸ਼-ਬਿੰਦੂ ਦੀ ਮਦਦ ਨਾਲ ਅਸੀਂ ਕਵੀ ਦੀਆਂ ਬਾਕੀ ਨਜ਼ਮਾਂ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਆਪਣੇ ਪ੍ਰਸ਼ਨ ਦਾ ਸਪਸ਼ਟ ਉੱਤਰ ਤਾਂ ਭਾਵੇਂ ਨਹੀਂ ਮਿਲਦਾ, ਪਰ ਇਸ ਤੱਥ ਦੀ ਪੁਸ਼ਟੀ ਜ਼ਰੂਰ ਹੁੰਦੀ ਹੈ ਕਿ ਪੂਰਨ ਸਿੰਘ ਦੀ ਪੰਜਾਬ ਪ੍ਰਤੀ ਖਿੱਚ ਦਾ ਇਕ ਕਾਰਣ, ਸ਼ਾਇਦ ਮਹੱਤਵਪੂਰਨ ਕਾਰਣ, ਇਸਦੀ ਸਿੱਖੀ ਹੈ।

''ਖੁਲ੍ਹੇ ਮੈਦਾਨ'' ਦੇ ਚਰਚਾ ਅਧੀਨ ਭਾਗ ਦੀ ਤੀਸਰੀ ਕਵਿਤਾ ਉਪਰੋਕਤ ਮੱਤ ਬਾਰੇ ਕੋਈ ਸ਼ੰਕਾ ਨਹੀਂ ਰਹਿਣ ਦੇਂਦੀ। ਪੰਜਾਬ ਦੀ ਅਹੀਰਨ ਨਾਲ ਸੰਬੰਧਿਤ ਇਸ ਕਵਿਤਾ ਦਾ ਕੋਈ ਨਿਸ਼ਚਿਤ ਕੇਂਦਰ-ਬਿੰਦੂ ਨਹੀਂ। ਇਸ ਤਿੰਨ-ਭਾਗੀ ਕਵਿਤਾ ਦੇ ਪਹਿਲੇ ਭਾਗ ਵਿਚ ਕਵਿਤਾ ਥੋੜੀ ਦੇਰ ਲਈ ਅਹੀਰਨ ਉਪਰ ਕੇਂਦਰਿਤ ਹੁੰਦੀ ਹੈ, ਪਰ ਦੂਜੇ ਭਾਗ ਵਿਚ ਹੀ ਇਹ ਕੇਂਦਰਮੁਖ ਇਕਾਗਰਤਾ ਖੰਡਿਤ ਹੋ ਜਾਂਦੀ ਹੈ। ਕਵਿਤਾ ਅਹੀਰਨ ਨਾਲ ਦੂਸਰੇ ਪ੍ਰਦੇਸਾਂ ਦੀਆਂ ਔਰਤਾਂ ਦੀ ਤੁਲਨਾ ਕਰਦੀ ਕਰਦੀ ਦੂਸਰੇ ਪ੍ਰਦੇਸਾਂ ਦੇ ਲੋਕਾਂ ਨਾਲ ਸਮੁੱਚੇ ਪੰਜਾਬ ਦੀ ਤੁਲਨਾ ਵਲ ਰੁਚਿਤ ਹੋ ਜਾਂਦੀ ਹੈ। ਇਸ ਭਾਗ ਦੀ ਸਮਾਪਤੀ ਤੋਂ ਪਹਿਲਾਂ ਕਵਿਤਾ ਇਕ ਵਾਰ ਫਿਰ ਅਹੀਰਨ ਨਾਲ ਜੁੜਨ ਦਾ ਉਪਰਾਲਾ ਕਰਦੀ ਹੈ, ਪਰ ਤੀਸਰਾ ਭਾਗ ਪਹਿਲੇ ਦੋ ਭਾਗਾਂ ਨਾਲ ਅਹੀਰਨ ਕਰਕੇ ਨਹੀਂ ਪੰਜਾਬ ਕਰਕੇ ਸੰਬੰਧਿਤ ਹੈ ਅਤੇ ਇਸ ਭਾਗ ਦਾ ਪੰਜਾਬ ਵੀ ਪਹਿਲੇ ਦੋ ਭਾਗਾਂ ਵਿਚਲੇ ਪੰਜਾਬ ਤੋਂ ਵਖਰਾ ਹੈ। ਪਹਿਲੇ ਦੋ ਭਾਗਾਂ ਵਿਚ ਜ਼ਿਕਰ ਪੰਜਾਬ ਦੀ ਪ੍ਰਕਿਰਤੀ ਦਾ ਸੀ, ਪਰ ਇਥੇ ਉਸਦੇ ਸਾਂਸਕ੍ਰਿਤਕ-ਇਤਿਹਾਸਕ ਪਾਸਾਰ ਦਾ ਜ਼ਿਕਰ ਹੈ। ਪੰਜਾਬ ਦੇ ਸਾਂਸਕ੍ਰਿਤਕ-ਇਤਿਹਾਸਕ ਪਾਸਾਰ ਉਪਰ ਬਲ ਕਵਿਤਾ ਨੂੰ ਸਿੱਖ-ਪੰਜਾਬ ਨਾਲ ਸੰਬੰਧਿਤ ਕਰਦਾ ਹੈ।

'ਪੰਜਾਬ ਦੀ ਅਹੀਰਨ...' ਬਾਰੇ ਇਕ ਹੋਰ ਗੱਲ ਵੀ ਮਹੱਤਵਪੂਰਨ ਹੈ। ਇਹ ਉਸ ਨਾਇਕ ਦੇ ਪੰਜਾਬ-ਪਿਆਰ ਦੀ ਕਵਿਤਾ ਹੈ ਜਿਹੜਾ ਪੰਜਾਬ ਨਾਲ ਗਿਝਿਆ ਹੋਇਆ ਵੀ ਹੈ ਅਤੇ ਉਸ ਤੋਂ ਓਦਰਿਆ ਹੋਇਆ ਵੀ। ਕਵਿਤਾ ਦੀਆਂ ਆਰੰਭਕ ਸਤਰਾਂ ਹੀ ਇਸ ਗੱਲ ਵਲ ਸੰਕੇਤ ਕਰਦੀਆਂ ਹਨ ਕਿ ਨਾਇਕ ਪੰਜਾਬ ਤੋਂ ਦੂਰ ਰਹਿ ਕੇ ਆਇਆ ਹੈ। ਦੂਰੀ ਦਾ ਇਹ ਅਹਿਸਾਸ ਕਵਿਤਾ ਵਿਚ ਬੜਾ ਤਿੱਖਾ ਹੈ ਇਸ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਨਾਇਕ ਦੇਸ਼-ਵਾਪਸੀ ਦੇ ਬਿੰਦੂ ਉਪਰ ਖਲੋਤਾ ਹੈ। ਸੋ ਇਹ ਪੰਜਾਬ-ਪਿਆਰ ਦੀ ਸਾਧਾਰਣ ਕਵਿਤਾ ਨਹੀਂ, ਪਰਦੇਸ ਤੋਂ ਵਾਪਿਸ ਆਏ ਵਿਅਕਤੀ ਦੇ ਪੰਜਾਬ-ਪਿਆਰ ਦੀ ਕਵਿਤਾ ਹੈ। ਪਰ, ਇਸ ਕਵਿਤਾ ਦੀ ਮਹੱਤਵਪੂਰਨ ਪ੍ਰਾਪਤੀ, ਪੂਰਨ ਸਿੰਘ-ਕਾਵਿ ਵਿਚਲੀ ਪੰਜਾਬ-ਖਿੱਚ ਨੂੰ ਸਮਝਣ ਲਈ, ਇਕ ਮਾਡਲ ਪ੍ਰਦਾਨ ਕਰਨਾ ਹੈ। ਇਸ ਕਵਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਕਵੀ/ ਨਾਇਕ ਅਹੀਰਨ ਵਲ ਆਕਰਸ਼ਿਤ ਹੋਇਆ ਹੈ। ਪਰ, ਇਸ ਕਵਿਤਾ ਵਿਚ ਨਾਇਕ-ਨਾਇਕਾ-ਸੰਬੰਧ ਨਿਸ਼ਚਿਤ ਨਹੀਂ। ਕਵਿਤਾ ਵਿਚਲੀਆਂ ਦੋ ਧਿਰਾਂ ਦਾ ਆਪਸੀ ਸੰਬੰਧ ਪ੍ਰਕਿਰਤਕ ਹੈ, ਦੇਵੀ ਹੈ ਜਾਂ ਸਾਂਸਕ੍ਰਿਤਕ? ਕਵੀ ਇਸ ਬਾਰੇ ਕਿਸੇ ਸਪਸ਼ਟੀਕਰਣ ਦੀ ਲੋੜ ਮਹਿਸੂਸ ਨਹੀਂ ਕਰਦਾ। ਇਸ ਪ੍ਰਕਾਰ ਦੇ ਅਨਿਸ਼ਚਿਤ ਸੰਬੰਧ ਪੂਰਨ ਸਿਘ ਦੇ ਨਿਵੇਕਲੇ ਕਾਵਿ-ਸੰਸਾਰ ਵਲ ਸੰਕੇਤ ਕਰਦੇ ਹਨ। ਇਸ ਨਿਵੇਕਲੇ ਕਾਵਿ-ਸੰਸਾਰ ਨੂੰ ਅਸੀਂ 'ਪੂਰਨ ਸਿੰਘ ਦਾ ਕਾਵਿ-ਜਗਤ' ਨਾਮਕ ਇਕ ਨਿਬੰਧ ਵਿਚ ਮੂਲ-ਮਾਨਵਤਾ ਦਾ ਨਾਮ ਦਿੱਤਾ ਹੈ। ਮੈਨੂੰ ਪ੍ਰਤੀਤ ਹੁੰਦਾ ਹੈ ਕਿ ਕਵੀ ਦਾ ਪੰਜਾਬ ਨਾਲ ਭਾਵੇਂ ਸਾਸਕ੍ਰਿਤਕ ਸੰਬੰਧ ਹੈ - ਉਸਦੀਆਂ ਪੰਜਾਬ ਨਾਲ ਸੰਬੰਧਿਤ ਕਵਿਤਾਵਾਂ ਵਿਚ ਪੰਜਾਬ ਦੇ ਧਾਰਮਿਕ ਪਾਸਾਰਾਂ ਦੀ ਗੱਲ ਅਸਾਂ ਉਪਰ ਕੀਤੀ ਹੈ - ਪਰ, ਇਸਦੇ ਬਾਵਜੂਦ ਪੰਜਾਬ ਨਾਲ ਕਵੀ ਦਾ ਵਧੇਰੇ ਸੰਬੰਧ ਮੂਲਮਾਨਵੀ ਪੱਧਰ ਉਪਰ ਹੀ ਪੇਸ਼ ਹੋਇਆ ਲਗਦਾ ਹੈ। ਕਵੀ ਪੰਜਾਬ ਵਲ, ਪੰਜਾਬ ਦੇ ਵਿਭਿੰਨ ਵੇਰਵਿਆਂ ਵਲ ਖਿੱਚਿਆ ਜਾਂਦਾ ਹੈ, ਉਨ੍ਹਾਂ ਨੂੰ ਪਿਆਰ ਕਰਦਾ ਹੈ ਅਤੇ ਇਹ ਪਿਆਰ ਮੂਲ ਰੂਪ ਵਿਚ ਆਕਾਰਣ-ਸੰਬੰਧਾਂ ਦੀ ਹੋਂਦ ਕਾਰਣ ਹੀ ਪ੍ਰਤੀਤ ਹੁੰਦਾ ਹੈ। ਪੂਰਨ ਸਿੰਘ ਦਾ ਪੰਜਾਬ ਅਤੇ ਪੰਜਾਬੀਅਤ ਨਾਲ ਪਿਆਰ-ਸੰਬੰਧ ਧੁਨੀ ਅਤੇ ਅਰਥ ਦੇ ਆਪਸੀ ਸੰਬੰਧ ਵਾਂਗ ਸੰਜੋਗੀ ਹੈ। ਜਿਵੇਂ ਧੁਨੀ ਦਾ ਅਰਥ ਇਕ ਧੁਨੀ ਨੂੰ ਦੂਜੀ ਧਵਨੀ ਨਾਲੋਂ ਨਿਖੇੜ ਕੇ ਜਾਣਿਆ ਜਾਂਦਾ ਹੈ ਠੀਕ ਇਸੇ ਪ੍ਰਕਾਰ 'ਪੰਜਾਬ ਦੀ ਅਹੀਰਨ' ਵਿਚ ਕਵੀ ਗੈਰ-ਪੰਜਾਬੀ ਅੰਸ਼ਾਂ ਪ੍ਰਤੀ ਅਪਿਆਰ ਭਾਵ ਪ੍ਰਗਟ ਕਰਕੇ ਉਸਨੂੰ ਪੰਜਾਬ-ਪਿਆਰ ਨਾਲੋਂ ਨਿਖੇੜਦਾ ਹੈ। ਇਹ ਨਿਖੇੜਾ-ਭਾਵਨਾ ਮੂਲ ਰੂਪ ਵਿਚ ਨਾ-ਮੁਖਤਾ (negativity) ਦਾ ਪ੍ਰਮਾਣ ਹੁੰਦੀ ਹੈ। ਪਰ, ਇਥੇ ਇਹ ਕਹਿ ਦੇਣ ਦੀ ਲੋੜ ਪ੍ਰਤੀਤ ਹੁੰਦੀ ਹੈ ਕਿ ਇਸ ਭਾਵਨਾ ਦਾ ਪਰਿਚੈ ਕਵੀ ਅਪਵਾਦ ਰੂਪ ਵਿਚ ਹੀ ਦੇਂਦਾ ਹੈ। ਵੈਸੇ ਉਹ ਪ੍ਰਤੱਖ ਰੂਪ ਵਿਚ ਹਾਂ-ਮੁੱਖ (Positive) ਕਵੀ ਹੈ। ਇਸ ਬਾਰੇ ਵਿਚਾਰ ਅਗੇ ਕੀਤਾ ਜਾਵੇਗਾ ਫਿਲਹਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੂਰਨ ਸਿੰਘ ਦੇ ਪੰਜਾਬ-ਪਿਆਰ ਦਾ ਸੰਬੰਧ ਉਸਦੇ ਮੂਲਮਾਨਵੀ ਕਾਵਿ-ਸੰਸਾਰ ਨਾਲ ਹੈ।

ਅਸੀਂ ਬੇਸ਼ਕ ਪੂਰਨ ਸਿੰਘ ਦੀਆਂ ਪੰਜਾਬ-ਪਿਆਰ ਨਾਲ ਸੰਬੰਧਿਤ ਹੀ ਕੁਝ ਨਜ਼ਮਾਂ ਬਾਰੇ ਚਰਚਾ ਕਰ ਰਹੇ ਹਾਂ। ਪਰ, ਇਹ ਕਹਿਣਾ ਅਯੋਗ ਪ੍ਰਤੀਤ ਨਹੀਂ ਹੁੰਦਾ ਕਿ ਮੂਲਮਾਨਵੀ ਸੰਸਾਰ ਸਾਡੇ ਕਵੀ ਦੀਆਂ ਪੰਜਾਬ ਨਾਲ ਸੰਬੰਧਿਤ ਕਵਿਤਾਵਾਂ ਦਾ ਹੀ ਨਹੀਂ ਉਸਦੇ ਸਮੁੱਚੇ ਕਾਵਿ ਦਾ ਵਿਲੱਖਣ ਸੰਸਾਰ ਹੈ। ਇਸ ਦ੍ਰਿਸ਼ਟੀ ਤੋਂ ਪੂਰਨ ਸਿੰਘ ਦਾ ਪੰਜਾਬ-ਪਿਆਰ ਵੀ ਉਸ ਸੰਸਕ੍ਰਿਤੀ ਦੇ ਵਿਰੋਧ ਵਿਚ ਮੂਲ-ਮਾਨਵੀ ਉਚਾਰ ਹੈ, ਜਿਸ ਸੰਸਕ੍ਰਿਤੀ ਬਾਰੇ ਉਹ ਕਹਿੰਦਾ ਹੈ :

ਘਰ ਘਰ ਕੋਈ ਡੂੰਘੀ ਖਾਈ ਸੀ,
ਇਹ ਖਾਈ, ਮਾਂ-ਪੁੱਤ ਵਿਚ ਤੱਕੀ, ਉਥੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਨਾਨੀ-ਮਰਦ ਵਿਚ ਸੀ, ਕੋਈ ਤ੍ਰੁਪ ਨਾ ਸਕਦਾ ਉਹ ਖਾਈ ਅਣਦਿਸਦੀ
ਕੁਝ ਤਿਆਗ ਤਿਆਗ ਸੀ 'ਦੂਏ' ਦਾ,
ਹਭਾ ਕੁਝ, ਕੁਝ ਆਪਣਾ ਆਪ ਗਰਜੀ ਸੀ,
ਨਿੱਕੀ ਮੈਂ ਦਾ ਪੁਆੜਾ ਪਿਆ ਘਰ ਘਰ,
ਮੇਰਾ ਜੀ ਕੁਝ ਘਬਰਾ ਗਿਆ,
ਇਹ ਕਿਹੇ ਲੋਕੀਂ, ਪੈਸਾ ਸਭ ਥੀਂ ਵੱਧ ਸੰਭਾਲਦੇ।

ਇਹੋ ਕਾਰਣ ਹੈ ਕਿ ਬਾਵਜੂਦ ਇਸ ਦੇ ਕਿ ਉਸਦੀਆਂ ਪੰਜਾਬ-ਪਿਆਰ ਦੀਆਂ ਕਵਿਤਾਵਾਂ ਵਿਚ ਪੰਜਾਬ ਨਾਲ ਭਾਵੇਂ ਕਿਸੇ ਹਦ ਤਕ ਨਿਸ਼ਚਿਤ ਸੰਬੰਧਾਂ ਦਾ ਭਾਵ ਮਿਲਦਾ ਹੈ ਤਾਂ ਵੀ ਮੈਂ ਇਸ ਪਿਆਰ ਨੂੰ ਮੂਲ-ਮਾਨਵੀ ਖਿੱਚ ਦਾ ਨਾਮ ਦੇਣਾ ਚਾਹਵਾਂਗਾ।

ਉਪਰ ਮੈਂ ਕਿਹਾ ਹੈ ਕਿ ਪੂਰਨ ਸਿੰਘ ਦੀਆਂ ਪੰਜਾਬ-ਪਿਆਰ ਨਾਲ ਸੰਬੰਧਿਤ ਕਵਿਤਾਵਾਂ ਇਕ ਵਿਸ਼ੇਸ਼ ਸਾਂਸਕ੍ਰਿਤਕ ਪ੍ਰਬੰਧ ਦੇ ਵਿਰੋਧ ਵਿਚ ਮੂਲ ਮਾਨਵੀਂ ਉਚਾਰ ਦੀ ਪ੍ਰਤਿਨਿੱਧਤਾ ਕਰਦੀਆਂ ਹਨ। ਪਰ, ਇਥੇ ਵਿਸ਼ੇਸ਼ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸ ਵਿਰੋਧ ਦਾ ਪ੍ਰਗਟ ਉਚਾਰ ਉਸਦੀਆਂ ਕਵਿਤਾਵਾਂ ਵਿਚ ਬਹੁਤ ਹੀ ਵਿਰਲਾ ਹੈ। ਵਿਰੋਧ ਵਿਚ ਇਕ ਪ੍ਰਕਾਰ ਦੀ ਨਾ-ਮੁਖਤਾ ਦਾ ਭਾਵ ਮੌਜੂਦ ਹੁੰਦਾ ਹੈ ਅਤੇ ਪੂਰਨ ਸਿੰਘ ਦੀ ਕਵਿਤਾ ਤੇ ਵਿਸ਼ੇਸ਼ ਤੌਰ ਤੇ ਉਸਦੀ ਪੰਜਾਬ-ਪਿਆਰ ਦੀ ਕਵਿਤਾ ਪੁਰਾਣੇ ਪੰਜਾਬ ਜਾਂ ਉਸ ਵਰਤਮਾਨ ਪੰਜਾਬ, ਜਿਸ ਵਿਚ ਪੁਰਾਤਨਤਾ ਦੀਆਂ ਕਦਰਾਂ ਕੀਮਤਾਂ ਹਨ, ਪ੍ਰਤੀ ਆਪਣੇ ਪਿਆਰ ਦਾ ਪ੍ਰਗਟਾਵਾ ਹਾਂ—ਮੁੱਖਤਾ ਦੀ ਸੁਰ ਵਿਚ ਕਰਦੀ ਹੈ। ਇਸ ਸੁਰ ਵਿਚ ਨਾਕਾਰਾਤਮਕਤਾ ਜਾਂ ਨਾ-ਮੁੱਖਤਾ ਦਾ ਭਾਵ ਅਕਥਨ ਰੂਪ ਵਿਚ ਹੀ ਪਿਆ ਹੈ। ਉਹ ਬਹੁਤੀ ਵਾਰ ਹਾਂ-ਮੁੱਖਤਾ ਦੇ ਭਾਵ ਨੂੰ ਹੀ ਅਗਰ-ਭੂਮੀ ਵਿਚ ਪੇਸ਼ ਕਰਦਾ ਹੈ ਅਤੇ ਬਗੈਰ ਕਿਸੇ ਵਿਰੋਧੀ ਪਿਠ ਭੂਮੀ ਦੀ ਮਦਦ ਦੇ ਉਸਨੂੰ ਸੁਤੰਤਰ ਰੂਪ ਵਿਚ ਉਭਾਰਦਾ ਹੈ। ਇਸ ਤੱਥ ਦੀ ਪੁਸ਼ਟੀ ਉਸਦੀ ਕਵਿਤਾ 'ਹੀਰ ਤੇ ਰਾਂਝਾ' ਕਰਦੀ ਹੈ।

ਕਵੀ ਲਈ ਹੀਰ ਤੇ ਰਾਂਝਾ ਉਨ੍ਹਾਂ ਮੂੱਲਾਂ ਦੀ ਪ੍ਰਤਿਨਿੱਧਤਾ ਕਰਦੇ ਹਨ ਜਿਨ੍ਹਾਂ ਦੀ ਹੋਂਦ ਉਸਦੇ ਪੰਜਾਬ-ਪਿਆਰ ਦਾ ਇਕ ਕਾਰਣ ਬਣਦੀ ਹੈ। ਕਿੱਸੇ ਵਿਚ ਖਲ-ਪਾਤਰ ਵੀ ਹਨ ਅਤੇ ਇਸ ਨੂੰ ਵਿਦਰੋਹ ਦੇ ਕਿੱਸੇ ਦਾ ਨਾਮ ਵੀ ਦਿੱਤਾ ਜਾਂਦਾ ਹੈ ਅਤੇ ਬਜਾ ਤੌਰ ਤੇ ਦਿਤਾ ਜਾਂਦਾ ਹੈ। ਕਵਿਤਾ ਦੀ ਰਚਨਾ ਦਾ ਕਾਰਜ ਆਪਣੇ ਆਪ ਵਿਚ ਸੰਪਾਦਨ ਦਾ ਕਾਰਜ ਹੈ। ਕਵੀ ਕੁਝ ਸਵੀਕਾਰ ਕਰਦਾ ਹੈ ਅਤੇ ਕੁਝ ਤਿਆਗ ਦੇਂਦਾ ਹੈ। ਪਰ, ਪੂਰਨ ਸਿੰਘ ਆਪਣੀ ਇਸ ਕਵਿਤਾ ਵਿਚ ਨਾ-ਮੁਖ ਤੱਤਾਂ ਨੂੰ ਸੰਪਾਦਿਤ ਕਰਕੇ ਬਾਹਰ ਕਢ ਦੇਂਦਾ ਹੈ। ਕਿੱਸੇ ਵਿਚ ਕੈਦੋ, ਭਰਜਾਈਆਂ, ਖੇੜੇ, ਸਭ ਨਾ-ਮੁੱਖ ਪਾਤਰ ਹਨ। ਕਵੀ ਆਪਣੀ ਕਵਿਤਾ ਵਿਚ ਇਨ੍ਹਾਂ ਵਿਚੋਂ ਪਹਿਲੇ ਦੋਹਾਂ ਦਾ ਤਾਂ ਜ਼ਿਕਰ ਤਕ ਨਹੀਂ ਕਰਦਾ ਅਤੇ ਖੇੜਿਆਂ ਦਾ ਜ਼ਿਕਰ ਵੀ ਨਾ-ਮੁਖ ਤੱਤ ਵਜੋਂ ਨਹੀਂ ਕਰਦਾ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਜ਼ ਇਹ ਨਮਾਜ਼ ਹੀਰ ਦੇ
ਖੇੜਿਆਂ ਦੀ ਮਸੀਤ ਵਿਚ
ਬਿਰਹਾ ਦੀ ਕੂਕ ਇਹ,
ਵਾਰ ਵਾਰ ਸੁੱਟਦੀ.
ਮੁੜ ਮੁੜ ਗਿਣਦੀ ਸਵਾਸ ਰਾਂਝੇਟੜੇ ਵਾਲੇ,
ਮੁੜ ਮੁੜ ਫੂਕਦੀ ਪਿਆਰ ਨੂੰ।

ਕਵਿਤਾ ਇਸ ਸੰਪਾਦਿਤ ਪੇਸ਼ਕਾਰੀ ਦੇ ਫਲਸਰੂਪ ਵਿਦਰੋਹ ਦੀ ਕਵਿਤਾ ਹੀ ਨਹੀਂ ਲਗਦੀ। ਉਸਦਾ ਪ੍ਰਮੁੱਖ ਬਲ ਹੀਰ-ਰਾਂਝੇ ਦੇ ਪਿਆਰ ਨੂੰ ਅਗਰਭੂਮੀ ਵਿਚ ਲਿਆਉਣਾ ਹੈ। ਨਾ-ਮੁੱਖ ਤੱਤ ਇਸ ਕਥਾ ਦੀ ਪਿਠਭੂਮੀ ਸਨ ਜਿਨ੍ਹਾਂ ਦੀ ਸਹਾਇਤਾ ਨਾਲ ਅਗਰਭੂਮੀ ਨੂੰ ਉਭਾਰਿਆ ਗਿਆ ਸੀ। ਪਰ, ਪੂਰਨ ਸਿੰਘ ਏਥੇ ਹੀਰ ਤੇ ਰਾਂਝੇ ਦੇ ਪਿਆਰ ਦੀ ਅਗਰਭੂਮੀ ਨੂੰ ਵਿਰੋਧ-ਮੁਖ ਪਿਠਭੂਮੀ ਤੋਂ ਬਗੈਰ ਹੀ ਉਭਾਰਦਾ ਹੈ। ਹੀਰ ਅਤੇ ਰਾਂਝਾ ਦੈਵੀ ਪਾਤਰ ਹਨ ਅਤੇ ਕਵੀ ਸ਼ਾਇਦ ਦਿਬੱਤਾ ਦੇ ਨਾਲ ਨਾ-ਮੁਖ ਤੱਤਾਂ ਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ। ਪਰ, ਇਥੇ ਹੀ ਨਹੀਂ, ਇਹ ਤਾਂ ਪੂਰਨ ਸਿੰਘ ਦੀਆਂ ਪੰਜਾਬ ਨਾਲ ਸੰਬੰਧਿਤ ਕਵਿਤਾਵਾਂ ਦੀ ਪ੍ਰਮੁੱਖ ਜੁਗਤ ਹੈ। ਉਹ ਕਥਨ ਕੀਤੇ ਬਗ਼ੈਰ ਗ਼ੈਰ-ਪੰਜਾਬੀ ਅੰਸ਼ਾਂ ਨੂੰ ਨਾਕਾਰੇਗਾ ਅਤੇ ਅਗਰਭੂਮੀ ਵਿਚ ਕੇਵਲ ਪੰਜਾਬ ਦੇ ਪੰਜਾਬੀਅਤ ਵਾਲੇ ਅੰਸ਼ਾਂ ਨੂੰ ਬਿਨਾਂ ਕਿਸੇ ਪਿਠਭੂਮੀ ਦੇ ਉਭਾਰੇਗਾ। ਇਹ ਇਕ ਤਰ੍ਹਾਂ ਦੀ ਬੁੱਤ ਵਰਗੀ ਖ਼ੂਬਸੂਰਤੀ ਦਾ ਸਿਰਜਣ ਹੈ ਜਿਸਨੂੰ ਪਿਠਭੂਮੀ ਦੀ ਲੋੜ ਨਹੀਂ।

ਅੰਤ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੂਰਨ ਸਿੰਘ ਕੋਲ ਸੰਸਾਰ ਨੂੰ ਸਮਝਣ ਲਈ ਇਕ ਮਾਡਲ ਹੈ ਜਿਸਨੂੰ ਮੈਂ ਮੂਲਮਾਨਵਤਾ ਦਾ ਨਾਮ ਦਿੱਤਾ ਹੈ। ਉਸਦਾ ਪੰਜਾਬ-ਪਿਆਰ ਇਸੇ ਸੂਝ-ਮਾਡਲ ਨਾਲ ਸੰਬੰਧਿਤ ਹੈ। ਹਾਂ-ਮੁੱਖਤਾ ਉਸਦੇ ਕਾਵਿ ਦਾ ਪ੍ਰਮੁੱਖ ਵਸਤੂ-ਵਿਹੂਣਾ-ਰੂਪ (empty form) ਹੈ, ਇਸ ਕਰਕੇ ਉਸਦੀ ਪੰਜਾਬੀਅਤ ਵੀ ਹਾਂ-ਮੁਖ ਪੰਜਾਬੀਅਤ ਹੈ। ਕਵਿਤਾ ਵਿਚ ਉਸਦੀ ਪ੍ਰਮੁੱਖ ਰਚਨਾ-ਜੁਗਤ ਪਿਠਭੂਮੀ ਤੋਂ ਬਗ਼ੈਰ ਅਗਰਭੂਮਨ ਦੀ ਜੁਗਤ ਹੈ। ਇਹ ਤਿੰਨੇ ਪ੍ਰਾਪਤੀਆ ਬੇਸ਼ਕ ਸਾਨੂੰ ਉਸਦੀਆਂ ਪੰਜਾਬ ਨਾਲ ਸੰਬੰਧਿਤ ਨਜ਼ਮਾਂ ਦੇ ਅਧਿਐਨ ਤੋਂ ਹੋਈਆਂ ਹਨ, ਪਰ ਇਨ੍ਹਾਂ ਨੂੰ ਕੇਵਲ ਇਨ੍ਹਾਂ ਕਵਿਤਾਵਾਂ ਤਕ ਹੀ ਸੀਮਿਤ ਨਹੀਂ ਕੀਤਾ ਜਾ ਸਕਦਾ। ਮੂਲ-ਮਾਨਵਤਾ, ਹਾ ਮੁਖਤਾ ਅਤੇ ਪਿਠ ਭੂਮੀ ਤੋਂ ਬਗ਼ੈਰ ਅਗਰਭੂਮਨ, ਇਹ ਤਿੰਨ ਗੱਲਾਂ ਸਮੁੱਚੇ ਪੂਰਨ ਸਿੰਘ-ਕਾਵਿ ਨਾਲ ਸੰਬੰਧਿਤ ਹਨ ਅਤੇ ਪੂਰਨ ਸਿੰਘ ਦੀ ਆਪਣੀ ਪੰਜਾਬੀਅਤ ਦੀਆਂ ਵਿਸ਼ੇਸ਼ਤਾਵਾ ਹਨ, ਇਸ ਕਰਕੇ ਇਹ ਪੰਜਾਬੀਅਤ ਉਸਦੀਆਂ ਉਨ੍ਹਾਂ ਕਵਿਤਾਵਾਂ ਵਿਚ ਵੀ ਹੈ ਜਿਨ੍ਹਾਂ ਦਾ ਵਿਸ਼ਾ ਪੰਜਾਬ ਜਾਂ ਪੰਜਾਬੀਅਤ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਿਵ ਕੁਮਾਰ ਦੀ ਲੂਣਾ : ਔਰਤ ਦਾ ਬਿੰਬ

ਸ਼ਿਵ ਕੁਮਾਰ ਦੇ ਪ੍ਰਗੀਤ-ਨਾਟ 'ਲੂਣਾ' ਤੋਂ ਪਹਿਲਾਂ ਉਸਦੀ ਇਸੇ ਨਾਮ ਦੀ ਇਕ ਸੰਖੇਪ ਕਾਵਿ-ਰਚਨਾ, ਕਈ ਪ੍ਰਗੀਤਾਂ ਅਤੇ ਵਿਸ਼ੇਸ਼ ਕਰਕੇ ਦੋ ਹੋਰ ਬਿਰਤਾਂਤ ਰਚਨਾਵਾਂ ਸ਼ੀਸ਼ੋ ਅਤੇ ਨੂਰਾਂ ਵਿਚ ਔਰਤ ਦੇ ਅੰਦਰਲੇ ਆਪੇ ਵਿਚ ਝਾਤੀ ਮਾਰਨ ਦੀ ਰੁਚੀ ਵੇਖੀ ਜਾ ਸਕਦੀ ਹੈ। ਇਹ ਉਸਦੀਆਂ ਬਹੁਤ ਸਾਰੀਆ ਕਾਵਿ-ਰਚਨਾਵਾਂ ਦਾ ਨਿਰੰਤਰ ਥੀਮ ਹੈ ਜਿਸਦੀ ਪੂਰੀ ਪਛਾਣ ਉਸਦੀ ਇਕੋ ਰਚਨਾ ਦੀ ਸਹਾਇਤਾ ਨਾਲ ਨਹੀਂ ਹੋ ਸਕਦੀ। 'ਲੂਣਾ' ਤੋਂ ਵੀ ਨਹੀਂ, ਬੇਸ਼ਕ ਲੂਣਾ ਉਸਦੇ ਕਾਵਿ ਵਿਚਲੀ ਇਸ ਥੀਮਿਕ ਨਿਰੰਤਰਤਾ ਦਾ ਇਕ ਪੜਾ ਹੀ ਨਹੀਂ ਮਹਤਵਪੂਰਨ ਪੜਾ ਹੈ।

ਔਰਤ ਸ਼ਿਵ ਕੁਮਾਰ ਦੀ ਕਵਿਤਾ ਵਿਚ ਲਗਭਗ ਸਾਰੇ ਰੂਪਾਂ ਵਿਚ ਪ੍ਰਾਪਤ ਹੈ, ਮਾਂ, ਧੀ, ਪ੍ਰੇਮਿਕਾ ਅਤੇ ਸ਼ੁਧ ਪ੍ਰਾਕਿਰਤਕ ਰੂਪ ਵਿਚ ਵੀ। ਭਾਰਤੀ ਸਮਾਜ ਵਿਚ ਅਤੇ ਸ਼ਾਇਦ ਕਿਸੇ ਵੀ ਸਮਾਜ ਵਿਚ ਔਰਤ ਦੀ ਹੋਂਦ ਕੀ ਹੈ? ਇਸ ਨੂੰ ਸ਼ਿਵ ਕੁਮਾਰ ਆਪਣੀ ਕਵਿਤਾ 'ਆਟੇ ਦੀਆਂ ਚਿੜੀਆਂ' ਵਿਚ ਇਸ ਤਰ੍ਹਾਂ ਪੇਸ਼ ਕਰਦਾ ਹੈ:

> ਤੇ ਮੈਂ ਇਹ ਸਮਝਦਾ ਇਹ ਸੱਭੇ ਕੁੜੀਆਂ
> ਇਹ ਆਟੇ ਸੰਗ ਬਣਾਈਆਂ ਹੈਨ ਚਿੜੀਆਂ
> ਜਿਨ੍ਹਾਂ ਸੰਗ ਵਰਚ ਜਾਂਦੈ ਕਾਮ- ਬੱਚਾ!

ਇੰਜ ਇਹ ਕੁੜੀਆਂ ਮਰਦ ਦੀ ਕਾਮ-ਇੱਛਾ ਦਾ ਭੋਜਨ ਬਣਦੀਆਂ ਹਨ। 'ਆਟੇ ਦੀਆਂ ਚਿੜੀਆਂ' ਤੋਂ 'ਲੂਣਾ' ਤਕ ਦਾ ਸਫ਼ਰ ਸ਼ਿਵ ਕੁਮਾਰ ਦੇ ਕਾਵਿ ਵਿਚ ਬਹੁਤ ਮਹਤਵਪੂਰਨ ਹੈ ਅਤੇ ਉਸਦੇ ਦ੍ਰਿਸ਼ਟੀਕੋਣ ਵਿਚ ਆਏ ਵਿਸ਼ੇਸ਼ ਪਰਿਵਰਤਨ ਨਾਲ ਸੰਬੰਧਿਤ ਕੀਤਾ ਗਿਆ ਹੈ। ਸ਼ਿਵ ਦੀ 'ਲੂਣਾ' ਨਾਲ ਪੰਜਾਬੀ ਸਾਹਿਤ ਵਿਚ ਇਕ ਨਵੀਂ ਮਿਥ ਦੀ ਸਿਰਜਣਾ ਹੋਈ ਹੈ। ਸ਼ਿਵ ਜਦੋਂ ਪ੍ਰਾਪਤ ਪੂਰਨ ਕਥਾ ਨੂੰ ਲੂਣਾ-ਕਥਾ ਦਾ ਨਾਮ ਦੇਂਦਾ ਹੈ ਤਾਂ ਕੇਂਦਰ ਬਿੰਦੂ ਬਦਲ ਜਾਂਦਾ ਹੈ। ਸ਼ਿਵ 'ਲੂਣਾ' ਨੂੰ 'ਕਾਮ ਦੀ ਪੁਤਲੀ' ਦੇ ਸਰਾਪ ਤੋਂ ਮੁਕਤ ਕਰਦਾ ਹੈ ਅਤੇ ਉਸਨੂੰ ਸਰੀਰਕ ਲੋੜ ਨਾਲ ਬੱਝੀ ਆਦਿਮ ਲੋਚਾ ਦੀ ਪੂਰਤੀ ਨਾਲ ਸੰਬੰਧਿਤ ਮੂਲ ਆਦਰਸ਼ਕ ਔਰਤ ਦੇ ਰੂਪ ਵਿਚ ਪੇਸ਼ ਕਰਦਾ ਹੈ। ਇਹ ਗੱਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਤਮ-ਵਿਰੋਧੀ ਹੈ। ਲੂਣਾ ਅਜੇ ਵੀ 'ਕਾਮ ਦੀ ਪੁਤਲੀ' ਹੈ। ਪਰ, ਇਸ ਨਾਲੋਂ ਵੀ ਵਧ ਮਹਤਵਪੂਰਨ ਗੱਲ ਇਹ ਹੈ ਕਿ ਸਮਝਿਆ ਜਾਂਦਾ ਹੈ ਕਿ ਲੂਣਾ ਅਜ ਦੀ ਕ੍ਰਾਂਤੀਕਾਰੀ, ਆਜ਼ਾਦ ਅਤੇ ਪੱਛਮੀ ਮੁੱਲਾਂ ਵਾਲੀ ਔਰਤ ਹੈ। ਇਸ ਦ੍ਰਿਸ਼ਟੀ ਤੋਂ ਲੂਣਾ ਪੂਰਨ-ਕਥਾ ਵਿਚਲੀ ਲੂਣਾ ਤੋਂ ਬਹੁਤ ਭਿੰਨ ਹੈ। ਪਰ ਇਹ ਗੱਲ ਸ਼ਾਇਦ ਠੀਕ ਨਹੀਂ। ਸ਼ਿਵ ਦਾ ਮਤ ਹੈ - "ਪੰਜਾਬੀ ਕਿੱਸਿਆਂ ਵਿਚ ਦਰਸਾਇਆ ਜੀਵਨ ਉਸ ਵੇਲੇ ਦੇ ਸਾਧਾਰਨ ਜੀਵਨ ਦੀ ਹੀ ਪ੍ਰਤਿਨਿਧਤਾ ਕਰਦਾ ਹੈ। ਇਸ ਨੂੰ ਸੰਸਕ੍ਰਿਤ ਪਾਹ ਦੇਣ ਲਈ ਪਰੰਪਰਾਵਾਦੀ ਜਾਂ ਕਿੱਸਾਕਾਰ ਕਵੀਆਂ ਨੂੰ ਤੋੜਿਆਂ ਮਰੋੜਿਆ ਹੈ, ਤੇ ਇਸ ਵਿਚ ਇਖਲਾਕੀ ਸਿਖਿਆ ਭਰਨ ਦਾ ਯਤਨ ਕੀਤਾ ਹੈ। ਪਰ, ਜੇ ਨਿਰਪੱਖ ਦ੍ਰਿਸ਼ਟੀ ਤੋਂ ਵੇਖੀਏ ਤਾਂ ਇਹ ਕਿੱਸੇ ਯੂਨਾਨੀ ਕਾਵਿ-ਧਾਰਾ ਦੇ ਪ੍ਰਭਾਵ ਨੂੰ ਸਪਸ਼ਟ ਕਰਦੇ ਹਨ।" ਅਤੇ ਕਿਹਾ ਗਿਆ ਹੈ ਕਿ ਸ਼ਿਵ ਨੇ ਲੂਣਾ ਨੂੰ ਮੁੜ ਉਸਦੇ ਮੂਲ ਰੂਪ ਵਿਚ ਪੇਸ਼ ਕੀਤਾ ਹੈ। ਉਹ ਲੂਣਾ ਦੀ ਪੇਸ਼ਕਾਰੀ ਰਾਹੀਂ ਔਰਤ-ਮਰਦ ਸੰਬੰਧਾਂ ਨੂੰ ਪ੍ਰਾਕਿਰਤਕ ਪਾਸਾਰ ਵਿਚ ਪੇਸ਼ ਕਰਕੇ ਮਿਥ ਦੀ ਪੁਨਰਵਿਆਖਿਆ ਕਰਦਾ ਹੈ।

ਪਰ, ਸ਼ਿਵ ਦੀ ਲੂਣਾ ਜੋ ਔਰਤ ਦਾ ਬਿੰਬ ਪੇਸ਼ ਕਰਦੀ ਹੈ, ਜਾਂ ਜਿਸ ਨੂੰ ਸਾਡੀ ਸਮੀਖਿਆ ਨੇ ਜਿਸ ਰੂਪ ਵਿਚ ਗ੍ਰਹਿਣ ਕੀਤਾ ਹੈ, ਉਹ ਸ਼ਾਇਦ ਪੂਰਨ ਸੱਚ ਨਹੀਂ। ਇਸ ਬਿੰਬ ਦਾ ਇਕ ਵਖਰਾ ਪਾਸਾਰ ਵੀ ਹੈ। ਮੇਰੀ ਦ੍ਰਿਸ਼ਟੀ ਵਿਚ ਸ਼ਿਵ ਕੁਮਾਰ ਦੀ ਲੂਣਾ ਅਤੇ ਸ਼ੀਸ਼ੋ ਇਕੋ ਔਰਤ ਦੇ ਦੋ ਨਾਮ ਹਨ ਉਹੀ ਜਿਸ ਬਾਰੇ ਸ਼ਿਵ ਕੁਮਾਰ 'ਆਟੇ ਦੀਆਂ ਚਿੜੀਆਂ' ਵਿਚ ਗੱਲ ਕਰਦਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਲੂਣਾ ਸ਼ੀਸ਼ੋ ਦਾ ਹੀ ਵਿਸਥਾਰ ਹੋਵੇ। ਇਸੇ ਕਰਕੇ ਮੈਂ ਲੂਣਾ ਨੂੰ ਸਮਝਣ ਲਈ 'ਸ਼ੀਸ਼ੋ' ਨੂੰ ਉਸਦੇ ਨਾਲ ਰਖਕੇ ਵੇਖਣਾ ਚਾਹੁੰਦਾ ਹਾਂ। ਇਹ ਔਰਤਾਂ ਸਾਮੰਤਵਾਦੀ ਪ੍ਰਬੰਧ ਵਿਚ ਆਪਣੀ ਹੋਣੀ ਭੋਗ ਰਹੀਆਂ ਔਰਤਾਂ ਹਨ। ਜਿਸ ਪ੍ਰਬੰਧ ਵਿਚ ਕੁੜੀ ਦਾ ਗਰੀਬ ਦੇ ਘਰ ਜੰਮਣਾ ਇਕ ਸਰਾਪ ਹੈ :

ਸ਼ਾਲਾ ਬਾਝ ਮਰੀਵਣ ਮਾਪੇ
ਢਿੱਡੋਂ ਭੁੱਖੇ ਭਾਣੇ।
ਉਸ ਘਰ ਜੰਮੇ ਨਾ ਕਾਈ ਸ਼ੀਸ਼ੋ
ਜਿਸ ਘਰ ਹੋਣ ਨਾ ਦਾਣੇ।

ਸ਼ੀਸ਼ੋ ਅਤੇ ਲੂਣਾ ਦੋਵੇਂ ਉਸ ਘਰ ਨਾਲ ਸੰਬੰਧਿਤ ਹਨ ਜਿਥੇ 'ਦਾਣੇ' ਨਹੀਂ। ਅਤੇ ਇਸ ਤਰ੍ਹਾਂ ਦੇ ਘਰ ਵਿਚ ਔਰਤ ਕੀ ਹੈ :

ਚੰਨ ਚੌਥ ਦਾ ਵੇਖ ਰਿਹਾ ਸੀ,
ਖੜਿਆ ਵਾਂਗ ਡਰਾਵੇ!
ਸ਼ੀਸ਼ੋ ਦਾ ਪਿਓ ਖੇਤਾਂ ਦੇ ਵਿਚ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਗਿਆ ਨਜ਼ਰੀ ਆਵੇ!
ਤੋੜ ਉਫਕ ਤਕ ਝੂਮ ਰਹੇ ਸਨ
ਟਾਂਡੇ ਸਾਵੇ ਸਾਵੇ!
ਸ਼ੀਸ਼ੋ ਦਾ ਪਿਉ ਡਰਦਾ ਕਿਧਰੇ
ਮਾਲਿਕ ਨਾ ਆ ਜਾਵੇ
ਪਲ ਪਲ ਮਗਰੋਂ ਮਾਰੇ ਚੱਕਰ
ਬੈਠੇ ਖੜਕ ਉਡਾਵੇ!
ਰਾਤ ਦਿਨੇ ਦੀ ਰਾਖੀ ਬਦਲੇ
ਟੁਕਰ ਚਾਰ ਕਮਾਵੇ!

ਇਸ ਸਮਾਜ ਵਿਚ ਕੁੜੀ ਦਾ ਆਪਣੇ ਜਨਕ ਨਾਲ ਕੀ ਸੰਬੰਧ ਹੈ। ਇਸ ਨੂੰ ਇਕ ਰੂਪਕ ਰਾਹੀਂ ਸਮਝਿਆ ਜਾ ਸਕਦਾ ਹੈ।

ਸਾਮੰਤੀ ਪ੍ਰਬੰਧ ਵਿਚ ਪਿਉ ਆਪਣੀ ਮਰਜੀ ਅਨੁਸਾਰ ਯੋਗ ਵਿਅਕਤੀ ਨਾਲ ਆਪਣੀ ਧੀ ਦਾ ਵਿਆਹ ਨਹੀਂ ਕਰ ਸਕਦਾ ਉਸਦਾ ਮਾਲਕ ਧੁਰੋ ਉਹ ਵਿਅਕਤੀ ਹੈ ਜਿਸ ਕੋਲ 'ਰੋਟੀ' ਹੈ ਅਤੇ ਪਿਉ ਉਸਦਾ ਇਕ ਰਖਵਾਲਾ ਹੈ, ਡਰਾਵਾ ਹੈ ਇਸ ਕਰਕੇ ਕਵਿਤਾ ਦੇ ਉਪਰੋਕਤ ਬੋਲਾਂ ਨੂੰ ਜੇ ਰੂਪਕ ਦੇ ਤੌਰ ਤੇ ਗ੍ਰਹਿਣ ਕੀਤਾ ਜਾਵੇ ਤਾਂ ਪਿਉ ਆਪਣੇ ਘਰ ਜੰਮੀ ਕੁੜੀ ਦਾ ਇਕ ਡਰਾਵਾ ਹੈ, ਰਖਵਾਲਾ ਹੈ ਜਿਸਦਾ ਮਾਲਕ ਸਾਮੰਤੀ ਪ੍ਰਬੰਧ ਵਿਚ ਉਹ ਵਿਅਕਤੀ ਹੈ ਜਿਹੜਾ 'ਚਾਰ ਟੁਕਰ' ਦੇ ਸਕਦਾ ਹੈ। ਇਸ ਸਮਾਜ ਵਿਚ ਪਿਉ ਧੀ ਦਾ ਵਿਆਹ ਨਹੀਂ ਕਰਦੇ 'ਚਾਰ ਟੁਕਰ ਕਮਾਉਣ' ਲਈ ਸੌਦਾ ਕਰਦੇ ਹਨ। ਇਹ ਉਨ੍ਹਾਂ ਦੀ ਇੱਛਾ ਨਹੀਂ, ਮਜਬੂਰੀ ਹੈ।

ਸ਼ੀਸ਼ੋ ਦੇ ਪਿਉ, ਮੋਈ ਸ਼ੀਸ਼ੋ
ਕਫਨ ਬਦਲੇ ਵੇਚੀ।

ਲੂਣਾ ਵੀ ਇਸੇ ਪ੍ਰਬੰਧ ਵਿਚ ਜੀ ਰਹੀ ਸ਼ੀਸ਼ੋ ਹੈ। 'ਲੂਣਾ' ਕਾਵਿ-ਰਚਨਾ ਵਿਚ ਲੂਣਾ ਦੇ ਬੋਲ ਹਨ :

ਏਥੇ ਅੱਗ ਨੂੰ
ਅੱਗ ਨਹੀਂ ਮਿਲਦੀ ਹੈ
ਏਥ ਹਰ ਸ਼ੈ
ਰੋਟੀ ਬਦਲੇ ਤੁਲਦੀ ਹੈ
ਹਰ ਲੂਣਾ,
ਏਥੇ ਰੋਟੀ ਖਾਤਰ ਗਿਰਵੀ ਹੈ।

ਅਤੇ ਇਸ [illegible] ਹੋ ਜਾਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਵਿਆਹ ਇਥੇ ਵਿਆਹ ਨਹੀਂ ਮਜਬੂਰੀ ਹੈ। ਸ਼ੀਸ਼ੋ ਇਸੇ ਮਜਬੂਰੀ ਨੂੰ ਭੋਗਦੀ ਮਰ ਜਾਂਦੀ ਹੈ ਅਤੇ ਲੂਣਾ ਦੀ ਸਥਿਤੀ ਵੀ ਉਸ ਨਾਲੋਂ ਬਹੁਤੀ ਵਖਰੀ ਨਹੀਂ।

ਸ਼ਿਵ ਦੀ ਲੂਣਾ ਦਾ ਪਾਠ ਪ੍ਰਕਿਰਤਕ ਕਾਮ-ਲੋਚਾ ਅਤੇ ਸੰਸਕ੍ਰਿਤਕ ਵਰਜਨਾ ਵਿਚਾਲੇ ਦੇ ਤਨਾਉ ਨੂੰ ਪੇਸ਼ ਕਰਦਾ ਹੈ। ਪਰ, ਇਹ ਪਾਠ ਨਿਸ਼ਚੇ ਹੀ ਸੰਸਕ੍ਰਿਤੀ ਵਿਰੋਧੀ ਨਹੀਂ। ਕਾਮ ਲੋਚਾ ਦੀ ਤ੍ਰਿਪਤੀ ਲਈ ਸਮਾਜ ਦੀ ਸਥਾਪਿਤ ਕੀਤੀ ਵਿਆਹ ਦੀ ਸੰਸਥਾ ਨੂੰ ਲੂਣਾ ਸਵੀਕਾਰ ਕਰਦੀ ਹੈ, ਪਰ ਉਸਦਾ ਵਿਹਾਰ ਸਮਾਜ ਨੂੰ ਆਪਣੀ ਇਸ ਸੰਸਥਾ ਨੂੰ ਵਧੇਰੇ ਨਿਆਸੰਗਤ ਬਣਾਉਣ ਲਈ ਤਰਲਾ ਹੈ। ਇਸ ਤਥ ਵਲ ਸੰਕੇਤ ਸ਼ਿਵ ਕੁਮਾਰ ਆਪ ਵੀ ਲੂਣਾ ਦੀ ਭੂਮਿਕਾ ਵਿਚ ਕਰਦਾ ਹੈ - "ਪੁਸਤਕਾ ਦੇ ਹਰ ਪਾਤਰ ਨੂੰ ਤੁਹਾਡੇ ਸਾਹਮਣੇ ਨਗਨ ਖੜਾ ਕਰ ਦਿੱਤਾ ਹੈ, ਤੇ ਪਾਤਰਾਂ ਤੋਂ ਅਡਰਾ ਹੋ ਕੇ ਮੈਂ ਆਪਣੇ ਆਪ ਨੂੰ ਵੇਖ ਨਹੀਂ ਸਕਦਾ। ਇਸ ਕਰਕੇ ਮੇਰੀ ਨਿਰਕੱਜਣੀ ਤੇ ਨਗਨਤਾ ਨੂੰ ਮਾੜਾ ਚੰਗਾ ਕਹਿਣ ਦਾ ਅਧਿਕਾਰ ਸਭਨਾ ਨੂੰ ਸੌਂਪ ਦਿੰਦਾ ਹਾਂ। ਸਥਾਪਤ ਕੀਮਤਾ ਵਿਚ ਬੱਝੇ ਲੋਕਾਂ ਨੂੰ ਸ਼ਾਇਦ ਮੇਰਾ ਹਰ ਸ਼ਬਦ ਮੈਲਾ ਜਾਪੇ, ਪਰ ਮੇਰਾ ਵਿਸ਼ਵਾਸ਼ ਹੈ ਕਿ ਮੈਲੇ ਸ਼ਬਦ ਹੀ ਸਮਾਜਾਂ ਧਰਮਾਂ ਅਤੇ ਕੌਮਾਂ ਦੇ ਛਿੱਦਰੇ ਰਿਵਾਜ਼ਾਂ, ਦੁਰਗੰਧਿਤ ਭਰਮਾਂ ਤੇ ਕੂੜ ਵਿਚਾਰਾਂ ਨੂੰ ਨਿਤਾਰ ਕੇ ਸਵੱਛ ਤੇ ਨਿਰਮਲ ਬਣਾ ਸਕਦੇ ਹਨ"। ਸਪਸ਼ਟ ਹੈ ਕਿ ਸ਼ਿਵ ਕੁਮਾਰ ਕਥਾ ਦੇ ਪੁਨਰਸਿਰਜਣ ਰਾਹੀਂ ਸਮਾਜ-ਸਭਿਆਚਾਰ ਦੇ ਨੇਮਾਂ ਦੇ ਵਿਰੁਧ ਤਰਕ ਨਹੀਂ ਪੇਸ਼ ਕਰਨਾ ਚਾਹੁੰਦਾ। ਉਹ ਤਾਂ ਸਮਾਜ-ਸਭਿਆਚਾਰ ਦੇ ਨੇਮਾਂ ਨੂੰ ਨਿਤਾਰ ਕੇ ਸਵੱਛ ਕਰਨਾ ਚਾਹੁੰਦਾ ਹੈ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਹ ਕਿਹੜੀਆਂ ਸਥਾਪਿਤ ਕੀਮਤਾਂ ਹਨ ਜਿਨ੍ਹਾਂ ਨੂੰ ਇਹ ਰਚਨਾ ਨਵੇਂ ਸਿਰਿਓਂ ਵੇਖਦੀ ਹੈ, ਉਨ੍ਹਾਂ ਨੂੰ 'ਸਵੱਛ' ਕਰਨ ਦੇ ਇਰਾਦੇ ਨਾਲ? ਇਨ੍ਹਾ ਵਿਚੋਂ ਇਕ ਦਾ ਸੰਬੰਧ ਵਿਆਹ ਦੀ ਸੰਸਥਾ ਨਾਲ ਹੈ। ਪ੍ਰਕਿਰਤਕ ਲੋਚਾ ਉਪਰ ਵਿਆਹ ਦੀ ਸੰਸਥਾ ਇਕ ਸਾਂਸਕ੍ਰਿਤਕ ਨੇਮਬਧਤਾ ਹੈ। ਸਮਾਜ ਮਨੁੱਖ ਨੂੰ ਆਪਣੇ ਸਾਜੇ ਨੇਮ ਵਿਚ ਰਹਿ ਕੇ ਲੋਚਾ ਦੀ ਪੂਰਤੀ ਕਰਨ ਦੀ ਸਲਾਹ ਦੇਂਦਾ ਹੈ। ਪਰ, ਜੇ ਲੋਕ ਇਨ੍ਹਾਂ ਨੇਮਾਂ ਦੇ ਘੇਰੇ ਤੋਂ ਬਾਹਰ ਜਾਂਦੇ ਹਨ, ਤਾਂ ਪ੍ਰਸ਼ਨ ਪੈਦਾ ਹੁੰਦਾ ਹੈ ਕਿਉਂ। ਲੂਣਾ ਇਸੇ ਕਿਉਂ ਦਾ ਉਤਰ ਦੇਂਦੀ ਹੈ ਤਾਂ ਜੋ ਇਸ ਵਿਚ ਲੋੜੀਂਦੀ ਤਬਦੀਲੀ ਹੋ ਸਕੇ ਅਤੇ ਫਿਰ ਕਿਸੇ ਨੂੰ ਲੂਣਾ ਵਰਗੀ ਸਥਿਤੀ ਨਾ ਭੋਗਣੀ ਪਵੇ, ਉਸਨੂੰ ਸਮਾਜਕ ਨੇਮ ਦੀ ਲਛਮਣ-ਰੇਖਾ ਪਾਰ ਨਾ ਕਰਨੀ ਪਵੇ। ਇਸ ਦ੍ਰਿਸ਼ਟੀ ਤੋਂ 'ਲੂਣਾ' ਸਮਾਜ ਵਿਰੋਧੀ ਨਹੀਂ ਸਮਾਜਕ ਨੇਮਾ ਦਾ ਪੱਖ ਪੂਰਦੀ ਹੋਈ ਔਰਤ ਹੈ।

ਲੂਣਾ ਦਾ ਸਾਲਵਾਹਨ ਨਾਲ ਵਿਆਹੇ ਹੋਣ ਦੇ ਬਾਵਜੂਦ ਪੂਰਨ ਵਲ ਆਕਰਸ਼ਿਤ ਹੋਣਾ ਕੀ ਅਵੈਧ ਹੈ? ਇਹ ਇਕ ਹੋਰ ਪ੍ਰਸ਼ਨ ਹੈ ਜਿਸਦਾ ਉਤਰ ਸ਼ਿਵ ਦੀ ਕਾਵਿ-ਰਚਨਾ ਦੇਂਦੀ ਪ੍ਰਤੀਤ ਹੁੰਦੀ ਹੈ। ਸਾਲਵਾਹਨ ਨਾਲ ਲੂਣਾ ਦਾ ਵਿਆਹ ਹੀ ਨਹੀਂ ਹੋਇਆ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਬੇਚਾਰੀ .
ਦੇਹ-ਹੀਣ, ਦੂਸ਼ਿਤ ਨਾਰੀ ਹੈ
ਪਰਨਾਈ ਹੈ,
ਫਿਰ ਵੀ ਕੰਜ ਕੁਆਰੀ ਹੈ

ਅਤੇ ਜੇ ਉਸਦਾ ਵਿਆਹ ਹੀ ਨਹੀਂ ਹੋਇਆ, ਕਿਉਂਕਿ ਪਰਨਾਈ ਜਾਣ ਦੇ ਬਾਵਜੂਦ ਉਹ 'ਕੰਜ ਕੁਆਰੀ' ਹੈ ਤਾਂ ਫਿਰ ਪੂਰਨ ਵਲ ਉਸਦਾ ਆਕਰਸ਼ਣ ਅਵੈਧ ਕਿਵੇਂ? ਅਵੈਧ ਕਾਮ-ਸੰਬੰਧ ਜਾਂ ਵਰਜਿਤ ਭੋਗ ਇਕ ਵਿਸ਼ੇਸ ਸਮਾਜਿਕ ਸਥਿਤੀ-ਬਿੰਦੂ ਉਪਰ ਖਲੋ ਕੇ ਔਰਤ-ਮਰਦ ਦੇ ਸੰਬੰਧਾਂ ਨੂੰ ਵੇਖਣ ਨਾਲ ਸੰਬੰਧਿਤ ਹੈ। ਸਮਾਜ ਸਾਡੇ ਵਿਹਾਰ ਨੂੰ ਸੀਮਾਬੱਧ ਕਰਦਾ ਹੈ। ਪਰ ਇਸ ਰਚਨਾ ਦਾ ਸੰਦੇਸ਼ ਹੈ ਕਿ ਸੀਮਾਬੱਧਤਾ ਸਿਰਫ ਬਾਹਰੀ ਸੰਬੰਧਾਂ ਦਾ ਹੀ ਫਲ ਨਹੀਂ ਹੋਣੀ ਚਾਹੀਦੀ ਮਾਨਸਿਕ ਸੰਬੰਧਾਂ ਤੋਂ ਵੀ ਪ੍ਰਭਾਵਿਤ ਹੋਣੀ ਚਾਹੀਦੀ ਹੈ। ਲੂਣਾ ਤਾਂ ਵਿਆਹ ਤੋਂ ਪਹਿਲਾਂ ਹੀ ਇਸ ਵਿਆਹ ਲਈ ਮਾਨਸਿਕ ਤੌਰ ਤੇ ਤਿਆਰ ਨਹੀਂ:

ਬੇਸ਼ਕ ਚੰਬਾ, ਚੰਬਾ
ਪਰ ਕੁਮਲਾਇਆ ਮੰਦਾ
ਮਹਿਕ ਨਿਖੁੱਟੇ ਚੰਬੇ ਤੋਂ
ਵਣ ਗੇਂਦਾ ਚੰਗਾ
ਬਿਨਾ ਹਾਣ, ਜਿਸਮਾਂ ਦਾ ਪਾਣੀ
ਬਣੇ ਨਾ ਗੰਗਾ,
ਅਧ-ਅੰਗੇ ਤੋਂ ਚੰਗਾ ਨੀ
ਮੈਨੂੰ ਭਿੱਟ ਅੰਗਾ
ਮੈਨੂੰ ਭਿੱਟ-ਅੰਗੀ ਨੂੰ,
ਭਿੱਟ ਅੰਗਾ ਵਰ ਦੇਵੇ।

ਅਤੇ ਇਹੋ ਲੂਣਾ ਬਾਦ ਵਿਚ ਕਹਿੰਦੀ ਹੈ -

ਲੂਣਾ ਹੋਵੇ ਤਾਂ ਅਪਰਾਧਣ
ਜੇਕਰ ਅੰਦਰੋਂ ਹੋਏ ਸੁਹਾਗਣ
ਮਹਿਕ ਉਹਦੀ ਜੇ ਹੋਏ ਦਾਗਣ
ਮਹਿਕ ਮੇਰੀ ਤਾਂ ਕੰਜਕ ਮੈਂ ਹੀ ਜਾਣਦੀ

ਇਨ੍ਹਾਂ ਬੋਲਾਂ ਵਾਲੀ ਔਰਤ ਆਧੁਨਿਕ ਆਜ਼ਾਦ ਖਿਆਲ ਔਰਤ ਨਹੀਂ ਹੋ ਸਕਦੀ। ਉਹ ਸੰਸਕ੍ਰਿਤੀ ਦੀ ਵਿਰੋਧੀ ਨਹੀਂ। ਸੰਸਕ੍ਰਿਤੀ ਦੀ ਪਾਲਣਾ ਕਰਦੀ ਹੋਈ ਆਪਣੀ ਪ੍ਰਾਕਿਰਤਕ ਲੋਚਾ ਦੀ ਵੀ ਪੂਰਤੀ ਚਾਹੁੰਦੀ ਹੈ। ਇਹ ਤਾਂ ਪਰੰਪਰਾ ਵਿਚ ਬੱਝੀ ਹੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਔਰਤ ਹੈ ਅਤੇ ਜੋ ਉਹ ਵਿਹਾਰ ਕਰਦੀ ਹੈ, ਉਹ ਸਥਿਤੀਆ ਦੀ ਅਤੇ ਪ੍ਰਾਕਿਰਤਕ ਲੋੜਾਂ ਦੀ ਮਜਬੂਰੀ ਹੈ। ਇਸ ਪ੍ਰਕਾਰ ਦੀ ਔਰਤ ਨੂੰ ਆਧੁਨਿਕ ਕ੍ਰਾਂਤੀਕਾਰੀ ਔਰਤ ਕਹਿਣਾ ਗਲਤ ਹੈ।

ਇਸ ਲੂਣਾ ਦਾ ਅਤੇ ਉਸ ਸ਼ੀਸ਼ੋ ਦਾ ਵਿਹਾਰ ਲਗਭਗ ਇਕੋ ਹੈ। ਸ਼ੀਸੋ ਵੀ ਇਸ ਪ੍ਰਕਾਰ ਦੀਆਂ ਸਥਿਤੀਆਂ ਦਾ ਵਿਰੋਧ ਕਰਦੀ ਹੈ, ਪਰ ਮਾਨਸਿਕ ਤੌਰ ਤੇ। ਅਤੇ ਲੂਣਾ ਵਿਚ ਉਸਦੀ ਇਸ ਮਾਨਸਿਕਤਾ ਨੂੰ ਬੋਲ ਦੇ ਦਿੱਤੇ ਗਏ ਹਨ। ਇਨ੍ਹਾਂ ਬੋਲਾਂ ਦੇ ਆਧਾਰ ਉਪਰ ਹੀ ਅਸੀਂ ਕਈ ਵਾਰ ਲੂਣਾ ਦੇ ਚਰਿਤ੍ਰ ਨੂੰ ਸੰਸਕ੍ਰਿਤੀ ਦੇ ਵਿਰੋਧ ਵਾਲੇ ਚਰਿਤ੍ਰ ਦਾ ਨਾਮ ਦੇ ਦਿੰਦੇ ਹਾਂ।

ਮੇਰੀ ਦ੍ਰਿਸ਼ਟੀ ਵਿਚ ਲੂਣਾ ਜਾਂ ਸ਼ੀਸ਼ੋਂ ਦੀ ਸਮੱਸਿਆ ਔਰਤ-ਮਰਦ ਦੇ ਪ੍ਰਕਿਰਤਕ ਜਾਂ ਸਾਸਕ੍ਰਿਤਕ ਸੰਬੰਧਾਂ ਅਤੇ ਵਿਹਾਰ ਦੀ ਸਮੱਸਿਆ ਹੀ ਨਹੀਂ ਅਤੇ ਨਾ ਹੀ ਇਹ ਸੰਸਕ੍ਰਿਤਕ ਨੇਮਾਂ ਜਾਂ ਸੰਸਥਾਵਾਂ ਦੇ ਵਿਰੋਧ ਦੀ ਸਮੱਸਿਆ ਹੈ। ਇਸ ਦੀ ਸਮੱਸਿਆ ਤਾਂ ਸਾਮੰਤੀ ਪ੍ਰਬੰਧ ਵਿਚ ਸੋਸ਼ਿਤ ਦੇ ਸ਼ੋਸ਼ਣ ਦੀ ਸਮੱਸਿਆ ਹੈ। ਔਰਤ ਇਸ ਸਮੱਸਿਆ ਦੀ ਪੇਸ਼ਕਾਰੀ ਵਿਚ ਸਿਰਫ਼ ਇਕ ਮਾਧਿਅਮ ਬਣਦੀ ਹੈ, ਬਸ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰਿਭਜਨ ਸਿੰਘ ਕਾਵਿ-ਅਧਿਐਨ

ਇਸ ਨਿਬੰਧ ਵਿਚ ਸਾਡੇ ਅਧਿਐਨ ਦੀ ਵਸਤੂ ਡਾ. ਹਰਿਭਜਨ ਸਿੰਘ ਦੀ ਕਵਿਤਾ ਹੈ। ਕਾਵਿ-ਪਾਠ ਦੇ ਇਸ ਅਧਿਐਨ ਰਾਹੀਂ ਅਸੀਂ ਕਵੀ ਦੇ ਵਿਲੱਖਣ ਕਾਵਿ-ਸੰਸਾਰ ਦੀ ਪਛਾਣ ਕਰਨ ਵਲ ਰੁਚਿਤ ਹਾਂ। ਕਾਵਿ-ਸੰਸਾਰ ਇਕ ਵਿਸ਼ੇਸ਼ ਵਿਲੱਖਣ ਸੰਸਾਰ ਹੈ ਅਤੇ ਇਸਦਾ ਸੰਬੰਧ ਇਕ ਵਿਸ਼ੇਸ਼ ਗਿਆਨ-ਖੇਤਰ ਨਾਲ ਹੈ। ਇਹ ਉਹ ਗਿਆਨ ਅਨੁਸ਼ਾਸਨ ਹੈ, ਜਿਸਦਾ ਆਧਾਰ ਸਾਡੀ ਜਾਣੀ ਪਛਾਣੀ ਤਾਰਕਿਕਤਾ ਨਹੀਂ। ਇਹੋ ਕਾਰਣ ਹੈ ਕਿ ਜਾਣੇ ਪਛਾਣੇ ਤਾਰਕਿਕ ਗਿਆਨ ਦੇ ਅਭਿਆਸੀ, ਅੱਜ ਦੇ ਵਿਅਕਤੀ, ਨੂੰ ਬਹੁਤੀ ਕਵਿਤਾ ਅਤੇ ਵਿਸ਼ੇਸ਼ ਕਰਕੇ ਬਹੁਤੀ 'ਆਧੁਨਿਕ' ਕਵਿਤਾ ਕਠਿਨ ਪ੍ਰਤੀਤ ਹੁੰਦੀ ਹੈ। ਪਰਿਣਾਮ ਸਰੂਪ ਸਾਧਾਰਣ ਪਾਠਕ ਹੀ ਨਹੀਂ ਕਈ ਵਿਦਵਾਨ ਵੀ ਇਸ ਮਤ ਦੇ ਹਾਮੀ ਹਨ ਕਿ 'ਆਧੁਨਿਕ' ਕਵਿਤਾ ਨੂੰ ਉਸ ਪਰੰਪਰਾਗਤ ਕਵਿਤਾ ਵਲ ਮੋੜਾ ਪਾ ਲੈਣਾ ਚਾਹੀਦਾ ਹੈ, ਜਿਸ ਵਿਚ ਕਵੀ ਜੋ ਕਹਿੰਦਾ ਸੀ, ਉਹੀ ਉਸਦਾ ਅਰਥ ਹੁੰਦਾ ਸੀ। ਕਲੀਂਥ ਬਰੁਕਸ ਦਾ ਵਿਚਾਰ ਹੈ ਕਿ ਆਧੁਨਿਕ ਕਵਿਤਾ ਵੀ ਉਹੀ ਕੁਝ ਸੰਚਰਿਤ ਕਰਦੀ ਹੈ ਜੋ ਕੁਝ ਕੋਈ ਵੀ ਹੋਰ ਕਵਿਤਾ ਸੰਚਰਿਤ ਕਰਦੀ ਹੈ! ਸਮੱਸਿਆ ਸੰਚਰਿਤ ਵਸਤੂ ਦੀ ਨਹੀਂ, ਸੰਚਰਿਤ ਵਸਤੂ ਦੀ ਕਵੀ ਦੁਆਰਾ ਪ੍ਰਾਸੰਗਿਕ ਸਵੀਕ੍ਰਿਤੀ/ ਅਸਵੀਕ੍ਰਿਤੀ ਦੀ ਹੈ। ਪ੍ਰਸ਼ਨ ਪੈਦਾ ਹੋ ਸਕਦਾ ਹੈ ਕਿ ਕਵਿਤਾ 'ਆਪਣੇ ਪਿੰਡੇ ਤੋਂ ਬਾਹਰ' ਕੀ ਕਹਿੰਦੀ ਹੈ ਅਤੇ ਕਿਵੇਂ ਕਹਿੰਦੀ ਹੈ? ਕਿਵੇਂ ਦਾ ਉਤਰ ਤਾ ਬਾਅਦ ਵਿਚ ਦਿੱਤਾ ਜਾਵੇਗਾ, ਪਰ ਜਿਥੋਂ ਤਕ ਕੀ ਕਹਿੰਦੀ ਦਾ ਪ੍ਰਸ਼ਨ ਹੈ, ਉੱਤਰ ਕੋਈ ਮੁਸ਼ਕਲ ਨਹੀਂ। ਇਹ ਕਵਿਤਾ ਅਵੈਧ ਜਾਂ ਅਨੁਚਿਤ ਸੰਤਾਨ ਦੀ ਸਮੱਸਿਆ ਨਾਲ ਸੰਬੰਧਿਤ ਹੈ। ਇਸੇ ਸਮੱਸਿਆ ਨਾਲ ਸੰਬੰਧਿਤ ਪੰਜਾਬੀ ਦੀ ਇਕ ਹੋਰ ਪ੍ਰਸਿੱਧ, ਪਰ ਉਪਰ ਸੰਕੇਤਕ ਪਰੰਪਰਾਗਤ ਸ਼ੈਲੀ ਵਿਚ ਲਿਖੀ ਕਵਿਤਾ ਵੀ ਹੈ - 'ਮੇਰੀ ਮਾਂ ਦੀ ਕੁੱਖ ਮਜਬੂਰ ਸੀ।' ਇਨ੍ਹਾਂ ਦੋਹਾਂ ਕਵਿਤਾਵਾਂ ਨੂੰ ਪੜ੍ਹਨ ਵਾਲਾ ਪਾਠਕ ਇਨ੍ਹਾਂ ਦੋਹਾਂ ਦੀ ਸੰਚਰਿਤ ਵਸਤੂ ਵਿਚਾਲੇ ਅੰਤਰ ਸੰਬੰਧੀ ਆਭਾਸ ਪ੍ਰਾਪਤ ਕਰ ਸਕਦਾ ਹੈ। ਇਸੇ ਅੰਤਰ ਦੀ ਪਛਾਣ ਵਿਚ ਹੀ 'ਆਪਣੇ ਪਿੰਡੇ ਤੋਂ ਬਾਹਰ' ਦੇ ਸਿਸਟਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਪਛਾਣ ਦਾ ਭੇਤ ਲੁਕਿਆ ਹੋਇਆ ਹੈ। ਇਸੇ ਸਿਸਟਮ ਦੀ ਪਛਾਣ ਸਾਡੇ ਇਸ ਹਥਲੇ ਨਿਬੰਧ ਦਾ ਮਨੋਰਥ ਹੈ।

'ਆਪਣੇ ਪਿੰਡੇ ਤੋਂ ਬਾਹਰ' ਕਵਿਤਾ ਬਾਰੇ ਕੋਈ ਵੀ ਗੱਲ ਕਰਨ ਤੋਂ ਪਹਿਲਾਂ ਇਸ ਦੇ ਪਾਠ-ਅਧਿਐਨ ਰਾਹੀਂ ਅਸੀਂ ਇਸ ਨਾਲ ਸਾਂਝ ਸਥਾਪਿਤ ਕਰਦੇ ਹਾਂ। ਇਸ ਕਵਿਤਾ ਦਾ ਆਰੰਭ ਇਕ ਵਸਤੂ ਸਥਿਤੀ ਤੋਂ ਹੁੰਦਾ ਹੈ। ਨਾਇਕਾ ਗੂੜ੍ਹੀ ਕਾਲੀ ਰਾਤ ਵਿਚ ਧੁਰ ਕੋਠੇ ਇਕੱਲੀ ਬੈਠੀ ਹੈ. ਇਹੀ ਨਾਇਕਾ ਇਸ ਕਵਿਤਾ ਦੀ ਵਕਤਾ ਵੀ ਹੈ। ਕਵਿਤਾ ਰਾਤ ਦੇ ਵਿਵਰਣ ਤੋਂ ਆਰੰਭ ਹੁੰਦੀ ਹੈ। ਨਾਇਕਾ ਸਮੇਂ ਨਾਲ ਜਾਣ-ਪਛਾਣ ਇਕ ਰੂਪਕ ਰਾਹੀਂ ਕਰਵਾਉਂਦੀ ਹੈ। ਨਾਇਕਾ ਜਿਸ ਰੂਪਕ ਨਾਲ ਸਮੇਂ ਨੂੰ ਬਿਆਨ ਕਰਦੀ ਹੈ, ਉਸ ਵਿਚ ਉਸਦਾ ਪੂਰਬ-ਅਨੁਭਵ ਸ਼ਾਮਿਲ ਹੈ। ਇਹ ਰਾਤ ਦੇ ਬਾਰੇ ਆਮ ਕਥਨ ਨਹੀਂ। ਰਾਤ ਗੂੜ੍ਹੀ ਹੈ, ਕਾਲੀ ਹੈ ਅਤੇ ਖਾਮੋਸ਼ ਵੀ, ਗੂੜ੍ਹ ਪਿਆਰ ਦੇ ਵਾਅਦੇ ਜਿਹੀ। ਗੂੜ੍ਹਾ ਕਾਲਾਪਨ ਅਤੇ ਖਾਮੋਸ਼ੀ ਨਾਇਕਾ ਦੇ ਹੰਡਾਏ ਹੋਏ ਪਿਆਰ ਦੀ ਗਹਿਰਾਈ ਅਤੇ ਅਸੁਖਾਵੇਂ ਅਨੁਭਵ ਵਲ ਸੰਕੇਤ ਕਰਦੇ ਜਾਪਦੇ ਹਨ। ਇਹ ਸਥਿਤੀ ਇਨ੍ਹਾਂ ਬੋਲਾਂ ਨੂੰ ਇਕ ਵਿਸ਼ੇਸ਼ ਅਰਥ-ਦਿਸ਼ਾ ਪ੍ਰਦਾਨ ਕਰਦੀ ਹੈ। ਨਾਇਕਾ ਹੰਢਾਏ ਹੋਏ ਪਿਆਰ ਦੀਆਂ ਯਾਦਾਂ ਵਿਚ ਗੁਆਚੀ ਹੋਈ ਪ੍ਰਤੀਤ ਹੁੰਦੀ ਹੈ। ਰਾਤ ਦੀ ਰੂਪਕੀ ਵਿਆਖਿਆ ਉਸਦੇ ਮਨ ਵਿਚ ਮੌਜੂਦ ਇਕ ਵਿਸ਼ੇਸ਼ ਭਾਵ ਵਲ ਸੰਕੇਤ ਕਰਦੀ ਹੈ। ਗੂੜ੍ਹੀ ਰਾਤ, ਨਾਇਕਾ ਧੁਰ ਕੋਠੇ ਇਕੱਲੀ ਅਤੇ ਪਿੰਡ ਦੇ ਬਾਹਰ ਬਲ ਰਿਹਾ ਸਿਵਾ (ਸ਼ਾਇਦ) ਇਹ ਨਾਇਕਾ ਵਿਚ ਉਤਪੰਨ ਹੋਏ, ਕਿਸੇ ਗੂੜ੍ਹੇ ਪਿਆਰ ਦੇ ਵਾਅਦੇ ਨਾਲ ਸੰਬੰਧਿਤ ਭਾਵਾਂ ਦੇ ਉਦੀਪਨ ਵਾਂਗ ਪੇਸ਼ ਹੋਏ ਹਨ। ਨਾਇਕਾ ਦੀ ਭਾਵ-ਉਦੀਪਨ ਸਥਿਤੀ ਹੀ 'ਪਿੰਡੇ ਤੋਂ ਬਾਹਰ ਆਣ' ਦੀ ਸਥਿਤੀ ਹੈ। ਮੈਂ ਰਸ-ਸਿਧਾਂਤ ਤੋਂ ਲਈ ਸੰਕੇਤਾਵਲੀ ਨੂੰ ਬਹੁਤ ਅਗੇ ਨਹੀਂ ਲਿਜਾਣਾ ਚਾਹਵਾਂਗਾ, ਪਰ ਸਪਸ਼ਟ ਹੈ ਕਿ ਸਾਡਾ ਕਵੀ ਕਵਿਤਾ ਦਾ ਆਰੰਭ ਬੜੀ ਭਾਵ-ਭਰਪੂਰ ਸਥਿਤੀ ਤੋਂ ਕਰਦਾ ਹੈ। ਇਸ ਸਥਿਤੀ ਦਾ ਆਰੰਭ-ਬਿੰਦੂ ਬੇਸ਼ਕ 'ਰਤੀ' ਹੈ, ਪਰ ਬਹੁਤ ਛੇਤੀ ਇਸ ਕਵਿਤਾ ਦੀ ਭਾਵ-ਦਿਸ਼ਾ ਮਮਤਾ ਵਲ ਮੋੜਾ ਪਾ ਲੈਂਦੀ ਹੈ ਅਤੇ ਬਾਕੀ ਦੀ ਸਾਰੀ ਕਵਿਤਾ ਮਮਤਾ ਭਰਪੂਰ ਭਾਵ-ਸਥਿਤੀ ਦੇ ਬਿੰਦੂ ਉਪਰ ਬੈਠੀ ਨਾਇਕਾ ਵਲੋਂ ਸਵੈ-ਅਲਾਪ ਹੈ। ਕਿਤੇ ਕਿਤੇ ਪ੍ਰਤੀਤ ਹੁੰਦਾ ਹੈ, ਜਿਵੇਂ ਸਵੈ-ਅਲਾਪ ਵਾਰਤਾਲਾਪ ਦਾ ਰੂਪ ਧਾਰਣ ਕਰ ਰਿਹਾ ਹੋਵੇ। ਉਦਾਹਰਣ ਲਈ ਜਦੋਂ 'ਨਿਆਣੀ ਅੱਗ' ਬੋਲਦੀ ਪ੍ਰਤੀਤ ਹੁੰਦੀ ਹੈ। ਪਰ, ਇਹ ਵੀ ਸਵੈ-ਅਲਾਪ ਦੀ ਹੀ ਸਥਿਤੀ ਹੈ। ਹਾਜ਼ਰ ਕੇਵਲ ਨਾਇਕਾ ਹੈ, ਬਾਕੀ ਉਸਦੀ ਕਲਪਨਾ ਹੈ। ਪਰ, ਇਥੇ ਇਸ ਤੱਥ ਵਲ ਵੀ ਸੰਕੇਤ ਕਰ ਦੇਣਾ ਬਣਦਾ ਹੈ ਕਿ ਕਵਿਤਾ ਦੀ ਸਾਰੀ ਸਥਿਤੀ ਬੇਸ਼ਕ ਭਾਵੁਕ ਹੈ, ਪਰ ਕਵੀ ਇਸ ਭਾਵੁਕ ਸਥਿਤੀ ਨਾਲ ਭਾਵੁਕ ਸਾਂਝ ਨਹੀਂ ਪਾਉਂਦਾ। ਇਸ ਸੰਬੰਧੀ ਕੁਝ ਵਿਸਥਾਰ ਨਾਲ ਅਸੀਂ ਅੱਗੇ ਨਾਲ ਕਰਾਂਗੇ।

ਨਾਇਕਾ ਲਈ ਵਸਤੂ-ਸੰਸਾਰ ਵਿਚ ਰਹਿਣਾ ਪਿੰਡੇ ਵਿਚ ਰਹਿਣਾ ਹੈ ਅਤੇ ਵਸਤੂ ਸੰਸਾਰ ਤੋਂ ਬਾਹਰ ਕਲਪਨਾ ਸੰਸਾਰ ਵਿਚ ਵਿਚਰਨਾ ਆਪਣੇ 'ਪਿੰਡੇ ਤੋਂ ਬਾਹਰ ਆਣ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੈਠਣਾ ਹੈ। ਨਾਇਕਾ ਵੀ ਇਸੇ ਵਸਤੂ-ਸੰਸਾਰ ਤੋਂ ਕਲਪਨਾ ਸੰਸਾਰ ਵਿਚ ਪ੍ਰਵੇਸ਼ ਕਰਦੀ ਹੈ। ਇਸ ਸੰਸਾਰ ਵਿਚ ਪ੍ਰਵੇਸ ਪਿੰਡ ਤੋਂ ਬਾਹਰ ਬਲ ਰਹੀ ਅੱਗ (ਸ਼ਾਇਦ ਸਿਵਾ ਹੈ) ਦੇ ਮਾਧਿਅਮ ਰਾਹੀ ਹੁੰਦਾ ਹੈ। ਨਾਇਕਾ ਉਸ ਸਿਵੇ ਨਾਲ ਆਪਣਾ ਕੋਈ ਸੰਬੰਧ ਸਥਾਪਿਤ ਕਰਦੀ ਹੈ। ਉਹ ਸਿਵਾ ਕਿਸੇ ਅਵੈਧ ਬੱਚੇ ਦਾ ਹੈ ਅਤੇ ਨਾਇਕਾ ਉਸਦੀ ਮਾਂ ਹੈ। ਨਾਇਕਾ ਇਸ ਅਵੈਧ ਬੱਚੇ ਦੀ ਸੰਭਾਵਿਤ ਮਾਂ ਵੀ ਹੋ ਸਕਦੀ ਹੈ। ਇਹ ਉਹ ਮਾਂ ਵੀ ਹੋ ਸਕਦੀ ਹੈ, ਜਿਸਨੇ ਅਜਿਹੇ ਬੱਚੇ ਨੂੰ ਜਨਮ ਦਿਤਾ ਹੋਵੇ, ਪਰ ਦੁਨੀਆਂ ਤੋਂ ਚੋਰੀ ਉਸਤੋਂ ਛੁਟਕਾਰਾ ਪਾਇਆ ਹੋਇਆ। ਸਥਿਤੀ ਕੋਈ ਵੀ ਹੋਵੇ, ਪਰ ਇਕ ਗੱਲ ਬੜੀ ਸਪਸ਼ਟ ਹੈ, ਕਵਿਤਾ ਅਵੈਧ ਬੱਚੇ ਦੀ ਹੋਣੀ ਅਤੇ ਉਸਦੀ ਮਾਂ ਦੀ ਮਾਨਸਿਕਤਾ ਨੂੰ ਪੇਸ਼ ਕਰਨ ਵਲ ਰੁਚਿਤ ਹੈ।

ਤੁਸੀਂ ਪ੍ਰਸ਼ਨ ਕਰ ਸਕਦੇ ਹੋ ਕਿ 'ਨਿਆਣੀ ਅੱਗ' ਨੂੰ ਮੈਂ ਅਵੈਧ ਬੱਚੇ ਦੇ ਅਰਥਾਂ ਵਿਚ ਕਿਵੇਂ ਲਿਆ। ਕਵਿਤਾ ਦਾ ਵਿਸਤਾਰ ਇਕ ਤਰ੍ਹਾਂ ਨਾਲ ਸਪਸ਼ਟੀਕਰਣ ਦੀ ਪ੍ਰਕਿਰਿਆ ਹੈ। ਨਾਇਕਾ ਨਿਆਣੀ ਅੱਗ ਨਾਲ ਆਪਣਾ ਨਾਤਾ ਸਥਾਪਤ ਕਰਦੀ ਹੈ। ਨਿਆਣੀ ਅੱਗ ਅਤੇ ਨਾਇਕਾ ਵਿਚਕਾਰ ਇਕ ਫ਼ਾਸਲਾ ਹੈ (ਸ਼ਾਇਦ ਸਮਾਜਕ ਮਨਾਹੀਆਂ ਕਾਰਣ) ਪਰ ਇਨ੍ਹਾਂ ਵਿਚਾਲੇ ਇਕ ਸਾਂਝ ਵੀ ਹੈ (ਨਿਆਣੀ ਅੱਗ ਵੀ ਨਾਇਕਾ ਵਾਂਗ 'ਆਪਣੇ ਪਿੰਡੇ ਤੋਂ ਬਾਹਰ ਰੋਸ਼ਨ ਹੈ')। ਨਿਆਣੀ ਅੱਗ ਪਿੰਡੇ ਤੋਂ ਬਾਹਰ ਆ ਆਪਣਾ ਰੂਪ ਵਟਾ ਲੈਂਦੀ ਹੈ। ਉਹ ਮਾਨਵੀ ਹੋਂਦ ਧਾਰਣ ਕਰਦੀ ਹੈ ਅਤੇ ਪਿੰਡ ਵਲ ਦੀ ਯਾਤਰਾ ਸ਼ੁਰੂ ਕਰਦੀ ਹੈ। ਉਹ ਪਿੰਡ ਵਿਚ ਪ੍ਰਵੇਸ਼ ਕਰਦੀ ਹੈ ਪਰ ਕੋਈ ਵੀ ਉਸ ਨਾਲ ਕੋਈ ਭਾਵ ਸਥਾਪਤ ਨਹੀਂ ਕਰਦਾ - ਨਾ ਮੁਹੱਬਤ ਦਾ, ਨਾ ਨਫ਼ਰਤ ਦਾ :

ਕੋਈ ਇਸ ਅੱਗ ਨੂੰ ਨਾ ਸੇਕਦਾ ਹੈ ਨਾ ਬੁਝਾਉਂਦਾ ਹੈ
ਰਸਤੇ ਵਿਚ ਕਿਸੇ ਨੇ ਰੋਕਿਆ ਤਕ ਵੀ ਨਹੀਂ

ਅੱਗ ਨੂੰ 'ਨਾ ਸੇਕਣਾ', 'ਨਾ ਬੁਝਾਉਣਾ' 'ਨਾ ਰੋਕਣਾ' ਸਭ ਭਾਵਕ ਸੰਬੰਧਾਂ ਦੀ ਅਣਹੋਂਦ ਵਲ ਹੀ ਸੰਕੇਤ ਕਰਦੇ ਸ਼ਬਦ ਹਨ। ਨਿਆਣੀ ਅੱਗ ਦੇ ਨਾਇਕਾ ਇਹ ਬੋਲ ਇਸ ਗੱਲ ਬਾਰੇ ਕੋਈ ਭੁਲੇਖਾ ਨਹੀਂ ਰਹਿਣ ਦੇਂਦੇ ਕਿ ਉਹ ਜੋ ਵੀ ਸੀ ਅਣਪਛਾਤੀ ਹੀ ਰਹੀ ਸੀ ਅਤੇ ਉਸ ਨੂੰ ਤੇ ਰੋਸ ਹੀ ਇਹੀ ਹੈ ਕਿ ਉਸ ਨੂੰ ਕਿਸੇ ਦੀ ਭਾਵੁਕ ਸਵੀਕ੍ਰਿਤੀ ਪ੍ਰਾਪਤ ਨਹੀਂ ਹੋਈ :

ਮੇਰੀ ਖ਼ਾਤਰ ਨਾ ਕੋਈ ਸਿਸਕਿਆ
ਨਾ ਹਿਚਕਿਆ, ਨਾ ਡੁਸਕਿਆ
ਕੋਈ ਇਕ ਵੈਣ ਤਾਂ ਪਾਵੇ
ਕਿ ਮੈਂ ਸੁਖ ਸ਼ਾਨਤੀ ਦੇ ਨਾਲ ਠੰਡੀ ਹੋ ਸਕਾ

ਪਰ, ਕੋਈ ਵੀ ਉਸ ਨੂੰ ਹੁੰਗਾਰਾ ਨਹੀਂ ਦੇਂਦਾ '[illegible] ਰੂਪ' ਹੋਣ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਵਜੂਦ ਹੁੰਗਾਰੇ ਦੀ ਗੈਰਹਾਜ਼ਰੀ ਉਸਦੀ ਅਵੈਧਤਾ ਵਲ ਹੀ ਸੰਕੇਤ ਕਰਦੀ ਹੈ ਅਤੇ ਅਗਲੀਆਂ ਸਤਰਾਂ ਉਸਦੇ ਬੱਚੇ ਹੋਣ ਬਾਰੇ ਵੀ ਕੋਈ ਭਰਮ ਨਹੀਂ ਰਹਿਣ ਦੇਂਦੀਆਂ:

ਗਲੀ ਦੇ ਮੋੜ ਉੱਪਰ ਇਕ ਪੰਘੂੜਾ ਸੱਖਣਾ
ਆਪੇ ਹਵਾ ਵਿਚ ਝੂਲਦਾ ਹੈ
ਇਬਾਰਤ ਦਰਜ ਹੈ ਦੀਵਾਰ 'ਤੇ
ਇਜਾਜ਼ਤ ਤੋਂ ਬਿਨਾ ਚੜ੍ਹਨਾ ਮਨ੍ਹਾ ਹੈ

ਸਪਸ਼ਟ ਹੈ ਕਿ ਨਿਆਣੀ ਅਗ ਪੰਘੂੜੇ ਦੇ ਹਾਣ ਦੀ ਹੈ ਪਰ ਉਸ ਦੇ ਉਸ ਪੰਘੂੜੇ ਉਪਰ ਚੜ੍ਹਨ ਦੀ ਮਨਾਹੀ ਬਾਰੇ 'ਇਬਾਰਤ ਦਰਜ' ਹੈ। ਉਹ ਪੰਘੂੜੇ ਦੇ ਹਾਣ ਦਾ ਹੈ, ਪੰਘੂੜਾ ਸੱਖਣਾ ਵੀ ਹੈ, ਉਸਨੂੰ ਉਸ ਜਹੇ ਕਿਸੇ ਹਾਣੀ ਦੀ ਲੋੜ ਵੀ ਹੈ, ਪਰ ਇਹ ਬੱਚਾ ਕਿਉਂ ਨਹੀਂ, ਉਸ ਵਿਚ ਚੜ੍ਹ ਸਕਦਾ? ਅਸੀਂ ਕਵਿਤਾ ਦੇ ਇਸ ਤੋਂ ਪਹਿਲੇ ਪਾਠ ਵਲ ਫਿਰ ਮੁੜਦੇ ਹਾਂ ਤਾਂ ਉਸਦੀ ਅਵੈਧਤਾ ਬਾਰੇ ਨਿਸ਼ਚਾ ਹੋ ਜਾਂਦਾ ਹੈ। ਉਹ ਪੰਘੂੜਾ ਖਾਲੀ ਤੇ ਹੈ ਪਰ ਉਸ ਵਿਚ ਚੜ੍ਹਨ ਦੀ ਇਜਾਜ਼ਤ ਸਿਰਫ ਉਸਨੂੰ ਮਿਲੇਗੀ ਜਿਸਨੂੰ ਸਮਾਜਕ ਪ੍ਰਵਾਨਗੀ ਪ੍ਰਾਪਤ ਹੋਵੇਗੀ।

ਪਿੰਡ ਦੇ ਸਭ ਘਰਾਂ ਦੇ 'ਬੱਜਰ ਬੰਦ' ਬੂਹਿਆਂ ਉਪਰ ਆਪਣੀ ਪਛਾਣ ਲਈ, ਕਿਸੇ ਆਪਣੇ ਦੀ ਤਲਾਸ਼ ਲਈ 'ਚੀਖਦੀ ਚਿੰਗਾੜਦੀ ਅੱਗ' ਅੰਤ ਨਾਇਕਾ ਦੇ ਘਰ ਅੱਗੇ ਪਹੁੰਚਦੀ ਹੈ। ਇਸ ਘਰ ਦੇ ਵੀ 'ਦਰਵਾਜ਼ੇ ਬੱਜਰ ਬੰਦ' ਹਨ। ਪਰ, ਅੱਗ ਬੱਜਰ ਬੰਦ ਦਰਵਾਜ਼ੇ ਵੀ ਟੱਪ ਕੇ ਏਥੇ 'ਧੁਰ ਕੋਠੇ' ਇਕੱਲੀ ਬੈਠੀ ਨਾਇਕਾ ਦੇ ਰੂਬਰੂ ਜਾ ਖੜੀ ਹੁੰਦੀ ਹੈ ਅਤੇ ਉਸਨੂੰ ਸੰਬੋਧਿਤ ਹੈ :

ਅਸੀਂ ਦੋਵੇਂ ਹੀ ਆਪਣੇ ਪਿੰਡਿਆਂ ਤੋਂ ਬਾਹਰ
ਕਿਸੇ ਨੂੰ ਭਾਲਦੇ ਹਾਂ
ਮੇਰੀ ਮਾਂ ਗੁੰਮ ਗਈ, ਮੁਖੜਾ ਦਿਖਾਏ ਬਾਝ
ਤੇਰਾ ਕੀ ਗੁੰਮ ਗਿਆ ਹੈ?

ਉਸਦੇ ਇਸ ਪ੍ਰਸ਼ਨ ਦਾ ਉੱਤਰ ਕੇਵਲ ਏਨਾ ਹੈ ਕਿ ਨਾਇਕਾ ਰੋ ਪੈਂਦੀ ਹੈ। ਇਹ ਨਾਇਕਾ ਦੇ ਉਸ ਅਵੈਧ ਬੱਚੇ ਪ੍ਰਤੀ ਭਾਵੁਕ ਸਾਂਝ ਦਾ ਪ੍ਰਗਟਾਵਾ ਹੈ। ਨਿਆਣੀ ਅੱਗ ਨੂੰ ਮਾਂ ਦੀ ਤਲਾਸ਼ ਸੀ - ਆਪਣੇ ਪ੍ਰਤੀ ਇਸ ਸਮਾਜ ਦੀ ਬੱਜਰਤਾ ਦੇ ਮੁਕਾਬਲੇ ਉਸ ਜੀਵ ਦੀ ਤਲਾਸ਼ ਸੀ ਜਿਹੜਾ ਉਸ ਲਈ ਰੋ ਸਕੇ। ਕਿਸੇ ਲਈ ਰੋਣਾ ਉਸ ਨੂੰ ਸਵੀਕਾਰ ਕਰਨਾ ਹੈ। ਇਹ ਸਾਰੀ ਕਵਿਤਾ 'ਨਿਆਣੀ ਅੱਗ' ਦੀ ਸਮਾਜਕ ਪ੍ਰਵਾਨਗੀ ਦੀ ਤਲਾਸ਼ ਦੀ ਯਾਤ੍ਰਾ ਸੀ ਅਤੇ ਇਸ ਤਲਾਸ਼ ਦਾ ਆਖ਼ਰੀ ਪੜਾਓ ਨਾਇਕਾ ਬਣਦੀ ਹੈ। ਆਪਣੀ ਕਲਪਨਾ ਵਿਚ ਵੀ ਨਾਇਕਾ ਉਸ ਲਈ ਸਿਰਫ ਕੁਝ ਸਮੇਂ ਲਈ ਰੋ ਸਕਦੀ ਹੈ, ਬਸ। ਵੈਸੇ ਉਸ ਲਈ ਰੋਣਾ ਵੀ ਇਕ ਵਰਜਿਤ ਕਰਮ ਹੈ ਅਤੇ ਸਮਾਜਕ ਵਰਜਣਾ ਦਾ ਖਿਆਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਂਦਿਆਂ ਹੀ ਨਾਇਕਾ ਨੂੰ 'ਝਟਪਟ ਆਪਣੇ ਪਿੰਡੇ 'ਚ ਵੜ ਕੇ ਬਹਿ' ਜਾਣਾ ਪੈਂਦਾ ਹੈ।

ਕਵਿਤਾ ਦੇ ਉਪਰੋਕਤ ਪਾਠ-ਅਧਿਐਨ ਤੋਂ ਅਸੀਂ ਇਸ ਨਿਰਣੇ ਉਪਰ ਪੁਜਦੇ ਹਾਂ ਕਿ ਇਹ ਕਵਿਤਾ ਸਮਾਜਕ ਰੋਕਾਂ/ ਪਾਬੰਦੀਆਂ ਦੀ ਅਵਗਿਆ ਦੇ ਫਲਸਰੂਪ ਮਾਨਸਿਕ ਤਨਾਉ ਨੂੰ ਭੋਗਦੀ ਨਾਇਕਾ ਦੀ ਤਨਾਉ-ਯੁਕਤ ਭਾਵੁਕਤਾ ਦਾ ਪ੍ਰਗਟਾਵਾ ਕਰਦੀ ਹੈ। ਅਸੀਂ ਜਿਸ ਸੰਸਾਰ ਵਿਚ ਰਹਿ ਰਹੇ ਹਾਂ ਇਹ ਬੰਧਨਾਂ ਦਾ ਸੰਸਾਰ ਹੈ। ਅਸੀਂ ਸਮਾਜਕ ਬੰਧਨਾਂ ਵਿਚ ਹੀ ਜੀਉਂਦੇ-ਮਰਦੇ ਹਾਂ। ਬਹੁਤ ਘਟ ਹੀ ਮੌਕੇ ਆਉਂਦੇ ਹਨ ਜਦੋਂ ਅਸੀਂ ਇਸ ਬੰਧਨ-ਮੁਕਤੀ ਦੀ ਹਵਾ ਵਿਚ ਸਾਹ ਲੈਂਦੇ ਹਾਂ। 'ਆਪਣੇ ਪਿੰਡੇ ਤੋਂ ਬਾਹਰ' ਦੀ ਸਥਿਤੀ ਬੰਧਨ ਮੁਕਤੀ ਨਾਲ ਸਾਨੂੰ ਜੋੜਦੀ ਹੈ, ਪਰ ਆਂਸ਼ਿਕ ਰੂਪ ਵਿਚ। ਬੰਧਨ ਕਲਪਨਾ ਵਿਚ ਵੀ ਮਨੁੱਖ ਨੂੰ ਪੂਰੀ ਤਰ੍ਹਾਂ ਮੁਕਤ ਨਹੀਂ ਹੋਣ ਦੇਂਦੇ ਅਤੇ ਬੜੀ ਛੇਤੀ ਮਨੁੱਖ ਨੂੰ ਮੁੜ ਪਿੰਡੇ ਵਿਚ ਵੜ, ਪਿੰਡੇ ਨੂੰ ਤਾਲਾ ਜੜਨਾ ਪੈਂਦਾ ਹੈ। ਚਰਚਾ ਅਧੀਨ ਕਵਿਤਾ ਇਹ ਕੁਝ ਤੇ ਕਹਿੰਦੀ ਹੈ, ਪਰ ਇਸ ਤੋਂ ਇਲਾਵਾ ਵੀ ਬਹੁਤ ਕੁਝ ਕਹਿੰਦੀ ਹੈ, ਕਿਉਂਕਿ ਇਹ ਅਮੂਰਤ ਕਥਨ ਨਹੀਂ ਸਮੂਰਤਨ ਦੀ ਕਵਿਤਾ ਹੈ। ਸਮੂਰਤਨ ਦੀ ਪਛਾਣ ਹੀ ਇਹੀ ਹੈ ਕਿ ਏਥੇ ਕੇਵਲ ਤਾਰਕਿਕ ਕਥਨ ਨਹੀਂ ਹੁੰਦਾ, ਸਮੂਰਤ ਸਿਰਜਣ ਹੁੰਦਾ ਹੈ, ਜਿਹੜਾ ਅਨੇਕਾਰਥੀ, ਬਹੁਪਾਸਾਰੀ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਇਹ ਕਵਿਤਾ ਨਾਇਕਾ ਦੇ ਆਪਣੇ ਪਿੰਡੇ ਤੋਂ ਬਾਹਰ ਆਉਣ ਅਤੇ ਉਸ ਵਿਚ ਪੁਨਰ ਪ੍ਰਵੇਸ਼ ਦੇ ਵਿਚਕਾਰਲੇ ਵਕਫੇ ਦੀ ਸਮੂਰਤ ਪੇਸ਼ਕਾਰੀ ਹੈ।

ਸਮੂਰਤਨ ਦਾ ਸੰਸਾਰ ਵਸਤਾਂ ਦਾ ਸੰਸਾਰ ਹੈ ਜਿਸਦੀ ਵਿਲੱਖਣਤਾ ਅਮੂਰਤ ਨਿਰਵਿਸ਼ੇਸ਼ ਦੇ ਮੁਕਾਬਲੇ ਵਿਸ਼ੇਸ਼ ਚਰਿਤ੍ਰ ਵਿਚ ਹੁੰਦੀ ਹੈ। ਮੇਰੀ ਨਜ਼ਰ ਵਿੱਚ ਇਸ ਕਵਿਤਾ ਦੀ ਪ੍ਰਮੁੱਖ ਪਛਾਣ-ਜੁਗਤ ਅਤੇ ਕਿਸੇ ਹਦ ਤਕ ਡਾ. ਹਰਿਭਜਨ ਸਿੰਘ ਦੀ ਸਮੁੱਚੀ ਕਵਿਤਾ ਦੀ ਪ੍ਰਮੁੱਖ ਪਛਾਣ-ਜੁਗਤ ਸਮੂਰਤ ਸਿਰਜਣ ਹੀ ਹੈ। ਇਸ ਕਵਿਤਾ ਵਿਚ ਸਮੂਰਤ ਸਿਰਜਣ ਦੀ ਰੁਚੀ ਵਿਸ਼ੇਸ਼ ਤੌਰ ਤੇ ਵੇਖੀ ਜਾ ਸਕਦੀ ਹੈ। ਇਸ ਕਵਿਤਾ ਦਾ ਕੇਂਦਰੀ ਅਤੇ ਅਰਥ ਭਰਪੂਰ ਬਿੰਬ 'ਨਿਆਣੀ ਅੱਗ' ਦਾ ਹੈ। ਇਹ 'ਨਿਆਣੀ ਅੱਗ' ਕਦੀ 'ਅੱਗ ਦੇ ਬੂਟੇ' ਦੇ ਰੂਪ ਵਿਚ ਪੇਸ਼ ਹੁੰਦੀ ਹੈ ਅਤੇ ਕਦੀ 'ਮੁਆਤੇ' ਦੇ। ਪਰ. ਇਸ ਬਿੰਬ ਦੀ ਅਰਥਭਰਪੂਰਤਾ ਦਾ ਭੇਦ ਇਸ ਦੀ ਸਜੀਵ ਸਮੂਰਤ ਪੇਸ਼ਕਾਰੀ ਵਿਚ ਹੈ। ਅੱਗ ਨੂੰ ਅਸੀਂ ਨਿਰਜੀਵ ਹੋਂਦ ਦੇ ਰੂਪ ਵਿਚ ਜਾਣਦੇ ਪਛਾਣਦੇ ਹਾਂ। ਪਰ. ਕਵੀ ਅੱਗ ਦੇ ਨਾਲ 'ਨਿਆਣੀ' ਵਿਸ਼ੇਸ਼ਣ ਨੂੰ ਜੋੜ ਕੇ ਉਸਨੂੰ ਸਜੀਵਤਾ ਪ੍ਰਦਾਨ ਕਰਦਾ ਹੈ। ਅੱਗ ਸਜੀਵਤਾ ਪ੍ਰਾਪਤ ਕਰ ਲੈਣ ਤੋਂ ਬਾਅਦ ਹੀ ਆਪਣੀ ਯਾਤ੍ਰਾ ਆਰੰਭ ਕਰਦੀ ਹੈ ਅਤੇ 'ਪਿੰਡ ਤੋਂ ਬਾਹਰ' ਤੋਂ ਪਿੰਡ ਵਿਚ ਪ੍ਰਵੇਸ਼ ਕਰਦੀ ਹੈ। ਇਸ ਅੱਗ ਦਾ ਹਿੱਲਣਾ. ਤੁਰਨਾ. ਚੀਖਣਾ. ਚਿੰਘਾੜਨਾ. ਆਖਣਾ ਦਸਤਕ ਦੇਣਾ. ਝੀਤਾਂ 'ਚੋਂ ਹਰ ਵਿਹੜੇ ਦੇ ਅੰਦਰ ਝਾਕਣਾ. ਠਹਿਰ ਜਾਣਾ. ਬੂਹੇ ਨੂੰ ਟੱਪਣਾ. ਪੌੜੀਆਂ ਚੜ੍ਹਨਾ. ਅਤੇ ਨਾਇਕ ਨੂੰ ਪ੍ਰਸ਼ਨਵਾਚੀ ਸੁਰ ਵਿਚ ਸੰਬੋਧਿਤ ਹੋਣਾ ਆਦਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਝ ਉਹ ਕਾਰਜ ਹਨ ਜਿਹੜੇ ਅੱਗ ਦੇ ਕੇਵਲ ਸਮੂਰਤ ਚਰਿਤ੍ਰ ਦੀ ਹੀ ਪੇਸ਼ਕਾਰੀ ਨਹੀ ਕਰਦੇ ਸਗੋਂ ਸਜੀਵ ਸਮੂਰਤ ਪੇਸ਼ਕਾਰੀ ਕਰਦੇ ਹਨ। ਇਸ ਕਰਕੇ ਇਸ ਕਵਿਤਾ ਦੇ ਵਿਸ਼ੇਸ਼ ਪ੍ਰਸੰਗ ਵਿਚ ਮੈਂ ਇਹ ਕਹਿਣਾ ਚਾਹਵਾਂਗਾ ਕਿ ਕਵਿਤਾ 'ਆਪਣੇ ਪਿੰਡੇ ਤੋਂ ਬਾਹਰ' ਸਜੀਵ ਸਮੂਰਤਨ ਦੀ ਕਵਿਤਾ ਹੈ। ਇਸ ਸਜੀਵ ਸਮੂਰਤਨ ਦੀ ਪਛਾਣ ਇਹ ਕਵਿਤਾ ਹੋਰ ਵੀ ਕਈ ਥਾਵੇਂ ਦੇਂਦੀ ਹੈ। ਉਦਾਹਰਣ ਲਈ 'ਪਿੰਡ ਸੁੱਤਾ ਹੈ ਜਾਂ ਵਾਂਢੇ ਤੁਰ ਗਿਆ ਹੈ' ਜਾਂ ਵਿਹੜੇ 'ਚ ਸਭ ਕੁਝ ਹੈ/ ਇਕ ਹੁੰਗਾਰੇ ਤੋਂ ਬਿਨਾਂ' ਆਦਿ ਕਾਵਿ-ਕਥਨ ਨਿਰਜੀਵ ਨੂੰ ਸਜੀਵ ਹੋਂਦ ਵਾਂਗ ਪੇਸ਼ ਕਰਨ ਦੇ ਹੀ ਉਦਾਹਰਣ ਕਹੇ ਜਾ ਸਕਦੇ ਹਨ।

ਸਮੂਰਤ ਸਿਰਜਣ ਵਲ ਕਵੀ ਦੀ ਰੁਚੀ ਤਾਂ ਸੁੱਤੇ ਸਿੱਧ ਹੀ ਸਪਸ਼ਟ ਹੈ। ਉਹ ਕਵਿਤਾ ਦੀ ਸਾਰੀ ਸਮੱਸਿਆ ਨੂੰ ਵਿਸ਼ੇਸ਼ ਸਮੇਂ (ਗੂੜ੍ਹੀ ਕਾਲੀ ਰਾਤ), ਵਿਸ਼ੇਸ਼ ਸਥਾਨ (ਧੁਰ ਕੋਠੇ, ਪਿੰਡ, ਅਤੇ ਪਿੰਡ ਤੋਂ ਬਾਹਰ, ਨਦੀ ਦੇ ਕੋਲ) ਅਤੇ ਵਿਸ਼ੇਸ਼ ਵਿਅਕਤੀਆਂ (ਨਿਆਣੀ ਅੱਗ, ਮੈਂ) ਨਾਲ ਸੰਬੰਧਿਤ ਕਰਕੇ ਪੇਸ਼ ਕਰਦਾ ਹੈ। ਕਵੀ ਦੇ ਵਿਅਕਤੀਆਂ ਨੂੰ ਸਮੇਂ, ਸਥਾਨ ਨਾਲ ਸੰਬੰਧਿਤ ਕਰਕੇ ਉਨ੍ਹਾਂ ਨੂੰ ਇਕ ਦੂਜੇ ਦੇ ਸਨਮੁਖ ਖੜਾ ਕਰ ਦੇਂਦਾ ਹੈ। ਇਕ ਧਿਰ ਦੂਜੀ ਧਿਰ ਨੂੰ ਪ੍ਰਸ਼ਨ ਕਰਦੀ ਹੈ

ਅਸੀਂ ਦੋਵੇਂ ਹੀ ਆਪਣੇ ਪਿੰਡਿਆਂ ਤੋਂ ਬਾਹਰ
ਕਿਸੇ ਨੂੰ ਭਾਲਦੇ ਹਾਂ
ਮੇਰੀ ਮਾਂ ਗੁੰਮ ਗਈ ਮੁਖੜਾ ਦਿਖਾਏ ਬਾਝ
ਤੇਰਾ ਕੀ ਗੁੰਮ ਗਿਆ ਹੈ?

ਇਸ ਪ੍ਰਸ਼ਨ ਦੇ ਉੱਤਰ ਵਜੋਂ ਦੂਜੀ ਧਿਰ ਦਾ ਰੋ ਪੈਣਾ ਅਤੇ ਆਪਣੇ ਪਿੰਡੇ ਵਿਚ ਮੁੜ ਵੜ ਕੇ ਬਹਿ ਜਾਣਾ, ਜਿਸ ਅਰਥ ਨੂੰ ਪੇਸ਼ ਕਰ ਜਾਂਦਾ ਹੈ ਉਸਨੂੰ ਅਮੂਰਤ ਕਥਨ ਦੀ ਸਹਾਇਤਾ ਨਾਲ ਪੂਰੀ ਤਰ੍ਹਾਂ ਦਸਿਆ ਨਹੀਂ ਜਾ ਸਕਦਾ। ਅਸੀਂ ਕਹਿ ਸਕਦੇ ਹਾਂ ਕਿ ਸਮੂਰਤ ਸਿਰਜਣ ਅਮੂਰਤ ਕਥਨ ਨਾਲੋਂ ਵਧੇਰੇ ਸੰਸਲਿਸ਼ਟ ਅਰਥਾਂ ਦੀ ਪੇਸ਼ਕਾਰੀ ਦੀ ਸਮਰਥਾ ਰਖਦਾ ਹੈ। ਪਰ ਸਮੂਰਤ ਸਿਰਜਣ ਦੀ ਇਹ ਵਿਧੀ ਆਧੁਨਿਕ ਵਿਗਿਆਨਕ ਚਿੰਤਨ ਦੇ ਅਨੁਰੂਪ ਨਹੀਂ ਕਹੀ ਜਾ ਸਕਦੀ। ਇਹ ਆਧੁਨਿਕ ਵਿਗਿਆਨਕ ਵਿਸ਼ਲੇਸ਼ਨ ਦੀ ਵਿਧੀ ਨਾਲੋਂ ਆਦਿਮ ਚਿੰਤਨ ਅਤੇ ਸਿਰਜਣ ਦੀ ਸੰਸ਼ਲੇਸ਼ਨਾਤਮਕ ਵਿਧੀ ਦੇ ਵਧੇਰੇ ਨੇੜੇ ਹੈ ਅਤੇ ਮੇਰੀ ਨਜ਼ਰ ਵਿਚ ਕਾਵਿ-ਸਿਰਜਣ ਦੀ ਇਹੀ ਪ੍ਰਮਾਣਿਕ ਵਿਧੀ ਹੈ।

ਅਸੀਂ ਆਪਣੀ ਇਸ ਚਰਚਾ ਦੇ ਆਰੰਭ ਵਿਚ 'ਆਪਣੇ ਪਿੰਡੇ ਤੋਂ ਬਾਹਰ' ਕਵਿਤਾ ਦੇ ਪ੍ਰਸੰਗ ਵਿਚ ਹੀ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਮਜਬੂਰ' ਵਿਚਲੀ ਸਮੱਸਿਆ ਦੀ ਸਮਾਨਤਾ ਦੇ ਬਾਵਜੂਦ ਇਨ੍ਹਾਂ ਵਿਚ ਵਸਤੂ/ ਸਮਸਿਆ ਦੀ ਪੇਸ਼ਕਾਰੀ ਦੀ ਭਿੰਨਤਾ ਵਲ ਸੰਕੇਤ ਕੀਤਾ ਸੀ। ਉਪਰ ਅਸੀਂ 'ਆਪਣੇ ਪਿੰਡੇ ਤੋਂ ਬਾਹਰ' ਦੀ ਪ੍ਰਸਤੁਤੀਕਰਣ ਵਿਧੀ ਬਾਰੇ ਵਿਚਾਰ ਕਰ ਚੁਕੇ ਹਾਂ ਅਤੇ ਇਸ ਨਿਰਣੇ ਉਪਰ ਪੁੱਜੇ ਹਾਂ ਕਿ ਇਹ ਕਵਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇਵਲ ਸਮੂਰਤਨ ਹੀ ਨਹੀਂ ਸਜੀਵ ਸਮੂਰਤਨ ਦੀ ਕਵਿਤਾ ਹੈ। ਇਥੇ ਅਸੀ 'ਮਜਬੂਰ' ਦੇ ਵਿਸਤ੍ਰਿਤ ਵਿਸ਼ਲੇਸ਼ਣ ਦੇ ਰਾਹ ਨਾ ਪੈਂਦੇ ਹੋਏ ਵੀ ਏਨਾ ਕੁ ਸੰਕੇਤ ਕਰ ਦੇਣਾ ਆਵਸ਼ਕ ਸਮਝਦੇ ਹਾਂ ਕਿ ਉਪਰੋਕਤ ਕਵਿਤਾ ਦੇ ਮੁਕਾਬਲੇ 'ਮਜਬੂਰ' ਅਮੂਰਤ ਕਥਨ ਦੀ ਕਵਿਤਾ ਹੈ। ਹੇਠਾਂ ਇਸ ਕਵਿਤਾ ਦੀਆਂ ਆਰੰਭਕ ਸਤਰਾਂ ਨਾਲ ਮੈਂ ਤੁਹਾਡੀ ਜਾਣ-ਪਛਾਣ ਕਰਾ ਰਿਹਾ ਹਾਂ:-

ਮੇਰੀ ਮਾਂ ਦੀ ਕੁਖ ਮਜਬੂਰ ਸੀ!
ਮੈਂ ਭੀ ਤਾਂ ਇਕ ਇਨਸਾਨ ਹਾਂ
ਆਜ਼ਾਦੀਆਂ ਦੀ ਟੱਕਰ ਵਿੱਚ ਉਸ ਸੱਟ ਦਾ ਨਿਸ਼ਾਨ ਹਾਂ
ਉਸ ਹਾਦਸੇ ਦਾ ਚਿੰਨ੍ਹ ਹਾਂ
ਜੋ ਮਾਂ ਮੇਰੀ ਦੇ ਮੱਥੇ ਉੱਤੇ ਲੱਗਣਾ ਜ਼ਰੂਰ ਸੀ।
ਮੇਰੀ ਮਾਂ ਦੀ ਕੁਖ ਮਜਬੂਰ ਸੀ।

ਇਨ੍ਹਾਂ ਸੱਤਰਾਂ ਦਾ ਨਾਇਕ ਆਪ ਅਵੈਧ ਸੰਤਾਨ ਹੈ ਜਿਸਦਾ ਸੰਬੰਧ ਦੇਸ਼ ਦੀ ਵੰਡ ਸਮੇਂ ਔਰਤਾਂ ਨਾਲ ਹੋਈ ਜ਼ਬਰਦਸਤੀ ਨਾਲ ਹੈ। ਸਾਡੇ ਇਸ ਕਵਿਤਾ ਦੇ ਸੰਬੰਧ ਵਿਚ ਇਨ੍ਹਾਂ ਵਿਚਾਰਾਂ ਤੋਂ ਪਾਰ ਇਹ ਕਵਿਤਾ ਨਹੀਂ ਜਾਂਦੀ। ਵਿਆਸ ਸ਼ੈਲੀ ਨੂੰ ਅਪਨਾਉਂਦੀ ਹੋਈ ਇਹ ਸਾਰੀ ਕਵਿਤਾ ਇਨੇ ਕੁ ਅਰਥ ਨੂੰ ਹੀ ਸਬਦਾਂ ਦੀ ਭਿੰਨਤਾ ਨਾਲ ਦੁਹਰਾਉਂਦੀ ਹੈ। ਦੁਹਰਾਉ ਇਸ ਕਵਿਤਾ ਦੀ ਰਚਨਾ-ਜੁਗਤ ਦੀ ਵਿਸ਼ੇਸ਼ਤਾ ਹੈ ਅਤੇ ਸਮੱਸਿਆ ਨਾਲ ਕਵੀ ਦੀ ਭਾਵੁਕ ਸਾਂਝ ਦਾ ਸੂਚਕ ਵੀ। ਭਾਵੁਕ ਪੇਸ਼ਕਾਰੀ ਪ੍ਰਭਾਵਸਾਲੀ ਤਾਂ ਹੋ ਸਕਦੀ ਹੈ, ਪਰ ਸਮੱਸਿਆ ਪ੍ਰਤੀ ਬੌਧਿਕ ਪਹੁੰਚ ਇਸ ਪ੍ਰਕਾਰ ਦੀ ਪੇਸਕਾਰੀ ਵਿਚ ਸਾਇਦ ਸੰਭਵ ਨਹੀਂ। ਸਮੱਸਿਆ ਦਾ ਸੰਬੰਧ 'ਆਪਣੇ ਪਿੰਡੇ ਤੋਂ ਬਾਹਰ' ਵਿਚ ਵੀ ਭਾਵੁਕਤਾ ਨਾਲ ਹੀ ਹੈ। ਪਰ, ਕਵੀ ਉਥੇ ਭਾਵੁਕਤਾ ਨਾਲੋਂ ਇਕ ਦੂਰੀ ਸਥਾਪਿਤ ਕਰਕੇ ਸਮੱਸਿਆ ਦੀ ਬੌਧਿਕ ਅਤੇ ਤਾਰਕਿਕ ਪੱਧਰ ਉਪਰ ਪਛਾਣ ਦੇਂਦਾ ਹੈ। ਉਹ ਸਮੱਸਿਆ ਦੀ ਸਜੀਵ ਸਮੂਰਤ ਪੇਸ਼ਕਾਰੀ ਕਰਦਾ ਹੈ। ਇਸ ਦਾ ਅਰਥ ਪਾਠਕ ਦੀ ਬੌਧਿਕ ਸਮਰਥਾ ਉਪਰ ਨਿਰਭਰ ਕਰਦਾ ਹੈ ਪਰ 'ਮਜਬੂਰ' ਵਿਚ ਕਵਿਤਾ ਦੇ ਅਰਥ ਦਾ ਨਿਰਣਾ ਸਮੱਸਿਆ ਪ੍ਰਤੀ ਪਾਠਕ ਦੇ ਭਾਵੁਕ ਪ੍ਰਤੀਕਰਮ ਨੇ ਕਰਨਾ ਹੈ। ਇਹੀ ਇਨ੍ਹਾਂ ਦੋਹਾਂ ਕਵਿਤਾਵਾਂ ਦਾ ਭੇਦਕ ਤੱਤ ਹੈ।

2

ਉਪਰ ਅਸਾਂ ਡਾ. ਹਰਿਭਜਨ ਸਿੰਘ ਦੀ ਇਕ ਕਵਿਤਾ 'ਆਪਣੇ ਪਿੰਡੇ ਤੋਂ ਬਾਹਰ' ਦਾ ਨਿਕਟ ਅਧਿਐਨ ਪੇਸ਼ ਕੀਤਾ ਹੈ। ਇਸ ਅਧਿਐਨ ਤੋਂ ਅਸੀਂ ਇਸ ਨਿਰਣੇ ਉਪਰ ਪਹੁੰਚੇ ਹਾਂ ਕਿ ਹਰਿਭਜਨ ਸਿੰਘ ਦੀ ਕਵਿਤਾ ਕਥਨ ਦੀ ਥਾਵੇਂ ਸਮੂਰਤ ਸਿਰਜਣ ਵਲ ਰੁਚਿਤ ਹੈ। ਕੀ ਇਹ ਸਥਾਪਨਾ ਕਵੀ ਦੀ ਕੇਵਲ ਉਪਰਲੀ ਕਵਿਤਾ ਬਾਰੇ ਹੀ ਸੱਚ ਹੈ ਜਾਂ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਅਸੀਂ ਉਸਦੀਆਂ ਕੁਝ ਦੂਸਰੀਆਂ ਕਵਿਤਾਵਾਂ ਨਾਲ ਵੀ ਸੰਬੰਧਿਤ ਕਰ ਸਕਦੇ ਹਾਂ? ਇਹ ਅਜੇ ਵੇਖਣਾ ਬਾਕੀ ਹੈ। ਆਪਣੇ ਇਸ ਪ੍ਰਯੋਜਨ ਹਿਤ ਅਸੀਂ ਇਸ ਸਥਾਪਨਾ ਤੋਂ ਅੰਤਰ-ਦ੍ਰਿਸ਼ਟੀ ਪ੍ਰਾਪਤ ਕਰਕੇ ਉਸਦੀਆਂ ਦੂਸਰੀਆਂ ਕੁਝ ਕਵਿਤਾਵਾਂ ਬਾਰੇ ਵਿਚਾਰ ਕਰਨ ਦਾ ਯਤਨ ਕਰਦੇ ਹਾਂ, ਤਾਂ ਬੜੀ ਛੇਤੀ ਸਾਨੂੰ ਇਸ ਤੱਥ ਦਾ ਗਿਆਨ ਹੋ ਜਾਂਦਾ ਹੈ ਕਿ ਸਮੂਰਤ ਸਿਰਜਣ ਕੇਵਲ ਇਕ ਕਵਿਤਾ ਦੀ ਹੀ ਨਹੀਂ ਹਰਿਭਜਨ ਸਿੰਘ ਦੀਆਂ ਦੂਜੀਆਂ ਕਵਿਤਾਵਾਂ ਦੀ ਵੀ ਪ੍ਰਮੁਖ ਰਚਨਾ-ਜੁਗਤ ਹੈ।

ਕਵੀ ਸਮੂਰਤ ਸਿਰਜਣ ਲਈ ਕਿਸਦੀ ਮਦਦ ਲੈਂਦਾ ਹੈ? ਮਦਦ ਤਾਂ ਕਵੀ ਆਪਣੇ ਮਾਧਿਅਮ ਕੋਲੋਂ ਹੀ ਪ੍ਰਾਪਤ ਕਰ ਸਕਦਾ ਹੈ। ਪਰ, ਸਭ ਕਵੀਆਂ ਦਾ ਰਚਨਾ-ਮਾਧਿਅਮ ਵੀ ਇਕ ਹੀ ਹੁੰਦਾ ਹੈ - ਭਾਸ਼ਾ। ਫਿਰ ਇਹ ਕਿਵੇਂ ਹੈ ਕਿ ਇਕ ਕਵੀ ਉਸੇ ਮਾਧਿਅਮ ਰਾਹੀਂ ਸਿਰਜਣ ਕਰਕੇ ਨਵੀਆਂ ਅਰਥ ਸੰਭਾਵਨਾਵਾਂ ਪੈਦਾ ਕਰਦਾ ਹੈ ਅਤੇ ਦੂਜਾ ਮਾਧਿਅਮ ਦੀ ਕੈਦ ਸਵੀਕਾਰ ਕਰਕੇ ਸ਼ਬਦਾਂ ਦੇ ਪ੍ਰਚਲਿਤ ਅਰਥਾਂ ਤੋਂ ਪਾਰ ਨਹੀਂ ਜਾ ਸਕਦਾ?

ਰਚਨਾ-ਮਾਧਿਅਮ ਵਜੋਂ ਕਵੀ ਜਿਨ੍ਹਾਂ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ, ਉਹ ਸਾਮਾਨਿਅ ਹੁੰਦੇ ਹਨ, ਪਰ ਸਮਰਥਾਵਾਨ ਕਵੀ ਉਨ੍ਹਾਂ ਰਾਹੀਂ ਵਿਸ਼ੇਸ਼ ਅਰਥ ਦੀ ਸਿਰਜਣਾ ਕਰਦਾ ਹੈ। ਵਿਸ਼ੇਸ਼ ਅਰਥ ਇਸ ਕਰਕੇ ਕਿਉਂਕਿ ਉਸਦੇ ਸੰਪੂਰਨ ਅਰਥ ਨੂੰ ਤਰਕ ਦੇ ਘੇਰੇ ਵਿਚ ਨਹੀਂ ਲਿਆਂਦਾ ਜਾ ਸਕਦਾ। ਸਾਮਾਨਿਅ ਸ਼ਬਦ ਕਵਿਤਾ ਵਿਚ ਆਪਣੇ ਸਾਮਾਨਿਅ ਅਰਥਾਂ ਤੋਂ ਪਰੇ ਜਾ ਸਕਣ ਦੀ ਸਮਰਥਾ ਪ੍ਰਾਪਤ ਕਰਦੇ ਹਨ। ਇਹ ਹੀ ਕਾਵਿ-ਅਰਥ ਦੀ ਵਿਸ਼ੇਸ਼ਤਾ ਹੈ। ਕਵੀ ਨਿਰੰਤਰ ਇਸ ਯਤਨ ਵਿਚ ਰਹਿੰਦਾ ਹੈ ਕਿ ਉਹ ਸ਼ਬਦਾਂ ਦੇ ਨਿਸ਼ਚਿਤ ਅਰਥਾਂ ਤੋਂ ਪਾਰ ਕਿਵੇਂ ਨਵੇਂ ਅਤੇ ਜਟਿਲ ਅਰਥ ਸਿਰਜ ਸਕੇ। ਇਸੇ ਪ੍ਰਕਾਰ ਕਵੀ ਭਾਸ਼ਾ ਦੀ ਵਰਤੋਂ ਹੀ ਨਹੀਂ ਕਰਦਾ, ਉਸਨੂੰ ਪੁਨਰਨਿਰਮਿਤ ਕਰਦਾ ਹੈ। ਪਰ, ਭਾਸ਼ਾ ਦਾ ਪੁਨਰਨਿਰਮਾਣ ਹਰ ਕਵੀ ਦੇ ਵਸ ਦੀ ਗੱਲ ਨਹੀਂ। ਪਰ ਕਾਵਿ ਅਰਥ ਦੀ ਭਿੰਨਤਾ ਦਾ ਗਿਆਨ ਸਹਿਜੇ ਹੀ ਹੋ ਜਾਂਦਾ ਹੈ, ਜੇ ਤਾਰਕਿਕ ਪ੍ਰਵਚਨ ਅਤੇ ਪ੍ਰਮਾਣਿਕ ਕਾਵਿ-ਰਚਨਾ ਨੂੰ ਇਕ ਦੂਜੇ ਦੇ ਨੇੜੇ ਰਖ ਕੇ ਵੇਖੀਏ : ਉਪਰ ਅਸੀਂ ਇਕ ਕਵਿਤਾ ਦੇ ਅਧਿਐਨ ਰਾਹੀਂ, ਹਰਿਭਜਨ ਸਿੰਘ - ਕਾਵਿ ਦੀ ਅਰਥ-ਵਿਸ਼ੇਸ਼ਤਾ ਬਾਰੇ ਗਿਆਨ ਪ੍ਰਾਪਤ ਕੀਤਾ ਹੈ। ਅਸੀਂ ਇਸੇ ਕਵੀ ਦੀ ਇਕ ਹੋਰ ਕਵਿਤਾ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਉਪਰ ਜਦੋਂ ਨਜ਼ਰ ਮਾਰਦੇ ਹਾਂ ਤਾਂ ਸਾਡੀ ਪਹਿਲੀ ਬਣੀ ਧਾਰਨਾ ਹੋਰ ਹੀ ਪ੍ਰਪੱਕ ਹੁੰਦੀ ਹੈ। ਇਹ ਨਜ਼ਮ ਜਿਸ ਵੇਰਵੇ ਨੂੰ ਪੇਸ਼ ਕਰਦੀ ਹੈ ਉਸਦਾ ਸੰਬੰਧ ਸਿੱਖ-ਇਤਿਹਾਸ ਨਾਲ ਹੈ। ਪਰ, ਇਤਿਹਾਸ ਵਿਚਲੇ ਇਸ ਵੇਰਵੇ ਨੂੰ ਜਦੋਂ ਕਵਿਤਾ ਵਿਚ ਪੇਸ਼ ਕੀਤਾ ਗਿਆ ਤਾਂ ਇਸਦਾ ਰੂਪ ਇਤਿਹਾਸ ਨਾਲੋਂ ਵੱਖਰਾ ਹੋ ਗਿਆ। ਇਸ ਭਿੰਨਤਾ ਦਾ ਇਕ ਕਾਰਣ ਤਾਂ ਸਪਸ਼ਟ ਹੀ ਹੈ - ਕਵੀ ਇਤਿਹਾਸਕਾਰ ਨਾਲੋਂ ਵਧੇਰੇ ਭਰਪੂਰ ਅਰਥਾਂ ਨੂੰ ਪੇਸ਼ ਕਰਦਾ ਹੈ। ਇਤਿ[illegible] ਕਰਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਕਵੀ ਉਸ ਅਨੁਭਵ ਦਾ ਪੁਨਰਸਿਰਜਣ ਕਰਦਾ ਹੈ। ਅਨੁਭਵ ਅਨੇਕਾਰਥੀ ਹੈ, ਸਮੂਰਤ ਹੈ ਪਰ, ਸਾਰ ਦਾ ਅਰਥ ਤਾਂ ਸੀਮਿਤ ਹੈ ਅਤੇ ਅਮੂਰਤ ਹੈ। ਸੰਬੰਧਿਤ ਟੂਕ ਹਾਜ਼ਰ ਹੈ :

ਉਦੋਂ ਹਾਜ਼ਰ ਸਾਂ ਮੈਂ
ਤੇਰੇ ਹੱਥ ਵਿਚ ਜਦੋਂ ਤਲਵਾਰ
ਨੰਗੀ ਪਿਆਸ ਵਾਂਗੂੰ ਤੜਫੜਾਈ ਸੀ
ਲਹਿਰਦਾ ਸੁਲਗਦਾ ਮੇਲਾ–
ਜਦੋਂ ਸੁੱਕੇ ਸਰੋਵਰ ਵਾਂਗ ਗੁਮ ਸੁਮ ਬੁਝ ਗਿਆ ਸੀ
ਦੂਰ ਤੀਕਰ ਚੁੱਪ ਦੇ ਬੰਜਰ ਵਿਛੇ ਸਨ।
ਜਿਨ੍ਹਾਂ ਦੇ ਵਿਚ ਸਵਾਸ ਵੀ ਉੱਗਦਾ ਨਹੀਂ ਪੂਰਾ

ਇਹ ਕਾਵਿ-ਸਤਰਾਂ ਕਿਸੇ ਤਾਰਕਿਕ ਅਤੇ ਅਮੂਰਤ ਸੰਕਲਪ ਨੂੰ ਪੇਸ਼ ਕਰਦੇ ਪ੍ਰਵਚਨ ਨਾਲੋਂ ਵੱਖਰ ਦਾ ਪਤਾ ਸਹਿਜੇ ਹੀ ਦੇ ਜਾਂਦੀਆਂ ਹਨ। ਇਥੇ ਸ਼ਬਦ-ਸੰਬੰਧ ਸਮੂਰਤ ਪ੍ਰਸਤੁਤੀਕਰਣ ਵਲ ਰੁਚਿਤ ਹਨ। ਨਿਸ਼ਚਿਤ ਹੈ ਕਿ ਇਸ ਕਾਵਿ-ਪ੍ਰਸਤੁਤੀ ਤੋਂ ਕੋਈ ਐਸਾ ਸਾਮਾਨਿਅ ਅਰਥ ਗ੍ਰਹਿਣ ਨਹੀਂ ਕੀਤਾ ਜਾ ਸਕਦਾ, ਜਿਹੜਾ ਇਸਦੀ ਸੰਪੂਰਨ ਅਰਥਭਰਪੂਰਤਾ ਨਾਲ ਨਿਆਂ ਕਰ ਸਕੇ। ਕਿੰਨੀ ਵੀ ਚਤੁਰਤਾ ਨਾਲ ਇਸਦੇ ਅਰਥ ਕਿਉਂ ਨਾ ਕੀਤੇ ਜਾਣ, ਕਾਵਿ-ਬਿੰਬ ਰਾਹੀਂ ਮੂਰਤੀਮਾਨ ਹੋਏ ਅਰਥ ਸਾਮਾਨਿਅਤਾ ਦੇ ਘੇਰੇ ਵਿਚ ਨਹੀਂ ਆ ਸਕਣਗੇ, ਕਿਉਂਕਿ ਸਾਮਾਨਿਅਤਾ ਅਨੁਭਵ ਦਾ ਕਟਿਆ-ਛਟਿਆ ਰੂਪ ਹੁੰਦੀ ਹੈ ਅਤੇ ਕਵਿਤਾ ਅਨੁਭਵ ਨੂੰ ਉਸਦੇ ਸਸੰਰੀਰ ਰੂਪ ਵਿਚ ਪੇਸ਼ ਕਰਦੀ ਹੈ। ਉਪਰੋਕਤ ਕਾਵਿ-ਉਦਾਹਰਣ ਵਿਚ ਸੁਲਗਦਾ, ਪਿਆਸ, ਤੜਫਨ, ਮੇਲਾ, ਬੰਜਰ ਚੁੱਪ, ਸਵਾਸ ਆਦਿ ਸਾਰੇ ਸ਼ਬਦ ਸਾਡੇ ਜਾਣੇ ਪਛਾਣੇ ਹਨ। ਇਨ੍ਹਾਂ ਦੇ ਅਰਥ ਜਾਨਣ ਲਈ ਸਾਨੂੰ ਕੋਈ ਸ਼ਬਦ-ਕੋਸ਼ ਵਾਚਣ ਦੀ ਲੋੜ ਨਹੀਂ ਅਤੇ ਜੇ ਲੋੜ ਪਵੇ ਵੀ ਤਾਂ ਸ਼ਬਦ-ਕੋਸ਼ ਵਿਚੋਂ ਇਹਨਾਂ ਦੇ ਅਰਥ ਜਾਣੇ ਵੀ ਜਾ ਸਕਦੇ ਹਨ। ਪਰ, ਕਵਿਤਾ ਵਿਚ ਆਪਣੇ ਨਵੇਂ ਸੰਬੰਧਾਂ ਕਾਰਣ ਇਹ ਸ਼ਬਦ ਸਾਧਾਰਣ ਸ਼ਬਦ-ਕੋਸ਼ੀ ਅਰਥਾਂ ਤੋਂ ਵੱਖਰੇ ਅਰਥ ਪੇਸ਼ ਕਰਨ ਦੀ ਸਮਰੱਥਾ ਹਾਸਲ ਕਰਦੇ ਹਨ। 'ਤਲਵਾਰ ਨੰਗੀ ਪਿਆਸ ਵਾਂਗੂੰ ਤੜਫਦੀ ਸੀ', 'ਲਹਿਰ ਦਾ ਸੁਲਗਦਾ ਮੇਲਾ' ਇਹ 'ਮੇਲਾ' 'ਸੁੱਕੇ ਸਰੋਵਰ ਵਾਂਗ ਗੁੰਮ ਸੁੰਮ ਬੁਝ ਗਿਆ ਸੀ' ਅਤੇ 'ਦੂਰ ਤੀਕਰ ਚੁੱਪ ਦੇ ਬੰਜਰ ਵਿਛੇ ਸਨ। ਜਿਨ੍ਹਾਂ ਦੇ ਵਿਚ ਸਵਾਸ ਵੀ ਉੱਗਦਾ ਨਹੀਂ ਪੂਰਾ'। ਇਹ ਸਾਰੇ ਸ਼ਬਦ ਮਿਲਕੇ ਦੀਵਾਨ ਦੀ ਗਹਿਮਾ ਗਹਿਮੀ ਤੋਂ ਦੀਵਾਨ ਦੇ ਖਿੰਡ ਜਾਣ ਤਕ ਦੇ ਸਾਰੇ ਦ੍ਰਿਸ਼ ਨੂੰ ਆਪਣੇ ਘੇਰੇ ਵਿਚ ਸਮੇਟਦੇ ਹਨ। ਇਕ ਦ੍ਰਿਸ਼ ਸਾਡੇ ਸਾਹਮਣੇ ਸਾਕਾਰ ਹੋ ਜਾਂਦਾ ਹੈ ਜਿਸਨੂੰ ਮਾਣਿਆ ਜਾ ਸਕਦਾ ਹੈ, ਅਨੁਭਵ ਕੀਤਾ ਜਾ ਸਕਦਾ ਹੈ, ਪਰ ਕਿਸੇ ਦੂਸਰੇ ਮਾਧਿਅਮ ਰਾਹੀਂ ਪ੍ਰਗਟ ਨਹੀਂ ਕੀਤਾ ਜਾ ਸਕਦਾ, ਕਿਉਂਕਿ ਕਵਿਤਾ ਵਿਚਲੇ ਇਹ ਸ਼ਬਦ ਘਟਨਾ ਸੰਬੰਧੀ ਇਤਲਾਹ ਨਹੀਂ ਦੇ ਰਹੇ ਇਸਤੋਂ ਕੁਝ ਵੱਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਰਹੇ ਹਨ। ਇਹ ਘਟਨਾ ਦਾ ਪੁਨਰ ਸਿਰਜਣ ਕਰ ਰਹੇ ਹਨ। ਤਾਰਕਿਕ ਦ੍ਰਿਸ਼ਟੀ ਤੋਂ ਇਹ ਸ਼ਬਦ-ਸੰਬੰਧ ਨਿਰਮੂਲ ਪ੍ਰਤੀਤ ਹੋਣਗੇ। ਕੋਈ ਤਰਕ ਸ਼ਾਸਤ੍ਰੀ 'ਸੁਲਗਦਾ ਮੇਲਾ', 'ਚੁਪ ਦੇ ਬੰਜਰ' ਆਦਿ ਨੂੰ ਕਿਸੇ ਹਦ ਤਕ ਨਿਰਾਰਥਕ ਮਹਿਸੂਸ ਕਰ ਸਕਦਾ ਹੈ। ਪਰ, ਸੁਹਜ-ਸਿਰਜਣ ਲਈ ਇਹ ਅਤਿਅੰਤ ਮਹੱਤਵਪੂਰਨ ਹਨ। ਇਹ ਸ਼ਬਦ-ਸੰਬੰਧ ਉਸ ਕਾਵਿ-ਜੁਗਤ ਦਾ ਭਾਗ ਹਨ ਜਿਸ ਰਾਹੀਂ ਕਵੀ ਅਨੁਭਵ ਦੀ ਸਸਰੀਰ ਪੇਸ਼ਕਾਰੀ ਵਿਚ ਸਫ਼ਲ ਹੋ ਸਕਿਆ ਹੈ।

ਭਾਸ਼ਾਈ ਦ੍ਰਿਸ਼ਟੀ ਤੋਂ ਪ੍ਰਤੀਤ ਹੋਵੇਗਾ ਕਿ ਕਵੀ ਪ੍ਰਚਲਿਤ ਭਾਸ਼ਾਈ ਨੇਮਾਂ ਦੀ ਉਲੰਘਣਾ ਕਰਦਾ ਹੈ। ਅਨੁਭਵ ਦੀ ਜਟਿਲਤਾ ਨੂੰ ਉਸਦੇ ਪ੍ਰਮਾਣਿਕ ਰੂਪ ਵਿਚ ਪੇਸ਼ ਕਰਨ ਲਈ ਕਈ ਵਾਰ ਉਸਨੂੰ ਇੰਜ ਕਰਨਾ ਵੀ ਪੈਂਦਾ ਹੈ। ਪਰ, ਹਰਿਭਜਨ ਸਿੰਘ ਦੀ ਕਵਿਤਾ ਵਿਚ ਭਾਸ਼ਾ ਦੇ ਵਿਆਕਰਣਕ ਨੇਮਾਂ ਦੀ ਉਲੰਘਣਾ ਸ਼ਾਇਦ ਹੀ ਮਿਲੇ। ਭਾਸ਼ਾਈ ਉਲੰਘਣਾ ਦੀ ਪ੍ਰਕਿਰਤੀ ਦਾ ਸੰਬੰਧ ਵੀ ਉਸਦੇ ਅਜਨਬੀ ਸ਼ਬਦ-ਸੰਬੰਧਾਂ ਵਿਚ ਹੀ ਪ੍ਰਤੀਤ ਹੋਵੇਗਾ। ਉਦਾਹਰਣ ਪੇਸ਼ ਹੈ :

ਤੇ ਜਦੋਂ ਬੁਹਾਰੀ ਆਣ ਖਰਖਰਾ ਏਸ ਗਲੀ ਦੀ ਪਿਠ ਤੇ ਕਰਦੀ ਹੈ
ਮੈਂ ਖ਼ੂਬ ਸਮਝਦਾ ਹਾਂ ਗਲੀ ਹੁਣ ਸਰਪਟ ਦੌੜੇਗੀ
ਮੈਂ ਉਠ ਬੈਠਾ
ਨਹੀਂ ਤਾਂ ਮੈਂ ਚੀਨਾ ਚੀਨਾ ਹੋ ਕੇ ਡਿਗ-ਡੁਲ੍ਹ ਜਾਵਾਂਗਾ

ਏਥੇ ਬੁਹਾਰੀ ਦਾ ਗਲੀ ਦੀ ਪਿੱਠ ਤੇ ਖਰਖਰਾ ਕਰਨਾ, ਗਲੀ ਦਾ ਸਰਪਟ ਦੌੜਨਾ, ਆਦਮੀ ਦਾ ਚੀਨਾ ਚੀਨਾ ਹੋ ਕੇ ਡਿਗ ਡੁਲ੍ਹ ਜਾਣਾ ਆਦਿ ਵਾਕਾਂ ਵਿਚ ਭਾਸ਼ਾਈ ਨੇਮਾਂ ਦੀ ਉਲੰਘਣਾ ਕੇਵਲ ਇਸ ਕਰਕੇ ਕਹੀ ਜਾ ਸਕਦੀ ਹੈ ਕਿ ਏਥੇ ਨਿਰਜੀਵ ਨਾਂਵ (inanimate noun) ਨੂੰ ਸਜੀਵ ਨਾਂਵ (animate noun) ਵਾਲੀ ਕਿਰਿਆ ਨਾਲ ਅਤੇ ਸਜੀਵ ਨਾਂਵ ਨੂੰ ਨਿਰਜੀਵ ਕਿਰਿਆ ਨਾਲ ਸੰਬੰਧਿਤ ਕੀਤਾ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਸਾਧਾਰਣ ਸ਼ਬਦਾਂ ਦਾ ਅਰਥ-ਵਿਸਥਾਰ ਹੋ ਜਾਂਦਾ ਹੈ। ਇਹ ਅਰਥ-ਵਿਸਥਾਰ ਕਾਵਿ-ਸਿਰਜਣ ਦੀ ਸ਼ਰਤ ਹੈ। ਇਹੀ ਕਾਰਣ ਹੈ ਕਿ ਸਿਰਫ ਹਰਿਭਜਨ ਸਿੰਘ ਹੀ ਨਹੀਂ ਕੋਈ ਵੀ ਪ੍ਰਮਾਣਿਕ ਕਵੀ ਸ਼ਬਦ ਦੇ ਅਭਿਧਾਤਮਕ ਪ੍ਰਯੋਗ ਨਾਲੋਂ ਲਾਖਣਿਕ ਅਤੇ ਵਿਅੰਗਾਤਮਕ ਪ੍ਰਯੋਗ ਵਲ ਵਧੇਰੇ ਰੁਚਿਤ ਹੋਵੇਗਾ। ਅਤੇ ਭਾਸ਼ਾ ਦੇ ਲਾਖਣਿਕ ਅਤੇ ਵਿਅੰਗਾਤਮਕ ਪ੍ਰਯੋਗ ਜਿਥੇ ਕਵਿਤਾ ਵਿਚ ਅਰਥ-ਭਰਪੂਰਤਾ ਪੈਦਾ ਕਰਦੇ ਹਨ ਉਥੇ ਇਨ੍ਹਾਂ ਦੀ ਦਿਸ਼ਾ ਨਿਸ਼ਚਿਤ ਸੰਕਲਪਨਾਤਮਕ ਅਮੂਰਤ ਅਰਥ ਪੇਸ਼ ਕਰਨ ਦੀ ਬਜਾਏ ਸਮੂਰਤ ਅਨੇਕਾਰਥਕ ਵਸਤੂ-ਬਿੰਬ ਦੇ ਸਿਰਜਣ ਵਲ ਵਧੇਰੇ ਹੁੰਦੀ ਹੈ। ਇਨ੍ਹਾਂ ਸਿਰਜਿਤ ਵਸਤੂ-ਬਿੰਬਾਂ ਵਾਲਾ ਕਾਵਿ-ਸੰਸਾਰ ਹਰਿਭਜਨ ਸਿੰਘ-ਕਾਵਿ ਦਾ ਵਿਲੱਖਣ ਸੰਸਾਰ ਹੈ।

ਉਪਰੋਕਤ ਚਰਚਾ ਦੇ ਆਧਾਰ ਉਤੇ ਹਰਿਭਜਨ ਸਿੰਘ-ਕਾਵਿ ਦੀ ਵਿਲੱਖਣਤਾ ਉਸਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੂਰਤਨ ਵਿਧੀ ਦਵਾਰਾ ਨਿਸ਼ਚਿਤ ਹੁੰਦੀ ਹੈ ਅਸਲ ਵਿਚ ਹਰਿਭਜਨ ਸਿੰਘ ਪੰਜਾਬੀ ਦਾ ਇਕ ਅਜਿਹਾ ਕਵੀ ਹੈ ਜਿਸਨੇ ਆਪਣੇ ਸਮਕਾਲੀ ਕਵੀਆਂ ਤੋਂ ਆਪਣੀ ਕ੍ਰਵਿਤਾ ਦੀ ਵਖਰੀ ਹੋਂਦ ਇਸੇ ਵਿਸ਼ੇਸ਼ਤਾ ਦੇ ਆਧਾਰ ਤੇ ਕਾਇਮ ਕੀਤਾ ਹੈ। ਆਮ ਤੌਰ ਤੇ ਸਮੂਰਤਨ ਨੂੰ ਵਿਚਾਰ ਜਾਂ ਅਨੁਭਵ ਨੂੰ ਮੂਰਤੀਮਾਨ ਕਰਨ ਦੀ ਪ੍ਰਕਿਰਿਆ ਨਾਲ ਜੋੜਿਆ ਜਾਂਦਾ ਹੈ ਵਿਸ਼ੇਸ਼ ਕਰਕੇ ਪੰਜਾਬੀ ਦੀ ਕਾਵਿ-ਸਮੀਖਿਆ ਵਿਚ ਇਹ ਧਾਰਨਾ ਬਹੁਤ ਪਰਪਕ ਹੈ। ਕਿਸੇ ਵੀ ਕਵੀ ਦੀ ਕਾਵਿ ਪ੍ਰਕਿਰਿਆ ਜਾਂ ਪ੍ਰਾਪਤੀ ਦੀ ਗੱਲ ਕਰਨ ਲਗਿਆਂ ਸਾਡੇ ਸਮੀਖਿਅਕ ਇਹੀ ਕਹਿੰਦੇ ਹਨ ਕਿ ਇਸ ਕਵੀ ਨੇ ਆਪਣੇ ਵਿਚਾਰ ਜਾਂ ਅਨੁਭਵ ਦਾ ਸਚਿਤਰਣ ਕੀਤਾ ਹੈ ਤੇ ਇਸੇ ਪ੍ਰਸੰਗ ਵਿਚ ਉਹ ਕਵੀ ਦੀ ਬਿੰਬ ਸਿਰਜਣਾ ਦੀ ਗੱਲ ਕਰਦੇ ਹਨ। ਪਰ ਰਤਾ ਕੁ ਧਿਆਨ ਨਾਲ ਵੇਖਿਆਂ ਇਹ ਗੱਲ ਸਮਝ ਆਉਂਦੀ ਹੈ ਕਿ ਇਸ ਧਾਰਨਾ ਵਿਚ ਅਚੇਤ ਹੀ ਇਕ ਦਵੈਤ ਦਾ ਸੰਸਕਾਰ ਕਾਰਜਸ਼ੀਲ ਹੈ ਅਤੇ ਇਹ ਅਚੇਤ ਹੀ ਇਕ ਪਾਸੇ ਵਿਚਾਰ ਜਾ ਅਨੁਭੂਤੀ ਨੂੰ ਰਖ ਲੈਂਦਾ ਹੈ ਅਤੇ ਦੂਜੇ ਪਾਸੇ ਕਿਸੇ ਸਮੂਰਤ ਚਿਤਰ ਨੂੰ ਰਖ ਲੈਂਦਾ ਹੈ ਤੇ ਆਪਣੀ ਦਲੀਲ ਨੂੰ ਇਸ ਤਰ੍ਹਾਂ ਸਪਸ਼ਟ ਕਰਦਾ ਹੈ ਜਿਵੇਂ ਕਵੀ ਨੇ ਵਿਸ਼ੇਸ਼ ਪ੍ਰਕਾਰ ਦੇ ਵਿਚਾਰ ਜਾਂ ਅਨੁਭੂਤੀ ਨੂੰ ਉਸ ਨਾਲ ਢੁਕਦੇ ਬਣਦੇ ਚਿਤਰ ਰਾਹੀਂ ਉਦਾਹਰੀਕਰਣ ਕੀਤਾ ਹੋਵੇ। ਇਸ ਤਰ੍ਹਾਂ ਦੀ ਵਿਸ਼ੇਸ਼ਤਾ ਤਾਂ ਬਹੁਤ ਪੁਰਾਣੀ ਤੇ ਸਰਲ ਕਵਿਤਾ ਨਾਲ ਸੰਬੰਧਿਤ ਸੀ। ਐਸੀ ਕਵਿਤਾ ਉਘੜਵੇਂ ਰੂਪ ਵਿਚ ਜਾ ਤਾਂ ਭਾਈ ਗੁਰਦਾਸ ਦੀ ਹੈ ਜਾਂ ਭਾਈ ਵੀਰ ਸਿੰਘ ਦੀ। ਇਹ ਦੋਵੇਂ ਕਵੀ ਸੋਚਦੇ ਵਖਰੀ ਤਰ੍ਹਾਂ ਹਨ ਅਤੇ ਸੋਚ ਦੀ ਅਭਿਵਿਅਕਤੀ ਵੱਖਰੀ ਤਰ੍ਹਾਂ ਕਰਦੇ ਹਨ। ਇਨ੍ਹਾਂ ਦਾ ਬੁਨਿਆਦੀ ਪ੍ਰਯੋਜਨ ਸਿਖਿਆ ਦੀ ਪੱਧਰ ਤੇ ਆਪਣੇ ਕਾਵਿ ਰਾਹੀਂ ਗਿਆਨ ਦੇਣਾ ਹੈ ਇਸ ਲਈ ਇਨ੍ਹਾਂ ਦਾ ਸਾਰਾ ਸਮੂਰਤਨ ਉਦਾਹਰਣ ਜਾਂ ਦ੍ਰਿਸ਼ਟਾਂਤ ਦੇ ਰੂਪ ਵਿਚ ਸਾਕਾਰ ਹੁੰਦਾ ਹੈ। ਪਰ ਮਜੇਦਾਰ ਗੱਲ ਇਹ ਹੈ ਕਿ ਇਨ੍ਹਾਂ ਕਵੀਆਂ ਦੀ ਇਹ ਵਿਸ਼ੇਸ਼ਤਾ ਇਕ ਸੰਸਕਾਰ ਬਣਕੇ ਸਾਡੇ ਕਾਵਿ ਅਵਚੇਤਨ ਵਿਚ ਨਿਰੰਤਰ ਯਾਤ੍ਰਾ ਕਰਦੀ ਤੁਰੀ ਆਈ ਹੈ। ਇਹੀ ਕਾਰਣ ਹੈ ਕਿ ਸਾਡੇ ਆਧੁਨਿਕ ਕਵੀ ਜਿਨ੍ਹਾਂ ਵਿਚ ਅਸੀਂ ਮੋਹਨ ਸਿੰਘ, ਅਮ੍ਰਿਤਾ ਪ੍ਰੀਤਮ, ਦੀਵਾਨ ਸਿੰਘ ਕਾਲੇਪਾਣੀ ਪ੍ਰੀਤਮ ਸਿੰਘ ਸਫੀਰ, ਬਾਵਾ ਬਲਵੰਤ, ਜਸਬੀਰ ਆਹਲੂਵਾਲੀਆ, ਸੁਖਪਾਲ ਵੀਰ ਸਿੰਘ ਹਸਰਤ, ਆਦਿ ਨੂੰ ਸ਼ਾਮਿਲ ਕਰ ਸਕਦੇ ਹਾਂ, ਬੁਨਿਆਦੀ ਤੌਰ ਤੇ ਆਪਣੀ ਮਾਨਸਿਕਤਾ ਇਸੇ ਸੰਸਕਾਰ ਉਪਰ ਆਧਾਰਿਤ ਕਰਦੇ ਹਨ। ਇਨ੍ਹਾਂ ਕਵੀਆਂ ਵਿਚ ਬੜੇ ਸਪਸ਼ਟ ਸ਼ਬਦਾਂ ਵਿਚ ਇਹ ਗੱਲ ਵੇਖਣ ਨੂੰ ਮਿਲਦੀ ਹੈ ਕਿ ਇਹ ਕਵਿਤਾ ਨੂੰ ਇਕ ਮਾਧਿਅਮ ਮਾਤਰ ਸਮਝਦੇ ਹਨ ਅਤੇ ਕਵਿਤਾ ਦੇ ਉਦੇਸ਼ ਨੂੰ ਕਵਿਤਾ ਤੋਂ ਪਾਰ ਮੰਨਦੇ ਹਨ। ਕਵਿਤਾ ਦਾ ਆਪਣਾ ਯਥਾਰਥ ਜਾਂ ਪਦਾਰਥਕ ਵਜੂਦ ਕਦੀ ਵੀ ਇਨ੍ਹਾਂ ਦੀ ਮਾਨਸਿਕਤਾ ਨੂੰ ਸੰਤੁਸ਼ਟ ਨਹੀਂ ਕਰਦਾ ਇਹ ਹਮੇਸ਼ਾਂ ਹੀ ਇਸ ਤੋਂ ਪਾਰ ਝਾਕ ਕੇ ਕਿਸੇ ਬਾਹਰਲੇ ਵਿਚਾਰ ਜਾ ਉਦੇਸ਼ ਨੂੰ ਕਵਿਤਾ ਵਿਚ ਉਤਾਰਦੇ ਹਨ। ਇਸੇ ਲਈ ਇਨ੍ਹਾਂ ਦੀ ਕਵਿਤਾ ਵਿਚ ਬਿੰਬ ਤਾਂ ਹੁੰਦਾ ਹੈ, ਪਰ ਬਿੰਬ ਤੇ ਵਿਚਾਰ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਫਾੜ ਸਾਫ ਨਜ਼ਰ ਆਉਂਦਾ ਹੈ। ਹਰਿਭਜਨ ਸਿੰਘ ਕਾਵਿ-ਨਿਰਮਾਨ ਦੇ ਅਜਿਹੇ ਦ੍ਰਿਸ਼ ਨੂੰ ਨਿਸ਼ਚੇ ਹੀ ਉਲੰਘਦਾ ਹੈ ਉਹ ਜਦੋਂ ਆਪਣੀ ਕਵਿਤਾ ਨੂੰ ਸਮੂਰਤਨ ਦੀ ਪਧਰ ਉਪਰ ਸਾਕਾਰ ਕਰਦਾ ਹੈ ਤਾਂ ਸਮੂਰਤਨ ਤੇ ਉਸਦੀ ਕਾਵਿ-ਪ੍ਰਕਿਰਿਆ ਇਕ ਦੂਜੇ ਵਿਚ ਅਭੇਦ ਹੋਕੇ ਸਾਹਮਣੇ ਆਉਂਦੇ ਹਨ। ਇਸੇ ਲਈ ਅਸੀਂ ਇਹ ਕਹਿੰਦੇ ਹਾਂ ਕਿ ਹਰਿਭਜਨ ਸਿੰਘ ਤਾਂ ਚਿੰਤਨ ਹੀ ਸਮੂਰਤਨ ਦੀ ਭਾਸ਼ਾ ਵਿਚ ਕਰਦਾ ਹੈ। ਹਰਿਭਜਨ ਸਿੰਘ ਪੰਜਾਬੀ ਦਾ ਸ਼ਾਇਦ ਪਹਿਲਾ ਕਵੀ ਹੈ ਜਿਸ ਨੇ ਕਾਵਿ ਨੂੰ ਹੀ ਕਾਵਿ ਦਾ ਲਖਸ਼ ਮੰਨਿਆ ਹੈ। ਕਿਸੇ ਕਾਵਿ ਤੋਂ ਪਾਰਲੇ ਜਾਂ ਬਾਹਰਲੇ ਉਦੇਸ਼ ਦੇ ਪ੍ਰਗਟਾਵੇ ਲਈ ਉਸਨੇ ਕਾਵਿ ਨੂੰ ਮਾਧਿਅਮ ਨਹੀਂ ਬਣਾਇਆ ਜਦੋਂ ਉਸਨੂੰ ਪ੍ਰਤੱਖਣਾ ਦਾ ਕਵੀ ਜਾਂ ਸੁਹਜ-ਸਿਰਜਣਾ ਦਾ ਕਵੀ ਜਾਂ ਪ੍ਰਗੀਤਕਾਰ ਕਵੀ ਕਿਹਾ ਜਾਂਦਾ ਹੈ ਤਾਂ ਉਦੋਂ ਵੀ ਅਚੇਤ ਹੀ ਉਸਦੀ ਸਮੂਰਤਨ ਦੀ ਭਾਸ਼ਾ ਉਪਰ ਹੀ ਬਲ ਦਿੱਤਾ ਜਾਂਦਾ ਹੈ। ਇਸਦਾ ਇਹ ਭਾਵ ਵੀ ਨਹੀਂ ਕਿ ਹਰਿਭਜਨ ਸਿੰਘ ਨੇ ਕਾਵਿ ਦੇ ਆਲੇ ਦੁਆਲੇ ਪੱਸਰੇ ਜਗਤ ਤੋਂ ਕੋਈ ਪ੍ਰਭਾਵ ਗ੍ਰਹਿਣ ਨਹੀਂ ਕੀਤਾ ਸਗੋਂ ਉਸਨੇ ਤਾਂ 'ਨਾ ਧੁੱਪੇ ਨਾ ਛਾਵੇਂ' ਪੁਸਤਕ ਰਚਨ ਸਮੇਂ ਅਸਤਿਤਵਵਾਦੀ ਚਿੰਤਨ ਤੋਂ ਖਾਸੀ ਪ੍ਰੇਰਨਾ ਲਈ। ਉਸਦੀਆਂ ਅਪ੍ਰਮਾਣਿਕਤਾ ਦੇ ਥੀਮ ਨਾਲ ਸੰਬੰਧਿਤ ਕਵਿਤਾਵਾਂ ਵਿਚੋਂ ਅਸਤਿਤਵਵਾਦ ਨਾਲ ਸੰਬੰਧਿਤ ਸੱਮਸਿਆਵਾਦ ਦੇ ਕਈ ਪਹਿਲੂ ਨਜ਼ਰ ਆਉਂਦੇ ਹਨ। ਇਸੇ ਤਰਾਂ 'ਅਲਫ ਦੁਪਹਿਰ' ਉਸਨੇ ਬੰਗਲਾ ਦੇਸ਼ ਦੇ ਸਮੇਂ ਵਾਪਰੀ ਮਾਨਵੀ ਤ੍ਰਾਸਦੀ ਤੋਂ ਪ੍ਰਭਾਵਿਤ ਹੋ ਕੇ ਲਿਖੀ। 'ਟੁੱਕੀਆਂ ਜੀਭ੍ਹਾਂ ਵਾਲੇ' ਸਾਰੀ ਪੁਸਤਕ ਐਮਰਜੈਂਸੀ ਦੇ ਪ੍ਰਤੀਕਰਮ ਵਜੋਂ ਲਿਖੀ। ਪਰ, ਹਰਿਭਜਨ ਸਿੰਘ ਕਾਵਿ-ਬਾਹਰੇ ਸੰਸਾਰ ਤੋਂ ਪ੍ਰੇਰਿਤ ਹੋਕੇ ਵੀ ਮੁੜਦਾ ਕਾਵਿ ਸੰਸਾਰ ਵਲ ਹੀ ਹੈ ਅਤੇ ਉਹ ਕਾਵਿ-ਬਾਹਰੀਆਂ ਸਮੱਸਿਆਵਾਂ ਨੂੰ ਕਾਵਿ-ਰੂਪ ਵਿਚ ਢਾਲ ਸਕਣ ਵਿਚ ਖਾਸਾ ਸਮਰਥ ਹੈ। ਹਾਂ ਕਿਤੇ ਕਿਤੇ ਉਸਦੀ ਕਵਿਤਾ ਵਿਚ ਟਿੱਪਣੀ ਜਰੂਰ ਸ਼ਾਮਿਲ ਹੁੰਦੀ ਹੈ। ਪਰ, ਇਹ ਟਿੱਪਣੀ ਕਾਵਿ ਤੋਂ ਬਾਹਰ ਜਾਣ ਦੀ ਬਜਾਏ ਕਾਵਿ ਦੇ ਅਰਥਾਂ ਨੂੰ ਹੋਰ ਗਹਿਰਾਈ ਦੇਂਦੀ ਹੈ।

ਉਪਰੋਕਤ ਪ੍ਰਸੰਗ ਵਿਚ ਡਾ. ਹਰਿਭਜਨ ਸਿੰਘ ਦੀ ਇਕ ਕਵਿਤਾ 'ਜਾਲੇ' ਦੀ ਗੱਲ ਕੀਤੀ ਜਾ ਸਕਦੀ ਹੈ। ਇਸ ਕਵਿਤਾ ਦਾ ਸੰਬੰਧ ਉਸਦੀ ਕਾਵਿ ਪੁਸਤਕ 'ਟੁੱਕੀਆਂ ਜੀਭ੍ਹਾਂ ਵਾਲੇ' ਨਾਲ ਹੈ। ਇਸ ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਇਕ ਵਿਸ਼ੇਸ਼ ਇਤਿਹਾਸਕ ਸਥਿਤੀ ਵਿਚ ਵਿਚਰਦੇ ਮਨੁੱਖ ਦੇ ਅਨੁਭਵ ਨਾਲ ਸੰਬੰਧਿਤ ਹਨ। ਇਸ ਇਤਿਹਾਸਕ ਸਥਿਤੀ ਦਾ ਸੰਬੰਧ ਐਮਰਜੈਂਸੀ ਦੇ ਸਮੇਂ ਨਾਲ ਹੈ। 'ਜਾਲੇ' ਕਵਿਤਾ ਵੀ ਇਸੇ ਸਥਿਤੀ ਨੂੰ ਭੋਗਦੇ ਹੋਏ ਨਾਇਕ ਦੇ ਅਨੁਭਵ ਨੂੰ ਪੇਸ਼ ਕਰਦੀ ਹੈ। ਪਰ, 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਵਾਂਗ ਹੀ ਇਹ ਕਵਿਤਾ ਵੀ ਆਪਣੀ ਵਿਸ਼ੇਸ਼ ਇਤਿਹਾਸਕ ਸਥਿਤੀ ਤੋਂ ਪਾਰ ਚਲੀ ਜਾਂਦੀ ਹੈ ਅਤੇ ਅੰਤ ਇਹ ਕਵਿਤਾ ਇਕ ਐਸੀ ਸਥਿਤੀ ਨਾਲ ਜੁੜੇ ਅਨੁਭਵ ਦੀ ਕਵਿਤਾ ਹੋ ਨਿਬੜਦੀ ਹੈ ਜਿਹੜਾ ਸਮੇਂ ਸਥਾਨ ਤੋਂ ਪਾਰ ਹੈ। ਇਕ ਐਸੀ ਸਥਿਤੀ ਜਿਹੜੀ ਕਿਤੇ ਵੀ ਅਤੇ ਕਦੇ ਵੀ ਵਿਆਪ ਸਕਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਕਵਿਤਾ ਸੱਤ ਪੈਰਿਆਂ ਵਿਚ ਵੰਡੀ ਹੋਈ ਕਵਿਤਾ ਹੈ। ਅਤੇ ਇਨ੍ਹਾਂ ਸਤ ਪੈਰਿਆਂ ਵਿਚ ਕਵੀ ਇਸ ਤਥ ਦਾ ਪਰਿਚੈ ਦੇਂਦਾ ਹੈ ਕਿ ਉਹ ਆਪਣੇ ਆਲੇ ਦੁਆਲੇ ਦੇ ਸਮੁੱਚੇ ਪ੍ਰਬੰਧ ਬਾਰੇ ਪੂਰੀ ਤਰ੍ਹਾਂ ਚੇਤੰਨ ਹੈ। ਉਸ ਅਨੁਸਾਰ ਉਹ ਜਿਸ ਪ੍ਰਬੰਧ ਦੀ ਗੱਲ ਕਰ ਰਿਹਾ ਹੈ ਉਹ ਘੁੱਪ ਹਨੇਰੇ ਦਾ ਪ੍ਰਬੰਧ ਹੈ.

ਕਾਲਾ ਸੂਰਜ ਚੜ੍ਹੇ ਸਵੇਰੇ
ਕਾਲਾ ਹੀ ਡੁੱਬ ਜਾਵੇ
ਕਾਲਖ ਤੋਂ ਬਿਨ ਹੋਰ ਨਾ ਦੂਜਾ
ਕਿਉਂ ਕੋਈ ਬੱਤੀ ਬਾਲੇ।

ਇਸ ਪ੍ਰਬੰਧ ਵਿਚ ਜੀ ਰਹੇ ਅਤੇ ਇਸ ਤੋਂ ਪੈਦਾ ਹੋਈ ਸਥਿਤੀ ਨੂੰ ਭੋਗ ਰਹੇ ਮਨੁੱਖ ਦੇ ਸਮੁੱਚੇ ਅਨੁਭਵ ਨੂੰ ਇਹ ਕਵਿਤਾ ਪੇਸ਼ ਕਰਦੀ ਹੈ। ਕਵੀ ਕਵਿਤਾ ਦਾ ਆਰੰਭ ਇਸ ਕਥਨ ਤੋਂ ਕਰਦਾ ਹੈ :

ਜਾਲੇ ਜਾਲੇ ਜਾਲੇ
ਪੌਣਾਂ ਤੇ ਪਾਣੀ ਵਿਚ ਆਏ, ਉਡਦੇ ਰੁੜ੍ਹਦੇ ਜਾਲੇ।

ਇਹ ਆਰੰਭਕ ਕਥਨ ਆਸ ਪਾਸ ਵਿਆਪ ਰਹੀ ਸਥਿਤੀ ਨਾਲ ਪਾਠਕ ਦੀ ਜਾਣ ਪਛਾਣ ਕਰਾਉਂਦਾ ਹੈ। ਜਾਲੇ ਇਥੇ ਪ੍ਰਤੀਕ ਹੈ, ਅਸ਼ੁਧਤਾ ਦਾ, ਬੰਧਨ ਦਾ। ਕਵੀ ਇਥੇ ਮਨੁੱਖ ਦੇ ਜੀਉਣ ਲਈ ਬਹੁਤ ਜ਼ਰੂਰੀ ਪ੍ਰਕਿਰਤਕ ਵਸਤਾਂ ਦਾ ਜ਼ਿਕਰ ਕਰਦਾ ਹੈ - ਪੌਣ ਅਤੇ ਪਾਣੀ। ਇਹ ਵੀ ਇਸ ਸਥਿਤੀ ਵਿਚ ਵਾਤਾਵਰਣ ਵਿਚ ਵਿਆਪ ਰਹੀ ਅਸ਼ੁਧਤਾ ਤੋਂ ਮੁਕਤ ਨਹੀਂ। ਕਿਉਂਕਿ ਇਨ੍ਹਾਂ ਵਿਚ ਵੀ 'ਜਾਲੇ' ਆ ਗਏ ਹਨ।

ਕਵੀ ਦੀ ਦ੍ਰਿਸ਼ਟੀ ਵਿਚ ਇਹ ਉਹ ਸਥਿਤੀ ਹੈ ਜਿਸ ਵਿਚ ਰਹਿ ਰਿਹਾ ਮਨੁੱਖ ਸਰਕਾਰੀ ਹੁਕਮਾਂ ਦੀ ਅਵੱਗਿਆ ਕਰਨ ਦੀ ਹਿੰਮਤ ਨਹੀਂ ਕਰ ਸਕਦਾ। ਜੇ ਉਸਨੇ ਆਪਣਾ ਰੁਜ਼ਗਾਰ ਬਣਾਈ ਰਖਣਾ ਹੈ ਤਾਂ ਅੱਖਾਂ ਹੁੰਦਿਆ ਵੀ ਆਪਣੇ ਆਲੇ ਦੁਆਲੇ ਦੇ ਨਾਪਸੰਦ ਵਾਤਾਵਰਣ ਨੂੰ ਨਜ਼ਰਅੰਦਾਜ਼ ਕਰਨਾ ਪਵੇਗਾ। ਇਥੇ ਉਸਨੂੰ ਜੋ ਕੁਝ ਵੀ ਪ੍ਰਾਪਤ ਹੋਣਾ ਹੈ, ਪੂਰਨ ਸੱਚ ਪ੍ਰਾਪਤ ਨਹੀਂ ਹੋਣਾ। ਇਸ ਸਥਿਤੀ ਵਿਚ ਜੀਣ ਦਾ ਅਰਥ ਹੈ ਜਿਵੇਂ ਜੋ ਪ੍ਰਾਪਤ ਹੋਵੇ ਉਸਨੂੰ ਅਪਨਾਉਣਾ :

ਪੁਣ ਕੇ ਪੀਣਾ ਤੇ ਚੁਣ ਕੇ ਜੀਣਾ
ਇਹ ਨਹੀਂ ਪੁਗਦਾ ਹਾਲੇ

ਸਿਰਫ ਇਹ ਹੀ ਨਹੀਂ ਆਲੇ ਦੁਆਲੇ ਦਾ ਸਾਰਾ ਮਾਹੌਲ ਹੀ ਅਵਿਸ਼ਵਾਸ ਦਾ ਮਾਹੌਲ ਹੈ। ਇਹ ਮਾਹੌਲ ਵਿਚ ਕੋਈ ਵੀ ਕਿਸੇ ਉਪਰ ਇਤਬਾਰ ਨਹੀਂ ਕਰ ਸਕਦਾ। ਇਸ ਸਥਿਤੀ ਵਿਚ ਇਸ ਤੋਂ ਪਾਰ ਕਿਵੇਂ ਜਾਇਆ ਜਾਵੇ ਇਹ ਕਿਸੇ ਕੋਲੋਂ ਪੁੱਛਿਆ ਨਹੀਂ ਜਾ ਸਕਦਾ ਕਿਉਂਕਿ ਨਾ ਤਾਂ ਕਿਸੇ ਨੇ ਤੁਹਾਡੀ ਪੁੱਛ [illegible] ਹੈ ਅਤੇ ਨਾ ਹੀ ਤੁਸੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁੱਛ ਸਕਣਾ ਹੈ, ਕਿਉਂ ਕਿ ਤੁਹਾਡੇ ਉੱਪਰ ਅਤੇ ਦਸਣ ਵਾਲੇ ਉਪਰ ਪਹਿਰੇ ਹਨ।

ਕਵਿਤਾ ਦੇ ਅੰਤਲੇ ਦੋ ਪੈਰੇ ਕਾਵਿ-ਨਾਇਕ ਦੀ ਮਾਨਸਿਕਤਾ ਨਾਲ ਸਾਡੀ ਜਾਣ-ਪਛਾਣ ਕਰਾਉਂਦੇ ਹਨ। ਸਾਡਾ ਕਾਵਿ-ਨਾਇਕ ਇਕ ਚੇਤੰਨ ਵਿਅਕਤੀ ਹੈ, ਉਹ ਆਪਣੇ ਆਸ ਪਾਸ ਜੋ ਵਿਆਪ ਰਿਹਾ ਹੈ ਉਸ ਬਾਰੇ ਪੂਰੀ ਤਰ੍ਹਾਂ ਜਾਣਦਾ ਹੈ, ਉਸਨੂੰ ਨਾਪਸੰਦ ਕਰਦਾ ਹੈ ਅਤੇ ਉਸਦੇ ਵਿਰੁਧ ਆਪਣੀ ਆਵਾਜ਼ ਬੁਲੰਦ ਕਰਨੀ ਚਾਹੁੰਦਾ ਹੈ। ਉਹ ਇਸ ਲਈ ਕੋਈ ਮਦਦ ਚਾਹੁੰਦਾ ਹੈ। ਪਰ, ਉਸਨੂੰ ਇਹ ਮਦਦ ਪ੍ਰਾਪਤ ਨਹੀਂ ਹੁੰਦੀ। ਉਸਨੂੰ ਲਗਦਾ ਹੈ ਕਿ ਉਹ ਆਪਣੇ ਆਪ ਕੋਲੋਂ ਵੀ ਮਦਦ ਨਹੀਂ ਲੈ ਸਕਦਾ। ਉਹ ਸੋਚਦਾ ਹੈ ਕਿਸੇ ਦੂਜੇ ਕੋਲੋਂ ਇਨ੍ਹਾਂ ਜਾਲਿਆਂ ਨੂੰ ਹਟਾਉਣ ਲਈ ਮਦਦ ਲਈ ਜਾਵੇ। ਪਰ, ਜਿਵੇਂ ਉਹ ਆਪ ਆਪਣੇ ਮੱਥੇ ਲੱਗੇ ਤਾਲੇ ਖੋਲ੍ਹ ਸਕਣ ਵਿਚ, ਆਪਣੇ ਮਾਨਸਿਕ ਜਾਲੇ ਹਟਾਉਣ ਵਿਚ ਸਮਰਥ ਨਹੀਂ ਉਵੇਂ ਹੀ ਦੂਜੇ ਵੀ ਉਸਦੀ ਮਦਦ ਨਹੀਂ ਕਰ ਸਕਦੇ। ਉਹ ਵੀ ਸਚ ਦੀ ਬਾਣੀ ਸਮਝਦੇ ਬੇਸ਼ਕ ਹੋਣ, ਪਰ ਬੋਲ ਨਹੀਂ ਸਕਦੇ।

ਕਵਿਤਾ ਜਿਸ ਸਥਿਤੀ ਦੀ ਗੱਲ ਕਰਦੀ ਹੈ ਉਸ ਸਥਿਤੀ ਵਿਚ ਰਹਿਣ ਵਾਲੇ ਲੋਕਾਂ ਦੀ ਹੋਂਦ ਵਿਧੀ ਇਵੇਂ ਹੈ ਜਿਵੇਂ ਉਨ੍ਹਾਂ ਦੀਆਂ ਜੀਭ੍ਹਾਂ ਟੁਕੀਆਂ ਗਈਆਂ ਹੋਣ ਉਹ 'ਟੁਕੀਆਂ ਜੀਭ੍ਹਾਂ ਵਾਲੇ' ਹਨ ਜੋ ਵੇਖ ਤਾਂ ਸਕਦੇ ਹਨ, ਪਰ ਬੋਲ ਸਕਣਾ ਉਨ੍ਹਾਂ ਲਈ ਸੰਭਵ ਨਹੀਂ। ਇਕ ਡਰ ਹੈ, ਇਕ ਸਹਿਮ ਹੈ ਜਿਸਨੇ ਸਭ ਦੀ ਕੁਝ ਕਰ ਸਕਣ ਦੀ, ਬੋਲਣ ਦੀ ਸ਼ਕਤੀ ਖੋਹ ਲਈ ਹੈ। ਇਸੇ ਪ੍ਰਕਾਰ ਦੀ ਸਥਿਤੀ ਦੀ ਅਤੇ ਇਸ ਸਥਿਤੀ ਵਿਚ ਜੀ ਰਹੇ ਵਿਅਕਤੀ ਦੇ ਅਨੁਭਵ ਨੂੰ ਇਹ ਕਵਿਤਾ ਪੇਸ਼ ਕਰਦੀ ਹੈ।

ਇੰਜ ਇਹ ਕਵਿਤਾ ਆਪਣੀ ਵਿਸ਼ੇਸ਼ ਸਥਿਤੀ ਤੋਂ ਪਾਰ ਜਾ ਕੇ ਆਧੁਨਿਕ ਮਨੁੱਖ ਦੀ ਆਪਣੀ ਪਛਾਣ ਦੀ ਕਵਿਤਾ ਬਣ ਜਾਂਦੀ ਹੈ। ਹਰਿਭਜਨ ਸਿੰਘ ਦੀ ਇਸੇ ਯੋਗਤਾ ਨੂੰ ਹੀ ਅਸੀਂ ਕਾਵਿ-ਬਾਹਰੀ ਸਮੱਸਿਆਵਾਂ ਨੂੰ ਕਾਵਿ-ਰੂਪ ਵਿਚ ਢਾਲ ਸਕਣ ਦੀ ਯੋਗਤਾ ਦਾ ਨਾਮ ਦਿੱਤਾ ਹੈ।

ਹਰਿਭਜਨ ਸਿੰਘ ਦੇ 'ਟੁੱਕੀਆਂ ਜੀਭ੍ਹਾਂ ਵਾਲੇ' ਤੋਂ ਬਾਅਦ 'ਮਥਾਂ ਦੀਵੇ ਵਾਲਾ', 'ਨਿਕ ਸੁਕ', 'ਚੌਥੇ ਦੀ ਉਡੀਕ' ਆਦਿ ਕਈ ਹੋਰ ਕਾਵਿ-ਸੰਗ੍ਰਹਿ ਪੰਜਾਬੀ ਨੂੰ ਦਿਤੇ ਹਨ, ਪਰ ਇਨ੍ਹਾਂ ਵਿਚ ਵੀ ਹਰਿਭਜਨ ਸਿੰਘ ਉਪਰੋਕਤ ਵਿਚ ਬਣਾਈ ਧਾਰਨਾ ਦੇ ਅਨੁਰੂਪ ਹੀ ਯਾਤ੍ਰਾ ਕਰਦਾ ਵਿਖਾਈ ਦਿੰਦਾ ਹੈ। 'ਮੱਥਾ ਦੀਵੇ ਵਾਲਾ' ਉਸਦੀ ਇਕ ਲੰਮੇਰੀ ਰਚਨਾ ਹੈ। ਇਸ ਰਚਨਾ ਵਿਚ ਉਸਨੇ ਅਸਤਿੱਤਵਵਾਦ, ਪ੍ਰਗੀਤਕਤਾ ਤੇ ਸਮੂਰਤਨ ਇਨ੍ਹਾਂ ਤਿੰਨਾ ਨੂੰ ਹੀ ਇਕਠਿਆ ਕਰ ਦਿੱਤਾ ਹੈ। ਸੋ ਇਸ ਤਰ੍ਹਾਂ ਅਸੀਂ ਨਤੀਜੇ ਵਜੋਂ ਇਹ ਕਹਿ ਸਕਦੇ ਹਾਂ ਕਿ ਹਰਿਭਜਨ ਸਿੰਘ ਬੁਨਿਆਦੀ ਤੋਰ ਤੇ ਸਮੂਰਤਨ ਚਿੰਤਨਵਿਧੀ ਦਾ ਕਵੀ ਹੈ ਅਤੇ ਇਸੇ ਦੇ ਆਧਾਰ ਤੇ ਉਸਨੇ ਪੰਜਾਬੀ ਕਵਿਤਾ ਦੀ ਪਰੰਪਰਾ ਵਿਚ ਆਪਣੀ ਵਿਲੱਖਣਤਾ ਦੇ ਹਸਤਾਖ਼ਰ ਅੰਕਿਤ ਕੀਤੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੁਗਿੰਦਰ ਅਮਰ ਦੀ ਕਾਵਿ-ਯਾਤ੍ਰਾ

ਜੁਗਿੰਦਰ ਅਮਰ ਦੀ ਕਵਿਤਾ ਦਾ ਸੰਬੰਧ 1970 ਤੋਂ ਬਾਅਦ ਲਿਖੀ ਜਾਣ ਵਾਲੀ ਕਵਿਤਾ ਨਾਲ ਹੈ। 1970 ਵਿਚ ਉਸਦੀ ਪਹਿਲੀ ਕਾਵਿ-ਪੁਸਤਕ *'ਤਰਤੀਬ'* ਪ੍ਰਕਾਸ਼ਿਤ ਹੋਈ। 'ਤਰਤੀਬ' ਦਾ ਰੀਵੀਊ ਕਰਦਿਆਂ ਮੈਂ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਬਾਰੇ ਕਿਹਾ ਸੀ - ਜੁਗਿੰਦਰ ਅਮਰ ਦੀ ਪ੍ਰਥਮ ਕਾਵਿ-ਪੁਸਤਕ ਬਹੁਤ ਵਿਸ਼ਿਆਂ ਨੂੰ ਆਪਣੀ ਸੀਮਾ ਵਿਚ ਲਿਆਉਣ ਦਾ ਯਤਨ ਕਰਦੀ ਹੈ। ਕਵੀ ਇਸ ਵਿਚ ਆਪਣੇ ਬਹੁਪੱਖੀ ਜੀਵਨ-ਅਨੁਭਵ ਨੂੰ ਕਾਵਿ-ਰੂਪ ਵਿਚ ਅਭਿਵਿਅਕਤ ਕਰਨ ਲਈ ਪ੍ਰਯਤਨਸ਼ੀਲ ਹੈ। ਉਸਦੀਆਂ ਕਵਿਤਾਵਾਂ ਸਿਰਜਣ ਦੀਆਂ ਮਜਬੂਰੀਆਂ ਨੂੰ ਪਾਰ ਕਰਕੇ ਕਾਵਿ-ਪਦਵੀ ਪ੍ਰਾਪਤ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਇਨ੍ਹਾਂ ਕਵਿਤਾਵਾਂ ਦੀ ਸਥਿਤੀ ਕਵੀ ਦੀ ਹੰਢਾਈ ਹੋਈ ਸਥਿਤੀ ਹੋਣ ਕਾਰਨ ਉਸਦੇ ਅਨੁਭਵ ਦਾ ਭਾਗ ਬਣ ਕੇ ਕਾਵਿ-ਅਭਿਵਿਅਕਤੀ ਗ੍ਰਹਿਣ ਕਰਦੀ ਹੈ।

'ਤਰਤੀਬ' ਵਿਚਲੀਆਂ ਕਵਿਤਾਵਾਂ ਦਾ ਕੇਂਦਰੀ ਪ੍ਰਕਾਸ਼-ਬਿੰਦੂ ਰੋਸ ਜਾਂ ਵਿਦ੍ਰੋਹ ਹੈ। ਕਿਸੇ ਓਪਰੇ ਭਾਰ ਹੇਠ ਦੱਬਿਆ ਮੱਨੁਖ ਜਿਸ ਦੁਖਿਤ ਭਾਵਨਾ ਨਾਲ ਗ੍ਰਸਤ ਹੁੰਦਾ ਹੈ ਉਸਦਾ ਚਿਤ੍ਰਣ 'ਤਰਤੀਬ' ਵਿਚ ਕਈ ਥਾਵਾਂ ਤੇ ਹੋਇਆ ਹੈ। ਇਸੇ ਸਥਿਤੀ ਦੀ ਹੋਂਦ ਇਨ੍ਹਾਂ ਕਵਿਤਾਵਾਂ ਨੂੰ ਬੋਲ ਪ੍ਰਦਾਨ ਕਰਦੀ ਹੈ।

1970 ਵਿਚ ਪ੍ਰਕਾਸ਼ਿਤ 'ਤਰਤੀਬ' ਤੋਂ 'ਆਲ੍ਹਣਾ ਨਾ ਪਾਈ' (1992) ਕਾਵਿ-ਸੰਗ੍ਰਹਿ ਦੇ ਪ੍ਰਕਾਸ਼ਨ ਤੱਕ ਉਸਨੇ ਕਾਵਿ-ਸਿਰਜਨਾ ਦਾ ਇਕ ਲੰਮਾ ਸਫਰ ਤੈਅ ਕੀਤਾ ਹੈ। ਇਸ ਯਾਤ੍ਰਾ ਦੇ ਦੌਰਾਨ ਉਸਦੀ ਕਵਿਤਾ ਨੇ ਵਿਕਾਸ ਦੇ ਕਈ ਪੜਾਅ ਪਾਰ ਕੀਤੇ ਹਨ।

ਜੁਗਿੰਦਰ ਅਮਰ ਦੀ ਦੂਸਰੀ ਕਾਵਿ-ਪੁਸਤਕ *'ਦੂਜਾ ਸੂਰਜ'* (1982) ਬਾਰਾਂ ਸਾਲਾਂ ਬਾਅਦ ਪ੍ਰਕਾਸ਼ਿਤ ਹੋਈ। ਬਾਰਾਂ ਸਾਲਾਂ ਦੇ ਇਸ ਲੰਮੇ ਸਮੇਂ ਦੇ ਦੌਰਾਨ ਇਸ ਤਰ੍ਹਾਂ ਪ੍ਰਤੀਤ ਹੁੰਦਾ ਰਿਹਾ ਜਿਵੇਂ ਜੁਗਿੰਦਰ ਅਮਰ ਨੇ ਕਵਿਤਾ ਦੇ ਖੇਤਰ 'ਚੋਂ ਸਨਿਆਸ ਲੈ ਲਿਆ ਹੋਵੇ। ਕਿਉਂਕਿ ਇਸ ਸਮੇਂ ਉਸਦੀਆਂ ਕਵਿਤਾਵਾਂ ਬਹੁਤ ਟਾਂਵੀਆਂ ਹੀ ਛਪਦੀਆਂ ਰਹੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ, ਉਹ ਚੁੱਪ ਨਹੀਂ ਸੀ। ਨਿਰੰਤਰ ਰਚਨਾ ਕਰ ਰਿਹਾ ਸੀ। ਉਪਜੀਵਕਾ ਲਈ ਸੰਘਰਸ਼ ਦੇ ਰੁਝੇਵੇਂ ਕਾਰਣ ਉਹ ਬਹੁਤ ਲੰਮੇ ਸਮੇਂ ਤਕ ਕਵਿਤਾਵਾਂ ਦੇ ਪ੍ਰਕਾਸ਼ਨ ਵਲ ਧਿਆਨ ਨਾ ਦੇ ਸਕਿਆ। ਇਸ ਰੁਝੇਂਵੇਂ ਤੋਂ ਥੋੜਾ ਕੁ ਵਿਹਲ ਮਿਲਿਆ ਤਾਂ ਉਸ ਦਾ ਧਿਆਨ ਇਸ ਸਮੇਂ ਦੌਰਾਨ ਸਹਿਜ ਹੀ ਰਚੀ ਗਈ ਕਵਿਤਾ ਵਲ ਗਿਆ। ਭਾਰਤ ਵਿਚ ਸਾਹਿਤਕਾਰੀ ਦੀ ਸਥਿਤੀ ਇਹੀ ਹੈ। ਸਾਹਿਤ-ਰਚਨਾ ਕੀਤੀ ਤੇ ਜਾ ਸਕਦੀ ਹੈ, ਪਰ ਉਸ ਦੇ ਪ੍ਰਕਾਸ਼ਨ ਨੂੰ ਉਸ ਸਮੇਂ ਤਕ ਇੰਤਜ਼ਾਰ ਕਰਨੀ ਪੈਂਦੀ ਹੈ ਜਦ ਉਸਦਾ ਰਚੈਤਾ ਉਪਜੀਵਕਾ ਵਲੋਂ ਰਤਾ ਬੇਫਿਕਰ ਹੋ ਜਾਵੇ। ਇਸ ਦ੍ਰਿਸ਼ਟੀ ਤੋਂ ਸਾਹਿਤ ਘਾਟੇ ਵਾਲਾ ਸੌਦਾ ਹੈ। ਪਰ, ਜ਼ਿੰਦਗੀ ਵਿਚ ਇਸ ਤਰ੍ਹਾਂ ਦੇ ਸੌਦੇ ਵੀ ਤੇ ਕਰਨੇ ਹੀ ਪੈਂਦੇ ਹਨ।

1970 ਤੋਂ ਬਾਅਦ ਲਿਖੀਆਂ ਗਈਆਂ ਕਵਿਤਾਵਾਂ ਵਿਚੋਂ ਕੁਝ ਕੁ ਚੋਣਵੀਆਂ ਕਵਿਤਾਵਾਂ 'ਦੂਜਾ ਸੂਰਜ' ਵਿਚ ਪ੍ਰਕਾਸ਼ਿਤ ਹੋਇਆਂ। ਇੰਨ੍ਹਾਂ (1982) ਕਵਿਤਾਵਾਂ ਦੀ ਚੋਣ ਵਿਚ ਮੇਰਾ ਵੀ ਹਿੱਸਾ ਸੀ ਅਤੇ ਇਸ ਚੋਣ ਦੇ ਦੌਰਾਨ ਮੈਂ ਮਹਿਸੂਸ ਕੀਤਾ ਕਿ ਜੁਗਿੰਦਰ ਅਮਰ ਲਈ ਸਭ ਤੋਂ ਵੱਡੀ ਖਿੱਚ ਵਾਲਾ ਵਿਸ਼ਾ ਸਮਾਜਕ ਸਥਿਤੀ ਦਾ ਵਿਸ਼ਲੇਸ਼ਨ ਕਰਨਾ ਹੈ। ਉਸਦੀ ਕਵਿਤਾ ਦੇ ਆਰ ਪਾਰ ਫੈਲੀ ਇਸ ਸਥਿਤੀ ਨੂੰ ਹੇਠਲੀਆਂ ਸਤਰਾਂ ਦੇ ਪ੍ਰਸੰਗ ਵਿਚ ਵਿਚਾਰਿਆ ਜਾ ਸਕਦਾ ਹੈ :

ਪੈਰਾਂ ਹੇਠ ਲਿਤੜੀ ਹੋਈ
ਮਿੱਟੀ ਨੇ ਆਖਰ
ਇਕ ਕਰਵਟ ਲਈ
ਸਾਹਸ ਦਾ ਜਿਸਮ ਪਹਿਨ
ਤੱਤੇ ਲਹੂ ਦਾ ਸੇਕ
ਵਿਦਰੋਹ ਦੀਆਂ ਬਰੂਹਾਂ ਲੰਘ ਕੇ
ਆਵਾਜ਼ ਦੇ ਸੇਕ ਨਾਲ
ਹੋ ਗਿਆ, ਸੰਗਸਾਰ

ਜੁਗਿੰਦਰ ਅਮਰ ਦੀ ਕਵਿਤਾ ਦਾ ਬਹੁਤ ਵੱਡਾ ਭਾਗ ਇਨ੍ਹਾਂ ਸਤਰਾਂ ਵਿਚ ਸੰਕੇਤਿਤ ਸਥਿਤੀ ਨਾਲ ਹੀ ਸੰਬੰਧਿਤ ਹੈ। ਇਹ ਕਵਿਤਾਵਾਂ ਜਾਂ ਤਾਂ 'ਮਿਟੀ ਦੇ ਕਰਵਟ ਲੈਣ' ਤੋਂ ਪੂਰਬਲੀ ਸਥਿਤੀ ਤੇ ਵਿਸ਼ਲੇਸ਼ਨ, ਵਲ ਰੁਚਿਤ ਹਨ ਜਾਂ ਫਿਰ ਇਸ ਤੋਂ ਬਾਅਦ, ਜਿਸ ਸਥਿਤੀ ਦੀ ਪਛਾਣ ਦੇ ਫਲ, 'ਵਿਦਰੋਹ' ਅਤੇ ਸੰਘਰਸ਼ ਨਾਲ ਆਪਣਾ ਨਾਤਾ ਜੋੜਦੀਆਂ ਹਨ। ਪਹਿਲੀ ਪ੍ਰਕਾਰ ਦੀ ਕਵਿਤਾ ਸਮਾਜਕ ਸਥਿਤੀ ਦਾ ਅਧਿਐਨ ਕਰਦੀ ਹੈ। ਪਰ, ਇਹ ਅਧਿਐਨ ਇਸ ਤੋਂ ਪਾਰ ਜਾਂਦਾ ਹੈ ਅਤੇ ਇਸ ਸਥਿਤੀ ਵਿਚ ਜੂਝਦੇ ਹੋਏ ਵਿਅਕਤੀਆਂ ਦੀ ਕਾਰਜਸ਼ੀਲਤਾ ਦੀ ਗਲ ਕਰਦਾ ਹੈ। ਕਵੀ ਉਨ੍ਹਾਂ ਵਿਅਕਤੀਆਂ ਦੀ ਪਛਾਣ ਕਰਾਉਂਦਾ ਹੈ ਜਿਹੜੇ ਠੰਡੇ ਯਖ ਰੋਗੀ ਛਿਣਾਂ ਦੀ ਵਾਛੜ ਨਾਲ ਜੂਝ ਰਹੇ ਨੇ;

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਇੰਨ੍ਹਾਂ ਤੋਂ ਸੁਤੰਤਰ ਹੋਣ ਲਈ ਯਤਨ ਨਹੀਂ ਕਰਦੇ। ਇਹ ਕਵਿਤਾ ਇਸ ਤਰ੍ਹਾਂ ਦੇ ਅਨਾਇਕ ਨੂੰ ਨਾਇਕਤਵ ਪ੍ਰਾਪਤ ਕਰਨ ਲਈ ਵੰਗਾਰਦੀ ਹੈ :

ਦੋਸਤੋ
ਉਡੀਕ ਦੇ ਘੁੱਪ ਹਨੇਰੇ ਵਿਚ ਖਲੋਤੇ
ਦੰਦਾਂ ਹੇਠ
ਅਤੀਤ ਦੇ ਸ਼ੀਸ਼ੇ ਚਿੱਥਦੇ
ਕਦੋਂ ਤੀਕ
ਠੰਡੇ ਯਖ ਰੋਗੀ ਛਿਣਾਂ ਦੀ
ਵਾਛੜ ਨਾਲ
ਜੂਝਦੇ ਰਹੋਗੇ!

ਅਤੀਤ ਤੋਂ ਮੁਕਤ ਹੋਕੇ ਵਰਤਮਾਨ ਨੂੰ ਪਾਰ ਕਰਨ ਦੇ ਸੰਘਰਸ਼ ਵਿਚ ਸ਼ਾਮੂਲੀਅਤ ਹੀ ਨਾਇਕਤਵ ਨੂੰ ਪ੍ਰਾਪਤ ਕਰਨ ਦਾ ਰਾਹ ਹੈ, ਇੰਨ੍ਹਾਂ ਕਵਿਤਾਵਾਂ ਦਾ ਨਾਇਕ ਉਸ ਵਰਤਮਾਨ ਦੀ ਪਛਾਣ ਕਰਾਉਂਦਾ ਹੈ ਜਿਹੜਾ ਅਤੀਤ ਨਾਲ ਜੁੜਿਆ ਹੋਇਆ ਹੈ ਅਤੇ ਇਸ ਸਥਿਤੀ ਨੂੰ ਭੋਗਦੇ ਹੋਏ ਅਨਾਇਕ ਨੂੰ ਨਾਇਕਤਵ ਦੀ ਪ੍ਰਾਪਤੀ ਦੇ ਰਾਹ ਵਲ ਟੋਰਦਾ ਹੈ। ਇਸ ਪ੍ਰਕਾਰ ਇਹ ਕਵਿਤਾਵਾ ਨਾਇਕ ਦੀ ਸਿਰਜਣਾਂ ਦੀਆਂ ਕਵਿਤਾਵਾਂ ਹਨ। ਪਰ, ਕਿਉਂਕਿ ਨਾਇਕਤਵ ਦਾ ਰਸਤਾ ਸੰਘਰਸ਼ ਦਾ ਰਸਤਾ ਹੈ ਇਸ ਕਰਕੇ ਇੰਨ੍ਹਾਂ ਕਵਿਤਾਵਾਂ ਵਿਚ ਸੰਘਰਸ਼ ਨੂੰ ਵੀ ਬੋਲ ਪ੍ਰਾਪਤ ਹੋਏ ਹਨ। ਪਰ, ਇਸ ਸੰਗ੍ਰਹਿ ਵਿਚ ਕੁਝ ਉਹ ਕਵਿਤਾਵਾਂ ਵੀ ਸ਼ਾਮਿਲ ਹਨ ਜਿਥੇ ਨਾਇਕ ਆਪਣੀ ਪ੍ਰਾਪਤੀ ਨੂੰ ਬਹੁਤ ਕਰੀਬ ਵੇਖਦਾ ਪ੍ਰਤੀਤ ਹੁੰਦਾ ਹੈ :

ਮੇਰੇ ਹਲਕ ਵਿਚ ਅਟਕੇ ਹੋਏ
ਮੇਰੀ ਆਵਾਜ਼ ਦੇ ਟੋਟੇ
ਮੇਰੀ ਜੀਭ ਤੋਂ ਲੰਘ ਕੇ
ਹੁਣ ਕਿਸੇ ਛਿਣ ਵੀ ਜੁੜ ਸਕਦੇ ਨੇ
ਇਕ ਘਟਨਾ ਨੂੰ ਸਿਰਜਣ ਲਈ
ਜ਼ਿਸਦਾ ਨਾਇਕ
ਤੂੰ ਨਹੀਂ
ਮੈਂ ਹੋਵਾਂਗਾ!

ਉਪਰ ਮੈਂ ਜਿੰਨ੍ਹਾਂ ਕਵਿਤਾਵਾਂ ਦੀ ਗਲ ਕੀਤੀ ਹੈ ਉਨ੍ਹਾਂ ਦਾ ਚਰਿਤ੍ਰ ਸਮੂਹਭਾਵੀ ਹੈ। ਇਹ ਕਵਿਤਾਵਾਂ ਸਮਾਜਕ ਪ੍ਰਸੰਗ ਵਿਚ ਨਾਇਕ ਦੇ ਰੋਲ ਨੂੰ ਪੇਸ਼ ਕਰਦੀਆਂ ਕਵਿਤਾਵਾਂ ਹਨ। ਪਰ, ਸਾਡਾ ਕਾਵਿ-ਨਾਇਕ ਇਸ ਸਮਾਜ ਦਾ ਜੀਵ ਹੋ ਕੇ ਵੀ ਇਕ ਵਿਅਕਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਏਸ ਕਰਕੇ ਉਸਦੀਆਂ ਕੁਝ ਸਮੱਸਿਆਵਾਂ ਸਮੂਹਭਾਵੀ ਹਨ, ਪਰ ਕੁਝ ਵਿਅਕਤੀਗਤ ਵੀ ਹਨ। ਇਹ ਉਹ ਸਮਸਿਆਵਾਂ ਹਨ ਜਿੰਨ੍ਹਾਂ ਦਾ ਸੰਬੰਧ ਉਸਦੇ ਨਿਜੀ ਸੰਬੰਧਾਂ ਦੇ ਸੰਸਾਰ ਨਾਲ ਹੈ। ਇਨ੍ਹਾਂ ਕਵਿਤਾਵਾਂ ਨੂੰ ਅਸੀਂ ਕਾਵਿ-ਨਾਇਕ ਦੇ ਸਵੈ ਦੀ ਪਛਾਣ ਦੀਆਂ ਕਵਿਤਾਵਾਂ ਅਤੇ ਸਵੈ ਦੇ ਦੂਜਿਆਂ ਨਾਲ ਅੰਤਰ-ਸੰਬੰਧਾਂ ਤੋਂ ਉਪਜੀ ਪਛਾਣ ਦੀਆਂ ਕਵਿਤਾਵਾਂ ਦਾ ਨਾਮ ਦੇ ਸਕਦੇ ਹਾਂ। ਇਨ੍ਹਾਂ ਕਵਿਤਾਵਾਂ ਵਿਚ ਇਕ ਮਹੱਤਵਪੂਰਨ ਕਵਿਤਾ ਹੈ 'ਕਸੌਟੀ'। ਇਸ ਕਵਿਤਾ ਦਾ ਸੰਬੰਧ ''ਮੈਂ'' ਅਤੇ 'ਉਨ੍ਹਾਂ' ਦੇ ਅੰਤਰ-ਸੰਬੰਧਾਂ ਦੀ ਪਛਾਣ ਨਾਲ ਹੈ। ਇਸ ਕਵਿਤਾ ਦਾ ਨਾਇਕ ਉਸ ਸਥਿਤੀ-ਬਿੰਦੂ ਦੇ ਖਲੋਤਾ ਹੈ ਜਿਥੇ ਉਹ ਇਨ੍ਹਾਂ ਅੰਤਰ-ਸੰਬੰਧਾਂ ਤੋਂ ਪ੍ਰਾਪਤ ਗਿਆਨ ਨੂੰ ਪ੍ਰਾਪਤ ਕਰੀ ਬੈਠਾ ਹੈ। ਇਸ ਸਥਿਤੀ-ਬਿੰਦੂ ਉਪਰ ਖਲੋਤਾ ਕਾਵਿ ਨਾਇਕ ਅਤੀਤ ਦਾ ਭਾਗ ਬਣੇ ਉਨ੍ਹਾਂ ਅੰਤਰ-ਸੰਬੰਧਾਂ ਵਿਚ ਸਵੈ ਅਤੇ 'ਉਨ੍ਹਾਂ' ਦੇ ਰੋਲ ਉਪਰ ਇਕ ਝਾਤ ਮਾਰਦਾ ਹੈ ਤਾਂ ਉਸਨੂੰ ਪ੍ਰਤੀਤ ਹੁੰਦਾ ਹੈ ਕਿ ਉਸਦੇ ਆਪਣੇ 'ਅਣਕਿਆਸੇ ਵਿਸ਼ਵਾਸ' ਦਾ ਹੀ ਸਾਰਾ ਕਸੂਰ ਹੈ। 'ਉਹ' ਕਾਵਿ-ਨਾਇਕ ਨੂੰ 'ਆਪਣੇ ਵਿਗੋਚਿਆਂ ਦਾ ਪੂਰਕ ਬਣਾਂਉਂਦੇ ਰਹੇ' ਅਤੇ ਕਾਵਿ-ਨਾਇਕ ਉਨ੍ਹਾਂ ਦੇ 'ਆਪਣੇ ਵਿਗੋਚਿਆਂ ਦਾ 'ਪੂਰਕ' ਬਣਨਾ ਲੋਚਦਾ ਰਿਹਾ :

ਉਹ ਜਦੋਂ ਵੀ ਆਉਂਦੇ
ਓਪਰੇ ਹਾਸੇ ਹਸਦੇ
ਤੇ ਫੋਕੀਆਂ ਸਿਫਤਾਂ ਦੇ
ਖਿਡੌਣੇ
ਮੇਰੇ ਹਥ ਤੇ ਧਰ ਕੇ
ਤੁਰ ਜਾਂਦੇ।

ਪਰ, ਇਕ ਸਥਿਤੀ ਆਈ ਜਦੋਂ ਨਾਇਕ ਨੂੰ ਇਨ੍ਹਾਂ ਸੰਬੰਧਾਂ ਦੇ ਯਥਾਰਥ ਦੀ ਪਛਾਣ ਆ ਗਈ। ਇਸ ਸਵੈ-ਪਛਾਣ ਨੇ ਉਸਦੇ ਆਪਣੇ ਵਿਅਕਤਿਤਵ ਨੂੰ ਪਰਿਵਰਤਿਤ ਕਰ ਦਿੱਤਾ। 'ਉਨ੍ਹਾਂ' ਦੇ ਵਿਹਾਰ ਦੀ ਪਛਾਣ ਤੋਂ ਬਾਅਦ 'ਮੈਂ' ਪਰਿਵਰਤਿਤ ਮਾਨਸਿਕਤਾ ਵੱਲ ਸੰਕੇਤ ਕਰਦਾ ਹੈ :

ਫਿਰ ਕਦੇ
ਮੈਂ
ਕਿਸੇ ਵਿਗੋਚੇ ਦਾ
ਪੂਰਕ ਬਣ ਸਕਾਂਗਾ!

ਇਸ ਪੁੱਛ ਦਾ ਨਿਸ਼ਚਿਤ ਉਤਰ ਨਾਂਹ ਵਿਚ ਹੀ ਦਿਤਾ ਜਾ ਸਕਦਾ ਹੈ। ਅਤੇ ਇਸ ਨਕਾਰਾਤਮਕਤਾ ਦੇ ਉਦੈ ਦੀ ਜ਼ੁੰਮੇਵਾਰੀ ਨਿਸ਼ਚੇ ਹੀ 'ਉਨ੍ਹਾਂ' ਦੇ ਸਿਰ ਹੈ। ਇਸ ਅਤੇ ਜੁਗਿੰਦਰ ਅਮਰ ਦੀਆਂ ਕਈ ਹੋਰ ਕਵਿਤਾਵਾਂ ਦੀ ਵਿਸ਼ੇਸ਼ਤਾ ਇਨ੍ਹਾਂ ਦੀ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਚਨਾ-ਜੁਗਤ ਹੈ ਜਿਸ ਦਾ ਆਧਾਰ ਵਿਰੋਧੀ ਜੁੱਟਾਂ ਨੂੰ ਇਕ ਦੂਜੇ ਦੇ ਸਾਹਮਣੇ ਰਖਕੇ ਸਾਰਥਕਤਾ ਨੂੰ ਜਨਮ ਦੇਣਾ ਹੈ। ਉਪਰ ਜਿਸ ਕਵਿਤਾ ਬਾਰੇ ਵਿਚਾਰ ਕੀਤੀ ਗਈ ਹੈ ਉਸ ਵਿਚ 'ਮੈਂ' ਅਤੇ 'ਉਨ੍ਹਾਂ' ਦੇ ਚਰਿਤ੍ਰ/ ਵਿਹਾਰ ਨੂੰ ਇਸੇ ਵਿਧੀ ਰਾਹੀਂ ਪੇਸ਼ ਕੀਤਾ ਗਿਆ ਹੈ। ਇਸੇ ਸੰਗ੍ਰਹਿ ਵਿਚ ਸ਼ਾਮਲ ਇਸੇ ਵਿਧੀ ਦੀ ਇਕ ਹੋਰ ਕਵਿਤਾ ਹੈ 'ਸਰਾਪ'। ਇਹ ਕਵਿਤਾ ਪਾਠਕ ਨੂੰ ਆਧੁਨਿਕ ਸੰਬੰਧਾਂ ਵਿਚਲੀ ਬਨਾਵਟ ਨਾਲ ਜਾਣ-ਪਛਾਣ ਕਰਾਉਂਦੀ ਹੈ। ਇਸ ਪ੍ਰਕਾਰ ਦੇ ਸੰਬੰਧਾਂ ਨੂੰ ਰਾਜਨੀਤਕ ਸੰਬੰਧਾਂ ਅਤੇ ਕਈ ਸਹੂਲਤ ਦੇ ਸੰਬੰਧਾਂ ਦਾ ਨਾਮ ਦੇਂਦੇ ਹਨ। ਇਹ ਸੰਬੰਧ ਸਾਡੀ ਸਭਿਅਤਾ ਦੇ ਪ੍ਰਮਾਣਿਕ ਪਛਾਣ-ਚਿਹਨ ਹਨ। ਅਸੀਂ ਇਕ ਦੂਜੇ ਨੂੰ ਮਿਲਦੇ ਹਾਂ, ਪਰ ਸਾਡਾ ਨਿਸ਼ਾਨਾ ਮੇਲ ਤੋਂ ਪਾਰ ਹੁੰਦਾ ਹੈ। ਪਰਿਣਾਮ ਸਰੂਪ ਸਾਡੀ ਮੁਲਾਕਾਤ ਅਧੂਰੀ ਮੁਲਾਕਾਤ ਰਹਿੰਦੀ ਹੈ। ਏਸੇ ਅਧੂਰੀ ਮੁਲਾਕਾਤ ਦੀ ਪਛਾਣ 'ਸਰਾਪ' ਵਿਚ ਕਰਵਾਈ ਗਈ ਹੈ। ਸਾਡਾ ਕਾਵਿ ਨਾਇਕ ਅਧੂਰੀ ਮੁਲਾਕਾਤ ਵਾਲੇ ਸੰਬੰਧਾਂ ਨੂੰ ਭੋਗਣ ਦਾ ਚਾਹਵਾਨ ਨਹੀਂ। ਉਹ ਤਾਂ ਪੂਰੀ ਪਹਿਚਾਣ ਨਾਲ ਮਿਲਦਾ ਹੈ। ਪਰ, ਜਦੋਂ ਉਸ ਨੂੰ ਸਥਿਤੀ ਦੀ ਪਛਾਣ ਹੁੰਦੀ ਹੈ ਤਾਂ ਉਹ ਕਹਿੰਦਾ ਹੈ :

ਮੈਂ
ਇਕ ਅਧੂਰੇ ਆਦਮੀ ਦੀ
ਉਮਰ ਤਾਂ ਜੀ ਸਕਦਾ ਹਾਂ
ਪਰ ਇਕ ਅਧੂਰੀ ਮੁਲਾਕਾਤ ਦਾ
ਸਰਾਪ
ਆਪਣੇ ਸਿਰ ਨਹੀਂ ਲੈ ਸਕਦਾ

ਮੈਂ ਉਪਰ ਕਿਤੇ ਅਨੁਭਵ ਨੂੰ ਕਾਰਜਸ਼ੀਲਤਾ ਪ੍ਰਦਾਨ ਕਰਨ ਦੀ ਗਲ ਕੀਤੀ ਸੀ। ਵਿਦਵਾਨਾਂ ਦਾ ਮਤ ਹੈ ਕਿ ਸਾਹਿਤ ਦਾ ਬੁਨਿਆਦੀ ਆਧਾਰ ਵਾਸਤਵਿਕਤਾ ਹੈ, ਪਰ ਕਵੀ ਇਸ ਵਾਸਤਵਿਕਤਾ ਨੂੰ ਰੂਪਾਂਤਰਿਤ ਕਰਕੇ ਪੇਸ਼ ਕਰਦਾ ਹੈ, ਇਸ ਰੂਪਾਂਤਰਣ ਨੂੰ ਅਜਨਬੀਕਰਣ ਦਾ ਨਾਮ ਵੀ ਦਿੱਤਾ ਜਾ ਸਕਦਾ ਹੈ, ਜਿਸ ਕਰਕੇ ਸਾਡੀ ਜਾਣੀ-ਪਛਾਣੀ ਵਾਸਤਵਿਕਤਾ ਇਕ ਨਵੀਂ ਸਾਰਥਕਤਾ ਨੂੰ ਜਨਮ ਦੇ ਸਕਣ ਦੇ ਯੋਗ ਹੁੰਦੀ ਹੈ। ਜੁਗਿੰਦਰ ਅਮਰ ਦੀ ਕਵਿਤਾ ਵੀ ਅਨੁਭਵ ਨੂੰ ਕਾਰਜਸ਼ੀਲਤਾ ਪ੍ਰਦਾਨ ਕਰਕੇ ਇਸੇ ਪ੍ਰਕਾਰ ਦੀ ਸਾਰਥਕਤਾ ਦਾ ਉਦੈ ਕਰਨ ਵਲ ਰੁਚਿਤ ਪ੍ਰਤੀਤ ਹੁੰਦੀ ਹੈ। ਇਸ ਦ੍ਰਿਸ਼ਟੀ ਤੋਂ ਕਵੀ ਦੀ ਪ੍ਰਮੁਖ ਰਚਨਾ-ਜੁਗਤ ਅਨੁਭਵ ਦੀ ਜਟਿਲ ਅਤੇ ਸਮੂਰਤ ਪੇਸ਼ਕਾਰੀ ਦੀ ਜੁਗਤ ਹੈ :

ਪਰਛਾਂਵਿਆਂ ਦੀਆਂ ਗਿਰਝਾਂ ਦੀ
ਢਾਣੀ
ਢੂੰਡਣ ਲਗ ਪਈ ਹੈ
ਮੇਰੀ ਧੁੱਪ ਦੇ ਕੋਸੇ ਜਿਸਮ ਨੂੰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਕਵਿਤਾ ਦੀਆਂ ਇਹ ਸਤਰਾਂ ਜਿਸਮ ਨੂੰ ਢੂੰਡਦੀਆਂ ਹੋਈਆਂ ਗਿਰਝਾਂ ਦੀ ਢਾਣੀ ਰਾਹੀਂ ਜਿਸ ਬਿੰਬ ਦੀ ਸਿਰਜਣਾ ਕਰਦੀਆਂ ਹਨ ਉਸਦੀ ਵਿਸ਼ੇਸ਼ਤਾ ਕੇਵਲ ਸਮੂਰਤ ਸਿਰਜਣ ਹੀ ਨਹੀਂ ਉਹ ਸਾਰਥਕਤਾ ਵੀ ਹੈ ਜਿਸਦਾ ਉਦੈ ਇਸ ਬਿੰਬ ਨੂੰ ਸੱਮੁਚੀ ਕਵਿਤਾ ਦੇ ਸੰਦਰਭ ਵਿਚ ਰਖ ਕੇ ਹੁੰਦਾ ਹੈ।

ਇੰਜ ਜੁਗਿੰਦਰ ਅਮਰ ਦੀਆਂ ਇਹ ਕਵਿਤਾਵਾਂ ਉਸਦੇ ਪਿਛਲੇ ਬਾਰਾਂ ਕੁ ਵਰ੍ਹਿਆਂ ਦੀ ਸਿਰਜਨ - ਯਾਤ੍ਰਾ ਨਾਲ ਪਾਠਕ ਦੀ ਪਛਾਣ ਕਰਾਉਂਦੀਆਂ ਹਨ। ਇਨ੍ਹਾਂ ਕਵਿਤਾਵਾਂ ਦੀ ਉਸਦੀਆਂ ਪੂਰਬਲੀਆਂ ਕਵਿਤਾਵਾਂ ਨਾਲ ਸਮਾਨਤਾ ਵੀ ਹੈ, ਪਰ ਮਹੱਤਵ ਉਸ ਭਿੰਨਤਾ ਦਾ ਹੈ ਜਿਹੜੀ ਪੂਰਬਲੇ ਵਿਸ਼ਿਆਂ ਨੂੰ ਵਿਸ਼ਲੇਸ਼ਨੀ ਦ੍ਰਿਸ਼ਟੀ ਰਾਹੀਂ ਪੇਸ਼ਕਾਰੀ ਤੋਂ ਪ੍ਰਤੀਤ ਹੁੰਦੀ ਹੈ।

ਉਡੀਕ ਦੀ ਉਮਰ (1988) ਜੁਗਿੰਦਰ ਅਮਰ ਦੀ ਤੀਸਰੀ ਕਾਵਿ-ਪੁਸਤਕ ਹੈ। ਇਸ ਕਾਵਿ ਪੁਸਤਕ ਨੂੰ ਪੜਨ ਤੋਂ ਪਹਿਲਾਂ ਮੇਰੀ ਉਸਦੀਆਂ ਕਵਿਤਾਵਾਂ ਬਾਰੇ ਇਕ ਧਾਰਨਾ ਸੀ ਕਿ ਇਹ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਕਵਿਤਾਵਾਂ ਹਨ। ਇਸ ਧਾਰਨਾ ਦਾ ਆਧਾਰ ਕੀ ਸੀ? ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਸ਼ਾਇਦ ਕਵੀ ਦੀਆਂ ਕਵਿਤਾਵਾਂ ਜੋ ਉਸਦੀਆਂ ਦੋ ਪਹਿਲੀਆਂ ਕਾਵਿ-ਪੁਸਤਕਾਂ 'ਤਰਤੀਬ' ਅਤੇ 'ਦੂਜਾ ਸੂਰਜ' ਵਿਚ ਸ਼ਾਮਿਲ ਸਨ, ਉਨ੍ਹਾਂ ਨੇ ਮੇਰੀ ਇਹ ਧਾਰਨਾ ਬਣਾਈ ਹੋਵੇ। ਪਰ, ਇਹ ਨਿਸ਼ਚਿਤ ਹੈ ਕਿ ਪਹਿਲੀਆਂ ਕਵਿਤਾਵਾਂ ਦਾ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਸੰਬੰਧ ਹੋਵੇ ਜਾਂ ਨਾ ਹੋਵੇ, 'ਉਡੀਕ ਦੀ ਉਮਰ' ਦੀਆਂ ਕਵਿਤਾਵਾਂ ਨੇ ਮੇਰੀ ਇਸ ਪੂਰਵ-ਧਾਰਨਾ ਨੂੰ ਬਦਲਣ ਦੀ ਸਲਾਹ ਦਿੱਤੀ ਹੈ। ਹਾਂ, ਏਨਾ ਜ਼ਰੂਰ ਹੈ ਕਿ ਕੁਝ ਕਵਿਤਾਵਾਂ ਸਮਕਾਲੀ ਸਥਿਤੀਆਂ/ ਘਟਨਾਵਾਂ ਦੀ ਪੇਸ਼ਕਾਰੀ ਰਾਹੀਂ ਸਾਰਥਕਤਾ ਪ੍ਰਾਪਤ ਕਰਦੀਆਂ ਹਨ ਜਾਂ ਸਮਾਜਕ ਤੌਰ ਤੇ ਜ਼ੁੰਮੇਵਾਰ ਨਾਇਕ ਨੂੰ ਪੇਸ਼ ਕਰਦੀਆਂ ਹਨ। ਪਰ, ਇਹ ਵਿਚਾਰਧਾਰਕ ਤੌਰ ਤੇ ਪ੍ਰਤੀਬੱਧ ਕਵਿਤਾਵਾਂ ਨਹੀਂ ਕਹੀਆਂ ਜਾ ਸਕਦੀਆਂ। ਇਨ੍ਹਾਂ ਨੂੰ ਪ੍ਰਗਤੀਵਾਦੀ ਵਿਚਾਰਧਾਰਾ ਦੇ ਪ੍ਰਸੰਗ ਵਿਚ ਪੜ੍ਹਨ ਦਾ ਯਤਨ ਕਰਨਾ ਕਵਿਤਾਵਾਂ ਅਤੇ ਵਿਚਾਰਧਾਰਾ ਦੋਹਾਂ ਨਾਲ ਹੀ ਅਨਿਆਂ ਪ੍ਰਤੀਤ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ 'ਸਰਹਦ ਦੀ ਸੀਮਾ ਤੋਂ ਉਰੇ', ਪਛਾਣ, ਹਾਦਸਾ ਅਤੇ ਜ਼ਖ਼ਮ ਨਾਮਕ ਕਵਿਤਾਵਾਂ ਬਾਰੇ ਗਲ ਕੀਤੀ ਜਾ ਸਕਦੀ ਹੈ। ਇਹ ਸਾਰੀਆਂ ਕਵਿਤਾਵਾਂ ਸਮਕਾਲੀ ਯਥਾਰਥ ਉਪਰ ਵਿਅੰਗਮਈ ਜਾਂ ਆਲੋਚਨਾਤਮਕ ਟਿਪਣੀ ਪੇਸ਼ ਕਰਦੀਆਂ ਹਨ ਅਤੇ ਕਦੇ ਕਦੇ ਸਥਿਤੀ ਦੀ ਪਛਾਣ ਕਰਾਉਣ ਦਾ ਯਤਨ ਵੀ ਕਰਦੀਆਂ ਹਨ। ਪੰਜਾਬ ਸੱਮਸਿਆ, 1984 ਦੇ ਦੰਗੇ ਅਤੇ ਉਨ੍ਹਾਂ ਤੋਂ ਬਾਅਦ ਪੈਦਾ ਹੋਈ ਮਾਨਸਿਕਤਾ, ਇਨ੍ਹਾਂ ਕਵਿਤਾਵਾਂ ਦਾ ਵਿਸ਼ਾ ਬਣੀ ਹੈ :

ਉਹ-ਜਿਨ੍ਹਾਂ ਦੀਆਂ ਬੇਫਿਰਕ ਨਿਗਾਹਾਂ
ਇਕ ਸਮੇਂ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ੂਨ ਦਾ ਵਿਸਥਾਰ ਘੋਖਦਿਆਂ
ਤ੍ਰਿਪਤ ਨਹੀਂ ਹੋਈਆਂ ਅਜੇ
ਤੇ ਜਿਨ੍ਹਾਂ ਦਾ ਭਰਮ
ਅਜੇ ਵੀ ਬਰਕਰਾਰ ਹੈ
ਕਿ ਖ਼ੂਨ ਆਪਣੇ ਰੰਗ ਤੋਂ ਮੁਨਕਰ ਹੋ ਜਾਏਗਾ
ਉਨ੍ਹਾਂ ਕੋਲ ਆਪਣੇ ਹਸਤਾਖ਼ਰ ਨਹੀਂ

ਪਰ ਇਨ੍ਹਾਂ ਕਵਿਤਾਵਾਂ ਦਾ ਕੋਈ ਵਿਸ਼ੇਸ਼ ਆਧਾਰ ਨਹੀਂ ਪ੍ਰਤੀਤ ਹੁੰਦਾ। ਇਹ ਕਾਵਿ-ਨਾਇਕ ਦਾ ਆਪਣੇ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਵਲ ਸੋਚ ਭਰਪੂਰ ਪ੍ਰਤੀਕਰਮ ਹੈ :

ਮੈਂ ਤਾਂ ਕੇਵਲ
ਸਰਹੱਦ ਦਾ ਇਕ ਟੁਕੜਾ
ਉਹਨਾਂ ਦੀ ਹਿਫਾਜ਼ਤ ਕੋਲ
ਅਮਾਨਤ ਰੱਖਿਆ ਸੀ।
ਪਰ ਉਹ
ਮੇਰੇ ਅਹਿਸਾਸ ਵਲ ਜਾਂਦੇ ਸ਼ਾਹ ਰਾਹ
ਦੀਆਂ ਧੂੜਾਂ ਪੁੱਟਦੇ
ਸਰਹੱਦ ਦੀ ਸੀਮਾ ਤੋਂ ਬਹੁਤ ਏਧਰ ਆ ਕੇ
ਜ਼ਿੱਦ ਤੇ ਖ਼ੁਦਗਰਜ਼ੀ ਦੀ ਕੁੱਖ ਚੋਂ ਉੱਗੇ
ਤਨਾਓ ਨਾਲ ਡਗਮਗਾਉਂਦੇ
ਵਾਤਾਵਰਣ ਵਿਚ
ਕਿਹੜੇ ਦੁਸ਼ਮਨ ਨਾਲ ਲੋਹਾ ਲੈਂਦੇ ਰਹੇ!
ਸਰਹਦ ਦੀ ਕਿਹੜੀ ਨਵੀ ਕੰਧ
ਉਸਾਰਦੇ ਰਹੇ!

ਜਾਂ ਫਿਰ :

ਦੋਸਤੋ
ਆਖਣ ਨੂੰ ਕੁਝ ਵੀ ਕਹਿ ਸਕਦੇ ਹਾਂ
ਖ਼ੁਰਾਫਾਤੀ! ਅਤਿਵਾਦੀ!
ਜਾਂ ਇਹਨਾਂ ਨਾਲ ਰਲਦਾ ਮਿਲਦਾ
ਕੋਈ ਹੋਰ ਸ਼ਬਦ
ਜੋ ਆਪਣੇ ਚਿਹਰੇ ਦਾ ਅਕਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੀਸ਼ੇ ਚੋਂ ਨਹੀਂ - ਸਗੋਂ
ਲਹੂ ਸਿੰਮਦੇ ਜ਼ਖਮ ਚੋਂ ਭਾਲਦਾ ਹੈ।

ਪਰ, ਇਸ ਹਾਦਸਿਆਂ ਭਰਪੂਰ ਅਤੇ ਅਸੁਰਖਿਆ ਦੀ ਮਾਨਸਿਕਤਾ ਨੂੰ ਜਨਮ ਦੇਣ ਵਾਲੇ ਇਸ ਸੱਮੁਚੇ ਵਾਤਾਵਰਣ ਜਿਸਨੇ ਪੂਨਮ ਦੇ ਚਿਹਰੇ ਨੂੰ, ਮੱਸਿਆ ਦੀ ਤੁਹਮਤ ਦੇ/ ਤਲਿੱਸਮੀ ਹਨੇਰੇ 'ਚ ਛੁਪਾਇਆ ਹੈਂ ਇਸ ਦਾ ਕਾਰਣ ਕੀ ਹੈ? ਇਸ ਕਾਰਣ ਦੀ ਭਾਲ ਵਿਚ ਕਾਵਿ-ਨਾਇਕ ਜਦੋਂ ਦੇਸ਼ ਨੂੰ ਸੰਬੋਧਿਤ ਹੁੰਦਾ ਹੈ ਤਾਂ ਸੱਮੁਚੀ ਸਥਿਤੀ ਦੀ ਪਛਾਣ ਲਈ ਸੰਕੇਤ ਪ੍ਰਾਪਤ ਹੁੰਦਾ ਹੈ :

ਮੇਰੇ ਦੇਸ਼
ਤੇਰੀ ਏਕਤਾ ਤੇ ਅਖੰਡਤਾ ਦਾ ਸ਼ੋਰ
ਜਿਹੜੇ ਬੁਲੰਦ ਕਰਦੇ ਨੇ
ਆਪਣੀ ਪੂਰੀ ਸ਼ਕਤੀ ਨਾਲ
ਉਨ੍ਹਾਂ ਦੇ ਇਰਾਦਿਆਂ ਦੀ ਨਿਗਾਹ
ਆਪਣੇ ਦਿਸਹਦੇ ਦੀ ਸੀਮਾ ਨੂੰ
ਸਮੇਟ ਲੈਂਦੀ ਹੈ ਕੇਵਲ
ਵਿਤਕਰੇ ਤਕ।

ਸਮੱਸਿਆ ਭਰਪੂਰ ਸਮਕਾਲੀ ਵਾਤਾਵਰਣ ਦੇ ਵਿਸ਼ਲੇਸ਼ਨ ਅਤੇ ਪਛਾਣ ਨਾਲ ਸੰਬੰਧਿਤ ਇਨ੍ਹਾਂ ਅਤੇ ਇਸ ਪ੍ਰਕਾਰ ਦੀਆਂ ਕੁਝ ਹੋਰ ਕਵਿਤਾਵਾਂ ਤੋਂ ਇਲਾਵਾਂ ਜੁਗਿੰਦਰ ਅਮਰ ਦੀਆਂ ਇਨ੍ਹਾਂ ਕਵਿਤਾਵਾਂ ਦਾ ਇਕ ਹੋਰ ਵਿਸ਼ਾ ਵੀ ਹੈ, ਜਿਸਦੀ ਪੇਸ਼ਕਾਰੀ 'ਉਡੀਕ ਦੀ ਉਮਰ' ਦੀਆਂ ਇਨ੍ਹਾਂ ਕਵਿਤਾਵਾਂ ਨੂੰ ਪ੍ਰੇਮ ਕਵਿਤਾਵਾਂ ਦਾ ਰੂਪ ਦੇ ਦੇਂਦੀ ਹੈ। ਇਹ ਪ੍ਰੇਮ ਭਾਵਨਾ ਨਾਲ ਸੰਬੰਧਿਤ ਕਵਿਤਾਵਾਂ ਦੀ ਗਿਣਤੀ ਖਾਸੀ ਵੱਡੀ ਹੈ। ਇਨ੍ਹਾਂ ਕਵਿਤਾਵਾਂ ਦੇ ਕੇਂਦਰ ਵਿਚ ਕੋਈ ਔਰਤ ਹੈ ਅਤੇ ਇਹ ਔਰਤ ਕਈ ਰੂਪਾਂ ਵਿਚ ਪੇਸ਼ ਹੋਈ ਪ੍ਰਤੀਤ ਹੁੰਦੀ ਹੈ, ਪਰ ਇਹ ਔਰਤ ਮੂਲ ਰੂਪ ਵਿਚੱ ਪ੍ਰੇਮਿਕਾ ਹੀ ਹੈ। 'ਊਡੀਕ ਦੀ ਉਮਰ' ਦੀਆਂ ਆਰੰਭਕ ਕੁਝ ਕਵਿਤਾਵਾਂ ਇਸੇ ਵਰਗੀ ਦੀਆਂ ਹੀ ਕਵਿਤਾਵਾਂ ਹਨ - ਆਖਰੀ ਹੁੰਗਾਰੇ ਤਕ, ਮਹਿਕ, ਜਾਗਦੇ ਸਾਹਾਂ ਦੀ ਰੁੱਤ ਅਤੇ ਵਸੀਹਤਨਾਮਾ ਆਦਿ। 'ਆਖਰੀ ਹੁੰਗਾਰੇ ਤਕ' ਦਾ ਨਾਇਕ ਅਖੀਰ ਤੇ ਆਪਣਾ ਆਪ ਪ੍ਰੇਮਿਕਾ ਦੇ ਹਵਾਲੇ ਕਰ ਦਿੰਦਾ ਹੈ। ਨਾਇਕਾ ਉਸਦੇ ਸਮਰਪਣ ਦਾ ਹਾਂ-ਮੁਖ ਪ੍ਰਤੀਉੱਤਰ ਵੀ ਨਹੀਂ ਦੇਂਦੀ। ਸਾਡਾ ਨਾਇਕ ਸ਼ਾਇਦ ਕਲਪਨਾ ਵਿਚ ਹੀ ਉਸਦੇ ਹੁੰਗਾਰੇ ਦੇ ਛਿਣ ਦੀ ਉਡੀਕ ਵਿਚ ਖੜਾ ਰਹਿੰਦਾ ਹੈ :

ਤੇ ਮੈਂ
ਉਸਦੇ ਹੰਗਾਰੇ ਦੇ ਆਗਮਨ ਨੂੰ
ਜੀ ਆਇਆਂ ਕਹਿਣ ਦੇ ਛਿਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੀਆਂ ਅੱਖੀਆਂ ਵਿਚ ਧਰ ਕੇ
ਯਕੀਨ ਦੀ ਰੋਸ਼ਨੀ ਦੇ
ਆਖਰੀ ਹੁੰਗਾਰੇ ਤਕ
ਉਡੀਕ ਦੀ
ਧੁੱਪ ਛਾਂ ਵਿਚ ਖਲੋਤਾ ਰਿਹਾ।

ਇਸੇ ਪ੍ਰਸੰਗ ਵਿਚ ਦੂਸਰੀ ਕਵਿਤਾ 'ਮਹਿਕ' ਵੀ ਉਪਰਲੀ ਪ੍ਰੇਮ-ਭਾਵਨਾ ਦਾ ਹੀ ਵਿਸਥਾਰ ਹੈ। ਪਰ ਹਲਕਾ ਜਿਹਾ ਅੰਤਰ ਵੀ ਹੈ। ਪਹਿਲੀ ਕਵਿਤਾ ਵਿਚ ਨਾਇਕ ਨੂੰ ਵਿਸ਼ਵਾਸ ਸੀ ਕਿ ਉਹ ਆਏਗੀ, ਅਤੇ ਉਹ ਉਡੀਕ ਵਿਚ ਖਲੋ ਜਾਂਦਾ ਹੈ। ਇਸ ਕਵਤਾ ਵਿਚ ਨਾਇਕ ਨੇ ਇਕ ਹੋਰ ਸਥਿਤੀ ਅਖ਼ਤਿਆਰ ਕਰ ਲਈ ਹੈ - ਉਸਨੇ ਆਪਣੀ ਪ੍ਰੇਮਿਕਾ ਦੇ ਗੁਲਾਬੀ ਚਿਹਰੇ ਦੀ ਮਹਿਕ ਨੂੰ ਆਪਣੇ ਮਨ ਅੰਦਰ ਵਸਾ ਲਿਆ ਹੈ ਅਤੇ ਸੰਘਰਸ਼ ਵਿਚ ਪੈ ਗਿਆ ਹੈ। ਇਹ ਪ੍ਰੇਮ ਭਾਵਨਾ ਦੇ ਉਦਾਤੀਕਰਣ ਦੀ ਕਵਿਤਾ ਹੈ :

ਸੰਘਰਸ਼ ਦੇ ਬੂਹੇ ਤਕ ਪੁੱਜਣ ਤੋਂ
ਪਹਿਲਾਂ ਵੀ
ਗੁਲਾਬੀ ਚਿਹਰੇ ਦੀ ਮਹਿਕ
ਮੇਰੇ ਨਾਲ ਸੀ

ਲਗਭਗ ਇਹੋ ਸਥਿਤੀ 'ਵਸੀਅਤ ਨਾਮਾ' ਦੀ ਵੀ ਹੈ :

ਸਾਰਾ ਕੁਝ ਸੀ ਕੋਲ ਉਸ ਦੇ
ਪਰ ਇਕ ਪਲ ਨਹੀਂ ਸੀ
ਜੋ ਕਿਸੇ ਲਈ
ਬਣ ਸਕਦਾ
ਇਕ ਹੁੰਗਾਰਾ।

ਇਨ੍ਹਾਂ ਕਵਿਤਾਵਾਂ ਦੇ ਪਾਠ ਤੋਂ ਇਸ ਨਿਰਣੇ ਉਪਰ ਹੀ ਪੁੱਜਿਆ ਜਾ ਸਕਦਾ ਹੈ ਕਿ ਪਿਆਰ ਦੀਆਂ ਇਨ੍ਹਾਂ ਕਵਿਤਾਵਾਂ ਦੀ ਬਿਰਤੀ ਰੋਮਾਨੀ ਹੈ ਜਾਂ ਆਦਰਸ਼ਵਾਦੀ। ਉਡੀਕ ਇਨ੍ਹਾਂ ਕਵਿਤਾਵਾਂ ਦਾ ਪ੍ਰਾਣਤੱਤ ਹੈ, ਪਰ ਇਹ ਸੰਤੁਲਿਤ ਮਾਨਸਿਕਤਾ ਦੀ ਉਡੀਕ ਨਹੀਂ, ਉੱਲਰੀ ਹੋਈ ਆਦਰਸ਼ਵਾਦੀ ਮਾਨਸਿਕਤਾ ਦੀ ਉਡੀਕ ਹੈ। ਇਨ੍ਹਾਂ ਕਵਿਤਾਵਾਂ ਦਾ ਸੰਬੋਧਨ ਪ੍ਰਬੰਧ ਵੀ ਧਿਆਨਯੋਗ ਹੈ। ਇਨ੍ਹਾਂ ਵਿਚੋਂ ਬਹੁਤੀਆਂ ਵਿਚ ਸੰਬੋਧਨ 'ਮੈਂ' ਵਲੋਂ ਹੈ, ਪਰ 'ਉਹ' ਜਾਂ ਉਸ ਬਾਰੇ ਹੈ। ਪ੍ਰੇਮ ਦਾ ਪ੍ਰਮਾਣਿਕ ਸੰਬੰਧ, ਮੈਂ-ਤੂੰ, ਬਹੁਤ ਘੱਟ ਹੀ ਵਿਖਾਈ ਦੇਂਦਾ ਹੈ। ਇਸਦਾ ਕੀ ਕਾਰਣ ਹੋ ਸਕਦਾ ਹੈ? ਸ਼ਾਇਦ ਪ੍ਰੇਮਿਕਾ ਨਾਲੋਂ ਪ੍ਰੇਮੀ ਦੀ ਵਿੱਥ ਜਾਂ ਪ੍ਰੇਮਿਕਾ ਦੀ ਅਣਹੋਂਦ ਵੀ ਇਸ ਦਾ ਕਾਰਣ ਹੋ ਸਕਦਾ ਹੈ ਜੋ ਕਵੀ ਦੇ ਮਨ ਵਿਚ ਸ਼ਾਇਦ ਸੰਸਕਾਰ [illegible] ਕਵਿਤਾਵਾਂ ਪ੍ਰੇਮ ਦੀ ਦੁਵੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਿੱਚ ਦੀ ਅਣਹੋਂਦ ਦੀਆਂ ਕਵਿਤਾਵਾਂ ਹਨ।

ਇਸ ਤੋਂ ਇਲਾਵਾ ਉਡੀਕ ਦੀ ਉਮਰ ਵਿਚ ਕੁਝ ਉਹ ਕਵਿਤਾਵਾਂ ਵੀ ਮੌਜੂਦ ਹਨ, ਜਿਨ੍ਹਾਂ ਨੂੰ ਮੱਨੁਖੀ ਹੋਂਦ ਸਥਿਤੀ ਦੀਆਂ ਕਵਿਤਾਵਾਂ ਕਿਹਾ ਜਾ ਸਕਦਾ ਹੈ, ਜਿੱਥੇ ਕਵੀ ਆਧੁਨਿਕ ਚੇਤਨਾ ਦਾ ਪਰਿਚੈ ਦੇਂਦਾ ਹੈ। ਇਸ ਪ੍ਰਕਾਰ ਦੀ ਹੀ ਇਕ ਕਵਿਤਾ ਹੈ - ਉਡਾਨ, ਜਿਹੜੀ ਸਰਲ ਸਾਧਾਰਣ ਮੱਨੁਖ ਨੂੰ ਅਸੀਲ ਪੰਛੀ ਵਜੋਂ ਸੰਬੋਧਨ ਕਰਕੇ ਇਸ ਵਿਵਰਜਿਤ ਆਕਾਸ਼ ਅਤੇ ਧਰਤੀ ਨੂੰ ਉਸਦੀ ਉਡਾਨ ਦੇ ਅਯੋਗ ਹੋਣ ਵਲੋਂ ਸੁਚੇਤ ਕਰਦੀ ਹੈ। ਇਸੇ ਪ੍ਰਕਾਰ ਦੀ ਇਕ ਹੋਰ ਕਵਿਤਾ ਹੈ - ਕੈਕਟਸ ਜਿਹੜੀ ਕੈਕਟਸ ਨੂੰ ਇਕ ਨਾਕਾਰਾਤਮਕ ਹੋਂਦ ਦੇ ਪ੍ਰਤੀਕ ਵਜੋਂ ਪੇਸ਼ ਕਰਕੇ ਸਾਕਾਰਾਤਮਕ ਹੋਂਦ ਉਪਰ ਉਸਦੇ ਮਾਰੂ ਪ੍ਰਭਾਵ ਦੀ ਗਲ ਪ੍ਰਤੀਕਾਂ ਦੀ ਜ਼ਬਾਨ ਵਿਚ ਕਰਦੀ ਹੈ।

ਜਿਨ੍ਹਾਂ ਦੀ ਮਿੱਟੀ ਵਿਚ
ਉੱਗ ਪੈਂਦਾ ਹੈ ਕੈਕਟਸ
ਕੇਵਲ ਉਹ ਹੀ ਜਾਣਦੇ ਨੇ
ਕਿ ਕਿੰਨਾ ਆਪ ਹੁਦਰਾ ਤੇ
ਬੇਲਿਹਾਜ਼ ਹੁੰਦਾ ਹੈ
ਤੇਜ਼ ਤਿੱਖੇ ਨਸ਼ਤਰ ਦਾ ਡੰਗ।

ਇਸੇ ਪ੍ਰਸੰਗ ਵਿਚ ਜੁਗਿੰਦਰ ਅਮਰ ਦੀਆਂ ਕਵਿਤਾਵਾਂ 'ਸੁਆਂਗ' ਅਤੇ 'ਉਡੀਕ ਦੀ ਉਮਰ' ਵੀ ਮਹਤਵਪੂਰਨ ਹਨ। 'ਸੁਆਗ' ਗਿਆਨ ਤੋਂ ਬਾਅਦ ਝੂਠ ਅਤੇ ਫਰੇਬ ਦੀ ਸਲਤਨਤ ਦਾ ਸੁਆਂਗ ਸਮੇਟਣ ਦੀ ਸਾਰਥਕ ਪੇਸ਼ਕਾਰੀ ਕਰਦੀ ਹੈ। ਅਤੇ 'ਉਡੀਕ ਦੀ ਉਮਰ' ਵਿਗਿਆਨਕ ਗਿਆਨ ਦੇ ਸਨਮੁਖ ਮਿਥਿਕ ਗਿਆਨ ਦੀ ਹੋਂਦ ਦੇ ਮਨਫੀ ਹੋਣ ਦੀ ਗਲ ਕਰਦੀ ਹੈ। ਸੱਚ ਦੇ ਸਾਹਮਣੇ ਸੁਆਂਗ ਅਤੇ ਵਿਗਿਆਨ ਦੇ ਸਨਮੁਖ ਪਰੰਪਰਾਗਤ ਅਵਿਗਿਆਨਕ ਵਿਸ਼ਵਾਸ ਦੀ ਹੋਂਦਸਥਿਤੀ ਨੂੰ ਪੇਸ਼ ਕਰਨ ਵਾਲੀਆਂ ਇਹ ਕਵਿਤਾਵਾਂ 'ਉਡੀਕ ਦੀ ਉਮਰ' ਕਾਵਿ ਸੰਗ੍ਰਹਿ ਵਿਚ ਇਸ ਕਰਕੇ ਵੀ ਵਿਸ਼ੇਸ਼, ਹਨ, ਕਿਉਂਕਿ ਇਹ ਆਪਣੀ ਸਾਰਥਕਤਾ ਸਿੱਧੇ ਸਪਾਟ ਕਥਨ ਰਾਹੀਂ ਪ੍ਰਾਪਤ ਕਰਨ ਦੀ ਬਜਾਇ ਸਮੂਰਤ ਬਿੰਬ ਵਿਚੋਂ ਪ੍ਰਾਪਤ ਕਰਦੀਆਂ ਹਨ :

ਰੋਸ਼ਨੀ ਦੀਆਂ
ਗੁਸਤਾਖ ਨਿਗਾਹਾਂ ਨੂੰ ਜਦੋਂ
ਉਸਦੇ ਚਿਹਰੇ ਦਾ ਮਖੌਟਾ
ਉਤਾਰਨ ਦੀ
ਲਗ ਗਈ ਸੀ ਇਕ ਲਿਲ੍ਹਕ ਜਿਹੀ
ਤਾਂ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੀ ਸਲਤਨਤ ਦਾ
ਸੱਮੁਚਾ ਸੁਆਂਗ ਸਮੇਟਦਾ
ਰੋਸ਼ਨੀ ਦੀਆਂ ਗੁਸਤਾਖ਼ ਨਿਗਾਹਾਂ ਨੂੰ
ਅਪਲਕ ਝਾਕਦੇ ਰਹਿਣ ਦਾ
ਇਕ ਸਰਾਪ ਦਿੰਦਾ
ਅਲਵਿਦਾ ਆਖੇ ਬਿਨਾਂ ਹੀ ਤੁਰ ਗਿਆ।

ਗਲ ਜੁਗਿੰਦਰ ਅਮਰ ਦੀ ਰਚਨਾ ਵਿਧੀ ਦੀ ਚਲੀ ਹੈ ਤਾਂ ਇਸਦੀ ਇਸ ਵਿਸ਼ੇਸ਼ਤਾ ਵਲ ਵੀ ਸੰਕੇਤ ਕਰਨਾ ਬਣਦਾ ਹੈ ਕਿ ਉਸਦੀ ਕਵਿਤਾ ਬਹੁਤ ਵਾਰ ਇਕੋ ਹੀ ਲੰਮਾ ਵਾਕ ਹੁੰਦੀ ਹੈ ਜਿਵੇਂ ਹੁਣੇ ਪੇਸ਼ ਉਦਾਹਰਣ ਤੋਂ ਪ੍ਰਮਾਣਿਤ ਹੁੰਦਾ ਹੈ ਜਾਂ ਫਿਰ ਇਕ ਤੋਂ ਵਧ ਵਾਕ ਵੀ ਹੋ ਸਕਦੇ ਹਨ, ਪਰ ਆਮ ਤੌਰ ਤੇ ਉਹ ਆਪਣੀ ਗਲ ਨਿੱਕੇ ਵਕ ਵਿਚ ਨਹੀਂ ਕਰਦਾ। ਇਹ ਹੀ ਨਹੀਂ ਇਸ ਵਾਕ-ਰਚਨਾ ਦੀ ਵੀ ਉਸਦੀ ਇਕ ਵਿਸ਼ੇਸ਼ ਵਿਧੀ ਹੈ। ਆਮ ਤੌਰ ਤੇ ਕਵਿਤਾ ਵਿਚ ਸਾਧਾਰਣ ਵਿਆਕਰਣਕ ਵਾਕ ਨੂੰ ਪ੍ਰਾਹਿਤ ਕਰ ਦਿੱਤਾ ਜਾਂਦਾ ਹੈ, ਪਰ ਜੁਗਿੰਦਰ ਅਮਰ ਇੰਜ ਨਹੀਂ ਕਰਦਾ। ਉਹ ਇਸ ਦੇ ਵਿਪਰੀਤ ਵਾਕ ਨੂੰ ਉਸਦੀ ਆਪਣੀ ਵਿਆਕਰਣ ਅਨੁਸਾਰ ਹੀ ਨਿਰੰਤਰ ਰਖਦਾ ਹੈ ਅਤੇ ਕਿਤੇ ਕਿਤੇ ਉਸਨੂੰ ਬਿੰਬ ਸਿਰਜਣ ਲਈ ਰੋਕ ਲੈਂਦਾ ਹੈ ਅਤੇ ਬਹੁਤੇ ਬਿੰਬ, ਦਾ ਦੇ ਦੀ ਦੀ ਸਹਾਇਤਾ ਨਾਲ ਬਣਾ ਕੇ ਵਾਕ ਦੀ ਨਿਰੰਤਰਤਾ ਨੂੰ ਉਸਦੇ ਆਪਣੇ ਨੇਮ ਅਨੁਸਾਰ ਅੰਤ ਤਕ ਚਲਾਉਂਦਾ ਹੈ :

ਮਜਬੂਰੀਆਂ ਦਾ ਹਜੂਮ
ਦੁਸ਼ਵਾਰੀਆਂ ਦਾ ਪਰਚਮ ਬੁਲੰਦ ਕਰਦਾ
ਖ਼ਿਫਰਿਆ ਫਿਰਦਾ ਸੀ ਜਦੋਂ
ਤਾਂ ਉਹ ਮਲਕੜੇ ਹੀ
ਬਰੂਹਾਂ ਲੰਘ ਕੇ
ਮੇਰੇ ਮਨ ਦੇ ਧੁੰਦਲਕੇ ਵਿਚ
ਆਣ ਬੈਠਾ

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ 'ਉਡੀਕ ਦੀ ਉਮਰ' ਦੀਆਂ ਕਵਿਤਾਵਾਂ ਜੁਗਿੰਦਰ ਅਮਰ ਦੀਆਂ ਪਹਿਲੀਆ ਕਾਵਿ-ਰਚਨਾਵਾਂ ਦੇ ਮੁਕਾਬਲੇ ਵਿਚ ਵੀ ਵਿੱਲਖਣਤਾ ਦੀਆਂ ਸੂਚਕ ਹਨ ਅਤੇ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਵੀ ਇਹ ਆਪਣੀ ਵੱਖਰੀ ਪਛਾਣ ਸਥਾਪਿਤ ਕਰਨ ਦੇ ਯਤਨ ਵਿਚ ਹਨ।

'ਉਡੀਕ ਦੀ ਉਮਰ' ਤੋਂ ਬਾਅਦ ***'ਉਸ ਮਿਟੀ ਵਿਚ'*** (1990) ਉਸਦਾ ਨਵਾਂ ਕਾਵਿ-ਸੰਗ੍ਰਹਿ ਸੀ। ਇਸ ਪੁਸਤਕ ਨੂੰ ਕਵੀ ਨੇ ਦੋ ਭਾਗਾਂ ਵਿਚ ਵੰਡ ਕੇ ਪੇਸ਼ ਕੀਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੇ ਭਾਗ ਵਿਚ ਉਸਦੀਆਂ ਨਵੀਆ ਕਵਿਤਾਵਾਂ ਸਨ ਅਤੇ ਦੂਜੇ ਭਾਗ ਵਿਚ ਉਸਨੇ ਗਜ਼ਲਾਂ ਸ਼ਾਮਿਲ ਕੀਤੀਆਂ। ਥੀਮ ਦੀ ਦ੍ਰਿਸ਼ਟੀ ਤੋਂ ਇਸ ਪੁਸਤਕ ਵਿਚ ਸ਼ਾਮਿਲ ਕਾਵਿ-ਰਚਨਾਵਾਂ ਉਸਦੀਆਂ ਪੂਰਬਲੀਆਂ ਕਵਿਤਾਵਾਂ ਦੇ ਥੀਮ ਦਾ ਹੀ ਵਿਸਥਾਰ ਕਹੀਆਂ ਜਾ ਸਕਦੀਆਂ ਹਨ। ਪਰ ਇਥੇ ਇਸ ਥੀਮ ਦੀ ਪੇਸ਼ਕਾਰੀ ਦੇ ਸੰਬੰਧ ਵਿਚ ਮਹਤਵਪੂਰਨ ਗਲ ਇਹ ਹੈ ਕਿ ਕਵੀ ਦੀ ਇਨ੍ਹਾਂ ਪ੍ਰਤੀ ਪਹੁੰਚ ਪੂਰਬਲੀਆਂ ਰਚਨਾਵਾ ਦੇ ਮੁਕਾਬਲੇ ਵਿਚ ਵਧੇਰੇ ਬੌਧਿਕ ਹੈ।

ਅਸੀਂ 'ਉਡੀਕ ਦੀ ਉਮਰ' ਦੀਆਂ ਕਵਿਤਾਵਾਂ ਬਾਰੇ ਚਰਚਾ ਕਰਦਿਆਂ ਅਸੀਂ ਪੁਸਤਕ ਵਿਚ ਸ਼ਾਮਿਲ ਕਵਿਤਾਵਾਂ ਵਿਚਲੇ ਪ੍ਰਗਤੀਵਾਦੀ ਚਿੰਤਨ ਅਗੇ ਪ੍ਰਸ਼ਨਚਿਨ੍ਹ ਲਗਾਇਆ ਸੀ। ਪਰ, ਇਸ ਬਾਰੇ ਇਹ ਸਪਸ਼ਟ ਕਰ ਦੇਣ ਦੀ ਲੋੜ ਹੈ ਕਿ ਕਵੀ ਆਪਣੀਆਂ ਕਵਿਤਾਵਾਂ ਵਿਚ ਪੇਸ਼ਕਾਰੀ ਸਮੇਂ ਪ੍ਰਗਤੀਵਾਦੀ ਵਿਚਾਰਗਾਹ ਪ੍ਰਤੀ ਚੇਤੰਨ ਨਹੀਂ ਹੁੰਦਾ। ਉਸਦੀਆਂ ਕਵਿਤਾਵਾ ਵਿਚ ਜੋ ਉਸਦੇ ਆਲਦੁਆਲੇ ਵਾਪਰ ਰਿਹਾ ਹੈ, ਉਹ ਉਸਨੂੰ ਪੂਰਨ ਗੰਭੀਰਤਾ ਨਾਲ ਪੇਸ਼ ਹੁੰਦਾ ਹੈ। ਉਸਦੀਆਂ ਕਵਿਤਾਵਾਂ ਦਾ ਨਾਇਕ ਰਾਜਨੀਤਕ ਭ੍ਰਿਸ਼ਟਾਚਾਰ, ਸਮਾਜਕ ਅਨਿਆਂ ਅਤੇ ਆਰਥਿਕ ਸ਼ੋਸ਼ਨ ਪ੍ਰਤੀ ਪੂਰਨ ਰੂਪ ਵਿਚ ਜਾਗਰੂਕ ਵਿਅਕਤੀ ਹੈ। ਇਹ ਸਭ ਕਵੀ ਦੇ ਅਨੁਭਵ ਵਿਚੋਂ ਸਹਿਜ ਹੀ ਕਵਿਤਾ ਦਾ ਰੂਪ ਧਾਰਨ ਕਰਦਾ ਹੈ। ਅਨੁਭਵ ਦੀ ਇਸ ਸਹਿਜ ਪੇਸ਼ਕਾਰੀ ਨੂੰ ਜੇ ਅਸੀਂ ਪ੍ਰਗਤੀਸ਼ੀਲਤਾ ਦਾ ਨਾਮ ਦੇਣਾ ਹੋਵੇ ਤਾਂ ਦੇ ਸਕਦੇ ਹਾਂ। ਇਸ ਪ੍ਰਕਾਰ ਦੀ ਪੇਸ਼ਕਾਰੀ 'ਉਸ ਮਿਟੀ ਵਿਚ' ਦੀਆਂ ਰਚਨਾਵਾਂ ਵਿਚ ਵੇਖੀ ਜਾ ਸਕਦੀ ਹੈ :

ਕਿੰਨਾ ਚੰਗਾ ਲਗਦਾ ਹੈ
ਰਾਜਨੀਤੀ ਦੀ ਮੀਸਣੀ ਅੱਖ ਨੂੰ
ਤਾੜਦੇ ਰਹਿਣਾ
ਦਿਨ ਪ੍ਰਤੀਦਿਨ
ਉਸਦੀ ਸ਼ਬਦਾਵਲੀ ਦੇ
ਬਦਲਦੇ ਤੇਵਰਾਂ ਨਾਲ
ਸੰਵਾਦ ਰਚਾਉਣ ਦੇ ਠਰਕ ਨੂੰ
ਜਗਾਈ ਰੱਖਣਾ
ਤੇ ਠਹਾਕਿਆਂ ਦੀ ਗੂੰਜ ਵਿਚੋਂ
ਯਥਾਰਥ ਦੇ ਹਰਫ ਲਭਦਿਆਂ ਲਭਦਿਆਂ
ਭੁਲੇਖੇ ਦੀ ਅੰਨ੍ਹੀ ਖੋਹ ਵਿਚ
ਤਿਲਕਦੇ ਰਹਿਣਾ।

ਇਹ ਸਤਰਾਂ ਸਾਡੇ ਆਸਪਾਸ ਪੱਸਰੇ ਹੋਏ ਭ੍ਰਿਸ਼ਟਾਚਾਰ ਦੀ ਪਛਾਣ ਕਰਾਉਂਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ ਅਤੇ ਉਸਦੀਆਂ ਉਹ ਕਵਿਤਾਵਾ ਵੀ ਇਸ ਸੰਗ੍ਰਹਿ ਵਿਚ ਸਾਮਿਲ ਹਨ. ਜਿਥੇ 'ਲੋਕਤਾ ਲਈ ਸਮਰਪਣ' ਕਰਨ ਵਾਲਾ ਉਸਦਾ ਨਾਇਕ ਲੋਕਤਾ ਤੋਂ ਬੇਮੁੱਖ ਹੋ ਕੇ 'ਆਪਣੀ ਜ਼ਮੀਰ ਦੇ ਸੰਵੇਦਨ ਨੂੰ ਵਰਤਮਾਨ ਦੀ ਮਿੱਟੀ ਹੇਠ ਦਫਨ' ਕਰ ਦਿੰਦਾ ਹੈ। ਇਸ ਪ੍ਰਕਾਰ ਦੀ ਸਾਰੀ ਸਥਿਤੀ ਦਾ ਜੋ ਬੌਧਿਕ ਵਿਸ਼ਲੇਸ਼ਨ ਇਸ ਕਵਿਤਾ ਵਿਚ ਹੋਇਆ ਹੈ ਇਹ ਨਿਸ਼ਚੇ ਹੀ ਜੁਗਿੰਦਰ ਅਮਰ ਦੀ ਕਵਿਤਾ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ :

ਪਰ
ਇਹ ਕਿਸ ਨੂੰ ਪਤਾ ਸੀ
ਕਿ ਉਹ ਅਚਾਨਕ
ਜੀਵਨ ਦੇ ਸੁਖ ਆਰਾਮ ਦੇ ਝੂਠ ਨੂੰ
ਲੋਕਤਾ ਲਈ ਤਿਆਗਣ ਤੋਂ
ਮੁਨਕਰ ਹੋ ਜਾਏਗਾ
ਤੇ ਆਪਣੇ ਸ਼ੁਭ ਚਿੰਤਕਾਂ ਵਲ
ਪਿੱਠ ਕਰੇ
ਸਵਾਰਥ ਦੀ ਲਾਲਸਾ ਦਾ
ਹੱਥ-ਬੰਨ੍ਹ ਗੁਲਾਮ ਬਣ ਜਾਏਗਾ
ਉਹਦੇ ਰੁਝੇਵਿਆਂ ਦੇ ਸੁਆਂਗ
ਉਸਨੂੰ ਦਿਨੋ ਦਿਨ ਲਾਸ਼ ਬਣਦੀ ਜਾ ਰਹੀ
ਲੋਕਤਾ ਤੇ
ਇਕ ਹੌਕਾ ਭਰਨ ਦਾ
ਵਿਹਲ ਵੀ ਨਹੀਂ ਦੇਣਗੇ।

8559

ਇਸ ਸੰਗ੍ਰਹ ਦੀਆਂ ਗਜ਼ਲਾਂ ਵਿਚ ਵੀ ਲਗਭਗ ਉਹੀ ਥੀਮ ਪੇਸ਼ ਹੋਏ ਹਨ ਜਿਹੜੇ ਉਸਦੀਆਂ ਦੂਸਰੀਆਂ ਕਵਿਤਾਵਾਂ ਵਿਚ ਹਨ। ਰਾਜਨੀਤਕ ਅਤੇ ਸਮਾਜਕ ਸਥਿਤੀ ਦੀ ਵਿਅੰਗਾਤਮਕ ਪੇਸ਼ਕਾਰੀ ਗਜ਼ਲਾਂ ਸਮੇਤ ਇਸ ਸੰਗ੍ਰਹਿ ਦੀਆਂ ਰਚਨਾਵਾਂ ਦੀ ਵਿਸ਼ੇਸ਼ਤਾ ਹੈ। ਵਿਅੰਗ ਜੁਗਿੰਦਰ ਅਮਰ ਦੀਆਂ ਕਵਿਤਾਵਾਂ ਦੀ ਇਕ ਮਹਤਵਪੂਰਨ ਰਚਨਾ ਜੁਗਤ ਹੈ :

ਕਿੰਨੇ ਭੋਲ਼ੇ ਨੇ ਉਹ ਲੋਕ
ਜੋ ਚੜਦੇ ਸੂਰਜ ਦੀ
ਗੋਰੀ ਧੁਪ ਨੂੰ
ਸਲ਼ਾਮਾ ਕਰਦੇ ਨਹੀਂ ਥੱਕਦੇ
ਪਰ [illegible] ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਅੰਗ ਸੰਗ ਰੱਖਣਾ
ਕਦੇ ਨਹੀਂ ਭੁਲਦੇ।
ਕਿੰਨੇ ਭੋਲੇ ਨੇ ਉਹ ਲੋਕ।

'ਉਸ ਮਿੱਟੀ ਵਿਚ' ਸ਼ਾਮਿਲ ਗਜ਼ਲਾਂ ਨਾਲ ਜੁਗਿੰਦਰ ਅਮਰ ਦੀ ਕਾਵਿ-ਰਚਨਾ ਵਿਚ ਇਕ ਨਵਾਂ ਪਾਸਾਰ ਆ ਜੁੜਦਾ ਹੈ, ਪਰ ਇਸ ਤੋਂ ਅਗਲੀ ਕਾਵਿ-ਪੁਸਤਕ *'ਆਲ੍ਹਣਾ ਨਾ ਪਾਈ'* (1992) ਇਸ ਦ੍ਰਿਸ਼ਟੀ ਤੋਂ ਹੋਰ ਵੀ ਵਧੇਰੇ ਮਹਤਵਪੂਰਨ ਪੁਸਤਕ ਕਹੀ ਜਾ ਸਕਦੀ ਹੈ। 'ਆਂਲ੍ਹਣਾ ਨਾ ਪਾਈ' ਇਸ ਕਵੀ ਦਾ ਪੰਜਵਾ ਅਤੇ ਹੁਣ ਤਕ ਦਾ ਨਵੀਨਤਮ ਕਾਵਿ-ਸੰਗ੍ਰਹਿ ਹੈ। ਇੰਜ ਉਸਨੇ ਆਪਣੀ ਕਾਵਿ-ਯਾਤ੍ਰਾ ਜਿਹੜੀ 1970 ਵਿਚ ਅਪਣੇ ਪਹਿਲੇ ਕਾਵਿ-ਸੰਗ੍ਰਹਿ 'ਤਰਤੀਬ' ਦੇ ਪ੍ਰਕਾਸ਼ਨ ਤੋਂ ਆਰੰਭ ਕੀਤੀ ਸੀ, ਇਹ ਪੁਸਤਕ ਉਸ ਵਿਕਾਸ-ਯਾਤ੍ਰਾ ਦਾ ਪੰਜਵਾ ਪੜਾਅ ਹੈ। ਇਸ ਲੰਮੇ ਕਾਵਿ ਸਫਰ ਦੇ ਦੌਰਾਨ ਉਸਦੀ ਕਾਵਿ-ਪ੍ਰਤਿਭਾ ਨੇ ਨਿਸ਼ਚਿਤ ਵਿਕਾਸ ਕੀਤਾ ਹੈ। 'ਤਰਤੀਬ' ਵਿਚਲੀਆਂ ਅਨੁਭਵ ਨੂੰ ਵਿਦਾ-ਬਿੰਦੂ ਬਣਾ ਕੇ ਲਿਖੀਆਂ ਸਰਲ, ਸਪਸ਼ਟ ਕਥਨ ਦੀਆਂ ਕਵਿਤਾਵਾਂ ਤੋਂ 'ਆਲ੍ਹਣਾ ਨਾ ਪਾਂਈ' ਵਿਚਲੀਆਂ ਪੁਰਾਣ-ਕਥਾਵਾਂ ਨੂੰ ਪ੍ਰੇਰਨਾ-ਬਿੰਦੂ ਬਣਾ ਕੇ ਲਿਖੀਆਂ ਕਵਿਤਾਵਾਂ ਅਸਲੋਂ ਵੱਖਰੀਆਂ ਹਨ। ਮਨੁਖ ਦੇ ਮਨ ਅੰਦਰਲੀ ਜਟਿਲਤਾ, ਰਾਜਨੀਤਕ ਅਤੇ ਸਮਾਜਕ ਸਥਿਤੀਆਂ ਅਤੇ ਸਮਸਿਆਵਾਂ ਦੇ ਪ੍ਰਸੰਗ ਵਿਚ ਮਿਥਾਂ ਦਾ ਵਿਸਥਾਰ ਕਰਦੀਆਂ ਕਵਿਤਾਵਾਂ ਉਸਦੇ ਰਚਨਾ-ਕਾਲ ਵਿਚ ਪਛਾਣਨਯੋਗ ਹਸਤਾਖਰ ਕਹੀਆਂ ਜਾ ਸਕਦੀਆਂ ਹਨ।

ਇਸ ਕਾਵਿ-ਪੁਸਤਕ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਦੀਆਂ ਕਾਵਿ-ਰਚਨਾਵਾਂ ਕਵੀ ਦੀ ਜਾਣੀ-ਪਛਾਣੀ ਰਚਨਾ-ਸ਼ੈਲੀ ਦਾ ਹੀ ਅਨੁਸਰਣ ਕਰਦੀਆਂ ਹਨ। ਪਰ, ਇਥੇ ਵੀ ਉਹ ਆਪਣੇ ਸਮਕਾਲੀਆਂ ਤੋਂ ਵੱਖਰਾਂ ਪਛਾਣਿਆਂ ਜਾ ਸਕਦਾ ਹੈ। ਜੁਗੰਦਰ ਅਮਰ ਨੇ ਚਿੰਤਨ ਨੂੰ ਕਾਵਿ-ਰਚਨਾ ਉਪਰ ਕਦੇ ਵੀ ਭਾਰੂ ਨਹੀਂ ਹੋਣ ਦਿੱਤਾ। ਉਸਨੇ ਆਪਣੇ ਆਪ ਨੂੰ ਕਵੀ ਦੇ ਰੂਪ ਵਿਚ ਆਮ-ਪ੍ਰਵਾਨਗੀ ਦੀ ਖਾਤਰ, ਸ਼ੇਰ ਅਤੇ ਭਾਵੁਕਤਾ ਦਾ ਰਸਤਾ ਵੀ ਨਹੀਂ ਚੁਣਿਆ। ਉਸਦੀ ਕਵਿਤਾ ਭਾਵੁਕਤਾ ਤੋਂ ਇਕ ਵਿੱਥ ਥਾਪ ਕੇ ਰਚੀ ਹੋਈ ਕਵਿਤਾ ਹੈ। ਮਾਨਵੀ ਰਿਸ਼ਤਿਆਂ ਦੀ ਜਟਿਲਤਾ ਨੂੰ ਉਹ ਜਦੋਂ ਵਿਸ਼ਾ ਬਣਾਉਂਦੀ ਹੈ ਤਾਂ ਅਨੁਭਵ ਦੇ ਦਰਸ਼ਕ ਵਾਂਗ ਕਵੀ ਉਥੇ ਹਾਜ਼ਰ ਹੁੰਦਾ ਹੈ :

ਰਾਤ ਜਦੋਂ
ਤੁਪਕਾ ਤੁਪਕਾ ਜੀਰਦੀ ਹੈ
ਉਦੋਂ
ਨਿੰਮੀ ਜਹੀ ਰੋਸ਼ਨੀ ਦੀ
ਅੱਧ ਖੁਲ੍ਹੀ ਅੱਖ ਵਿਚ ਤੁਰਦੇ
ਰਿਸ਼ਤਿਆਂ ਦੇ ਸੰਵਾਦ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਸ਼ਤਰ ਵਰਗੀ ਤੇਜ ਤਿੱਖੀ ਤੋਰ ਤੇ
ਕਿੰਨਾ ਭਰੋਸਾ. ਹੁੰਦਾ ਹੈ

ਵਰਤਮਾਨ, ਜਿਸਦੀ ਪਛਾਣ ਸੁਆਰਥ ਦੀ ਰਾਜਨੀਤੀ ਜਾਂ ਰਾਜਨੀਤੀ ਦੀ ਪੈਂਤੜੇਬਾਜ਼ੀ ਦੇ ਫਲਸਰੂਪ 'ਸੰਪ੍ਰਦਾਇਕਤਾ ਦਾ ਵਿਹੁ-ਵਲਿੱਸਾ ਵਾਤਾਵਰਣ ਪੈਦਾ ਹੋ ਗਿਆ ਹੈ ਆਮ ਮੱਨੁਖ ਲਈ ਬੇਬਸੀ ਦੀ ਸਥਿਤੀ ਹੈ। ਇਹ ਸਥਿਤੀ ਅਸੁਖਾਵੇਪਨ ਅਤੇ ਸੰਤਾਪ ਤੋਂ ਬਿਨਾਂ ਕੁਝ ਹੋਰ ਦੇ ਹੀ ਨਹੀਂ ਸਕਦੀ। ਇਸ ਜ਼ਹਿਰੀਲੇ ਵਾਤਾਵਰਣ ਤੋਂ ਮੁਕਤੀ ਦਾ ਜੇ ਕੋਈ ਸਾਧਨ ਹੈ ਤਾਂ ਉਹ ਹੈ ਖਾਮੋਸ਼ੀ ਦੇ ਹਨੇਰੇ ਨੂੰ ਆਪਣੇ ਅੰਦਰ ਸਿਰਜ ਕੇ ਉਸ ਵਿਚ ਜਾ ਬੈਠਣਾ। ਜੁਗਿੰਦਰ ਅਮਰ ਦੀਆਂ ਕਵਿਤਾਵਾਂ ਇਸ ਸਾਰੀ ਸਥਿਤੀ ਦਾ ਚੇਤਨ ਪੱਧਰ ਉਪਰ ਵਿਸ਼ਲੇਸ਼ਨ ਕਰਦੀਆਂ ਹਨ ਅਤੇ ਵਿਸ਼ਲੇਸ਼ਨ ਕਰਦਾ ਹੋਇਆ ਇਨ੍ਹਾਂ ਦਾ ਨਾਇਕ ਵੀ ਇਹੀ ਰਸਤਾ ਅਖਤਿਆਰ ਕਰਦਾ ਹੈ। ਪਰ, ਉਹ ਜਾਣਦਾ ਹੈ ਕਿ ਅੰਤ ਵਿਚ ਉਸਨੂੰ ਹੀ ਨਾਇਕ ਬਣਨਾ ਪਵੇਗਾ, ਪੱਥ ਪ੍ਰਦਰਸ਼ਕ ਬਣਨਾ ਪਵੇਗਾ, ਨਾਇਕ ਬਣਨਾ ਪਵੇਗਾ। ਇਹ ਲਗਭਗ ਉਹੀ ਸਥਿਤੀ ਹੈ ਜਿਸ ਵਲ ਸੰਕੇਤ ਅਸੀਂ 'ਦੂਜਾ ਸੂਰਜ' ਦੀਆਂ ਕਵਿਤਾਵਾਂ ਬਾਰੇ ਗਲ ਕਰਨ ਸਮੇਂ ਵੀ ਕੀਤਾ ਸੀ :

ਇਹ ਨਿਸ਼ਚਿਤ ਹੈ
ਕਿ ਉਹ ਦਿਨ ਵੀ ਆਏਗਾ
ਜਦੋਂ
ਬਿਫਰੇ ਦਰਿਆਵਾਂ
ਤੇ ਸ਼ੂਕਦੇ ਝੱਖੜਾ ਦੇ ਵੇਗ ਨੂੰ
ਮਾਨਵ ਦੇ ਰਾਹਾਂ ਤੋਂ
ਇਕ ਫਾਸਲੇ ਤੇ ਰੱਖਣ ਲਈ
ਕੇਵਲ ਉਹ ਹੀ
ਪੱਥ ਪ੍ਰਦਰਸ਼ਕ ਬਣੇਗਾ!

ਇਸ ਪ੍ਰਕਾਰ ਦੇ ਭੈਭੀਤ ਕਰਨ ਵਾਲੇ ਵਾਤਾਵਰਣ ਵਿਚ ਆਪਣੇ ਅੰਦਰ ਵੜ ਕੇ ਬਹਿ ਜਾਣਾ ਸੱਮਸਿਆ ਦਾ ਕੋਈ ਹਲ ਨਹੀਂ, ਇਸ ਸਥਿਤੀ ਨਾਲ ਜੂਝਣਾ ਪਵੇਗਾ ਅਤੇ ਇਸ ਲਈ ਇਕ ਵਿਸ਼ਵਾਸ ਪੈਦਾਂ ਕਰਨ ਦੀ ਲੋੜ ਹੈ। ਇਨ੍ਹਾਂ ਕਵਿਤਾਵਾਂ ਦਾ ਨਾਇਕ ਆਪਣੇ ਆਲ-ਦੁਆਲੇ ਪੱਸਰੇ ਹੋਏ ਹਨੇਰੇ ਤੋਂ ਇਸੇ ਵਿਸ਼ਵਾਸ ਨਾਲ ਮੁਕਤੀ ਲਈ ਯਤਨਸ਼ੀਲ ਹੈ। ਸੰਕਲਪ, ਧਰਮ, ਨਿੱਕਾ ਨਿੱਕਾ ਸੱਚ, ਆਲ੍ਹਣਾ ਨਾ ਪਾਈਂ, ਅਸੀਂ ਜਾਣਦੇ ਹਾਂ, ਖਾਮੋਸ਼ੀ ਦਾ ਹਨੇਰਾ, ਆਦਿ ਇਸ ਭਾਗ ਦੀਆਂ ਕੁਝ ਹੋਰ ਮਹਤਵਪੂਰਨ ਰਚਨਾਵਾਂ ਹਨ।

ਪਰ, ਆਲ੍ਹਣਾ ਨਾ ਪਾਈਂ ਦੀਆਂ ਜਿਨ੍ਹਾਂ ਕਵਿਤਾਵਾਂ ਨੂੰ ਅਸੀਂ ਜੁਗਿੰਦਰ ਅਮਰ ਦੇ ਕਾਵਿ ਸਫਰ, ਵਿਚ ਅਤੇ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਨਿਸ਼ਚਿਤ ਵਿਕਾਸ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਚਕ ਕਵਿਤਾਵਾਂ ਕਹਿ ਸਕਦੇ ਹਾਂ. ਉਹ ਪੁਸਤਕ ਦੇ ਦੂਜੇ ਭਾਗ ਵਿਚ ਸ਼ਾਮਿਲ ਹਨ। ਇਸ ਭਾਗ ਦੀਆਂ ਸਾਰੀਆ ਕਵਿਤਾਵਾਂ ਦਾ ਪ੍ਰੇਰਨਾ-ਬਿੰਦੂ ਭਾਰਤੀ ਮਿਥਹਾਸ ਹੈ। ਇਹ ਕਵਿਤਾਵਾਂ ਪੁਰਾਣਕਥਾਵਾਂ ਨੂੰ ਸਮਕਾਲੀਨ ਮੱਨੁਖੀ ਸੰਦਰਭ ਵਿਚ ਸਥਿਤ ਕਰਕੇ ਉਨ੍ਹਾਂ ਦਾ ਵਿਸਥਾਰ ਕਰਦੀਆ ਹਨ। ਡਾ. ਹਰਿਭਜਨ ਸਿੰਘ ਪੁਸਤਕ ਦੇ ਇਸ ਭਾਗ ਦੀ ਭੂਮਿਕਾ ਵਿਚ ਇਨ੍ਹਾਂ ਕਵਿਤਾਵਾਂ ਨੂੰ ਜੁਗਿੰਦਰ ਅਮਰ ਦੀ ਰਚਨਾਕਾਰੀ ਵਿਚ ਇਕ ਨਵੇ ਮੋੜ ਦੀਆਂ ਸੂਚਕ ਕਹਿੰਦਾ ਹੈ। ਉਸ ਅਨੁਸਾਰ ਇਹ ਰਚਨਾਵਾ ਉਸ ਨੂੰ ਆਪਣੇ ਦੂਜੇ ਸਮਕਾਲੀਆ ਤੋਂ ਵਖਰਿਆਂਦੀਆਂ ਹਨ ਅਤੇ ਖ਼ੁਦ ਉਹਨੂੰ ਆਪਣੇ ਪੂਰਬਲੇ ਬਿੰਬ ਤੋਂ ਨਿਖੇੜਦੀਆਂ ਹਨ। ਉਂਜ ਤਾਂ ਲਗਭਗ ਸਾਰੀਆਂ ਪੁਰਾਣ ਕਥਾਵਾ ਹੀ ਮੱਨੁਖੀ ਹੋਂਦ ਨੂੰ ਹੀ ਅਰਥ ਦੇਣ ਦਾ ਪ੍ਰਮਾਣ ਪੇਸ਼ ਕਰਦੀਆਂ ਹਨ, ਪਰ ਸਮੇਂ ਦੇ ਅੰਤਰਾਲ ਨਾਲ ਇਨ੍ਹਾਂ ਦੇ ਮੱਨੁਖੀ ਸੰਦਰਭ ਧੁੰਧਲੇ ਹੋ ਜਾਂਦੇ ਹਨ। ਜੁਗਿੰਦਰ ਅਮਰ ਇਨ੍ਹਾਂ ਕਥਾਵਾਂ ਨੂੰ ਮੁੜ ਮੱਨੁਖੀ ਸੰਦਰਭ ਵਿਚ ਸਥਿਤ ਕਰਕੇ ਇਨ੍ਹਾਂ ਦੀ ਗੁਆਚੀ ਸਾਰਥਕਤਾ ਅਤੇ ਪ੍ਰਾਸੰਗਿਕਤਾ ਨੂੰ ਮੁੜ ਉਜਾਗਰ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਉਸਦੀ ਕਵਿਤਾ 'ਸਮੁੰਦਰ ਮੰਥਨ' ਵਿਚਾਰੀ ਜਾ ਸਕਦੀ ਹੈ। ਇਸ ਵਿਚ ਸਮੁੰਦਰ ਮੰਥਨ ਦੇ ਅੰਤਰੀਵ ਸੰਦੇਸ਼ ਦੀ ਪੁਨਰ ਪੇਸ਼ਕਾਰੀ ਹੋਈ ਹੈ। ਕਵੀ ਕਹਿੰਦਾ ਪ੍ਰਤੀਤ ਹੁੰਦਾ ਹੈ ਕਿ ਸਮੁੰਦਰ ਮੰਥਨ ਮਿਥਿਕ ਕਾਲ ਦੀ ਹੀ ਮਜਬੂਰੀ ਨਹੀਂ ਸੀ ਇਹ ਤਾ ਹਰ ਸਮੇਂ ਦੀ ਲੋੜ ਹੈ। ਇਸ ਮੰਥਨ ਨਾਲ ਕਦੀ ਅੰਮ੍ਰਿਤ ਨਿਕਲਦਾ ਹੈ ਅਤੇ ਕਦੀ ਵਿਸ਼ ਅੰਮ੍ਰਿਤ ਕੋਲੋਂ ਪਹਿਲ ਚੁਰਾ ਲੈਂਦਾ ਹੈ। ਸਾਡਾ ਸਮਾਂ ਵਿਸ਼ ਦਾ ਸਮਾਂ ਹੈ। ਇਸੇ ਪ੍ਰਕਾਰ ਇਥੇ ਦੇਵਯਾਨੀ ਦੀ ਤਾਲਾਸ਼ ਵੀ ਸਿਰਫ ਮਿਥਕ ਯਯਾਤੀ ਨੂੰ ਹੀ ਨਹੀਂ ਸੀ। ਯਯਾਤੀ ਤਾਂ ਹਰ ਕਾਲ ਵਿਚ ਹਰ ਮੱਨੁਖ ਵਿਚ ਮੌਜੂਦ ਹੈ। ਪੁਰਾਣ ਕਥਾਵਾ ਤੋਂ ਪ੍ਰੇਰਿਤ ਇਹ ਅਤੇ ਇਸ ਭਾਗ ਦੀਆਂ ਹੋਰ ਕਵਿਤਾਵਾਂ ਦੀ ਇਕ ਹੋਰ ਵਿਸ਼ੇਸ਼ਤਾ ਇਸ ਵਿਚ ਹੈ ਕਿ ਇਨ੍ਹਾਂ ਨੂੰ ਪੜ੍ਹਨ ਸਮੇਂ ਮਿੱਥ ਦੇ ਪੂਰੇ ਵੇਰਵੇ ਅਤੇ ਬਿਰਤਾਂਤ ਨੂੰ ਸਮਝਣ ਦੀ ਕੋਈ ਲੋੜ ਨਹੀਂ। ਇਹ ਕਵਿਤਾਵਾਂ ਮਿੱਥ ਨਾਲ ਸੰਬੰਧਤ ਹੋਕੇ ਵੀ ਮਿੱਥ ਤੋਂ ਸੁਤੰਤਰ ਆਪਣਾ ਪ੍ਰਸੰਗ ਸਿਰਜਦੀਆਂ ਹਨ ਅਤੇ ਇਸੇ ਪ੍ਰਸੰਗ ਵਿਚ ਹੀ ਇਨ੍ਹਾਂ ਦਾ ਅਰਥ ਪਿਆ ਹੈ। ਇਕ ਟੈਕਸਟ ਦੇ ਆਧਾਰ ਉਪਰ ਦੂਜੀ ਟੈਕਸਟ ਦੀ ਰਚਨਾ ਕਰਨਾ ਖਾਸੀ ਸਮਰਥਾ ਦੀ ਮੰਗ ਕਰਦਾ ਹੈ ਕਿਉਂਕ ਇਥੇ ਰਚਨਾਕਰ ਨੇ ਦੋਹਰੀ ਵਫਾ ਨਿਭਾਉਣੀ ਹੁੰਦੀ ਹੈ। ਪਰ, 'ਆਲ੍ਹਣਾ ਨਾ ਪਾਈਂ' ਦਾ ਕਵੀ ਇਸ ਕਠਿਨ ਕਾਰਜ ਨੂੰ ਨਿਭਾ ਸਕਣ ਦੀ ਸਮਰਥਾ ਦਾ ਪੂਰਣ ਪਰਿਚੈ ਦੇਂਦਾ ਹੈ।

ਜੁਗਿੰਦਰ ਅਮਰ ਪੰਜਾਬੀ ਕਾਵਿ-ਰਚਨਾ ਵਿਚ ਅੱਜ ਸ਼ਾਇਦ ਸਭ ਤੋਂ ਵਧ ਸਕ੍ਰੀਏ ਕਵੀ ਕਿਹਾ ਜਾ ਸਕਦਾ ਹੈ। 'ਆਲ੍ਹਣਾ ਨਾ ਪਾਈਂ' ਲਿਖਣ ਵਾਲੇ ਇਸ ਕਵੀ ਨੇ ਅਜੇ ਆਲ੍ਹਣਾ ਪਾ ਕੇ ਬਿਸਰਾਮ ਕਰਨ ਦਾ ਵਿਚਾਰ ਨਹੀਂ ਕੀਤਾ। ਹੁਣੇ ਜਿਹੇ ਉਸਦੀ ਇਕ ਲੰਮੀ ਕਵਿਤਾ 'ਦੁਰਵਾਸਾ' ਦੇ ਕੁਝ ਅੰਸ਼ ਮਾਸਿਕ ਪਤਰ 'ਅਕਸ' ਵਿਚ ਪ੍ਰਕਾਸ਼ਿਤ ਹੋਏ ਹਨ। 'ਦੁਰਵਾਸਾ' ਇਕ ਵਾਰ ਫਿਰ ਭਾਰਤੀ ਮਿਥਿਹਾਸ ਤੋਂ ਪ੍ਰੇਰਨਾ ਪ੍ਰਾਪਤ ਕਰਦੀ ਪ੍ਰਤੀਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦੀ ਹੈ। ਮਿਥਿਹਾਸ ਨੂੰ ਕਵੀ ਵਰਤਮਾਨ ਵਿਚ ਸਥਿਤ ਕਰਕੇ ਉਸਨੂੰ ਸਰਬਵਿਆਪੀ ਅਰਥ ਦੇਣ ਵਿਚ ਯਤਨਸ਼ੀਲ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ 'ਆਲ੍ਹਣਾ ਨਾ ਪਾਈਂ' ਵਿਚ ਉਸਨੇ ਜਿਹੜੀ ਨਵੀਂ ਥੀਮ ਦੀ ਭਾਲ ਕੀਤੀ ਸੀ। ਉਸ ਨਾਲ ਉਹ ਇਸ ਨਵੀਂ ਲੰਮੀ ਕਵਿਤਾ ਰਾਹੀਂ ਸਾਝ ਪੱਕੀ ਕਰਨ ਦੇ ਆਹਰ ਵਿਚ ਹੈ।

ਗੁਰੂਕੁਲ ਕਾਂਗੜੀ ਵਿਸ਼ਵਵਿਦਿਆਲਯ

FORWARDED FREE OF COST &
WITH THE COMPLIMENTS OF
THE DEPARTMENT OF
EDUCATION GOVT. OF INDIA,
NEW DELHI.

8550

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY

	Signature	Date
Accession		30/3/84
Classion		
Caton		
Tag etc		
Filing		
E.A.R.		
Any other		
Checked		

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕ, ***ਸਾਹਿਤ ਸਿਧਾਂਤ ਅਤੇ ਸਮੀਖਿਆ*** ਡਾ. ਅਮਰੀਕ ਸਿੰਘ ਪੁੰਨੀ ਰਚਿਤ ਸਮੀਖਿਆ ਦੇ ਨਵੇਂ ਪੜਾਅ ਨੂੰ ਪ੍ਰਗਟ ਕਰਦੀ ਹੈ, ਕਿਉਂਕਿ ਪੰਜਾਬੀ ਸਮੀਖਿਆ ਦੇ ਸਮਕਾਲੀ ਦੌਰ ਵਿੱਚ ਸਮੀਖਿਆ ਇਕ ਨਵੀਂ ਦਿਸ਼ਾ ਵਲ ਤੁਰੀ ਹੈ। ਪਿਛਲਾ ਦੌਰ ਰੂਪਵਾਦੀ, ਸੰਰਚਨਾਵਾਦੀ ਅਤੇ ਮਾਰਕਸਵਾਦੀ ਸਮੀਖਿਆ ਦਾ ਸੀ। ਇਸ ਤੋਂ ਪਿਛੋਂ ਵਿਸ਼ਵ-ਸਮੀਖਿਆ ਵਿੱਚ ਵੀ ਪਰਿਵਰਤਨ ਵਾਪਰੇ ਹਨ ਅਤੇ ਸਮਕਾਲੀ ਪੰਜਾਬੀ ਸਮੀਖਿਆ ਵਿੱਚ ਵੀ। ਉੱਤਰ-ਸੰਰਚਨਾਵਾਦੀ ਦੌਰ ਵਿਚ ਪੂਰਬੀ ਵਿਸ਼ਵ-ਸਾਹਿਤ-ਦ੍ਰਿਸ਼ਟੀ ਨੂੰ ਵੀ ਘੋਖਿਆ ਜਾ ਰਿਹਾ ਹੈ ਅਤੇ ਸਮੀਖਿਆ ਸਿਧਾਂਤਾਂ ਵਿੱਚ ਇਕ ਨਵਾਂ ਸੰਤੁਲਨ ਸਾਹਮਣੇ ਆ ਰਿਹਾ ਹੈ। ਡਾ. ਪੁੰਨੀ ਨੇ ਇਸ ਸੰਤੁਲਨ ਦੀ ਚੇਤਨਾ ਨਾਲ ਇਸ ਪੁਸਤਕ ਵਿਚ ਸਮੀਖਿਆ ਦੇ ਸਿਧਾਂਤਕ ਪਹਿਲੂਆਂ ਨੂੰ ਵੀ ਚੇਤੰਨ ਰੂਪ ਵਿਚ ਵਿਚਾਰਿਆ ਹੈ ਅਤੇ ਪੰਜਾਬੀ ਸਾਹਿਤ ਦੇ ਵਿਭਿੰਨ ਪਾਠਾਂ ਦੀ ਸਮੀਖਿਆ ਕਰਨ ਲੱਗਿਆਂ ਵੀ ਇਸ ਸੰਤੁਲਿਤ ਦ੍ਰਿਸ਼ਟੀ ਨੂੰ ਆਧਾਰ ਬਣਾਇਆ ਹੈ। ਇਉਂ ਇਸ ਪੁਸਤਕ ਦਾ ਸੰਬੰਧ ਨਵੀਂ ਪੰਜਾਬੀ ਆਲੋਚਨਾ ਨਾਲ ਸਥਾਪਿਤ ਹੁੰਦਾ ਹੈ।

ਪ੍ਰੋ. ਸੁਤਿੰਦਰ ਸਿੰਘ ਨੂਰ

ਲੇਖਕ

ਅਮਰੀਕ ਸਿੰਘ ਪੁੰਨੀ (ਜਨਮ : 1943)

ਦਿੱਲੀ ਯੂਨੀਵਰਸਿਟੀ ਤੋਂ ਐਮ.ਏ. ਅਤੇ ਪੀ.ਐਚ.ਡੀ.। ਇਸੇ ਯੂਨੀਵਰਸਿਟੀ ਦੇ ਹੀ ਵਿਭਿੰਨ ਕਾਲਜਾਂ ਵਿਚ ਅਧਿਆਪਨ ਤੋਂ ਬਾਅਦ 1980 ਤੋਂ ਦਿੱਲੀ ਯੂਨੀਵਰਸਿਟੀ ਦੇ ਹੀ ਪੰਜਾਬੀ ਵਿਭਾਗ ਵਿਚ ਅਧਿਆਪਨ ਨਾਲ ਸੰਬੰਧਿਤ।

ਸਾਹਿਤ ਸਿਧਾਂਤ ਅਤੇ ਸਮੀਖਿਆ ਲੇਖਕ ਦੀ ਤੀਸਰੀ ਆਲੋਚਨਾ ਪੁਸਤਕ ਹੈ। ਇਸ ਤੋਂ ਪਹਿਲਾਂ ਸੰਪਾਦਿਤ ਪੁਸਤਕਾਂ ਤੋਂ ਇਲਾਵਾਂ **ਸਿਰਜਣਾ ਅਤੇ ਸਮੀਖਿਆ** ਅਤੇ **ਪੂਰਨ ਸਿੰਘ ਕਾਵਿ-ਅਧਿਅਨ** ਪ੍ਰਕਾਸ਼ਿਤ ਹੋ ਚੁਕੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar